Punjabi Parwaz

# ਪੰਜਾਬੀ ਪਰਵਾਜ਼

ਅੰਕ 16ਵਾਂ (ਸ਼ਿਕਾਗੋ): 23 ਦਸੰਬਰ 2023 ਤੋਂ 5 ਜਨਵਰੀ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਪਰਦੇਸ ਗਏ ਵਿਦਿਆਰਥੀਆਂ ਲਈ ਵਧ ਰਹੇ ਸੰਕਟ

ਪੰਜਾਬੀ ਪਰਵਾਜ਼ ਬਿਊਰੋ

ਪਰਦੇਸਾਂ ਵਿੱਚ ਜਾ ਕੇ ਪੜ੍ਹਾਈ ਕਰਨ ਅਤੇ ਫਿਰ ਉੱਥੇ ਸੈਟਲ ਹੋਣ ਦੇ ਲਈ ਤਾਂਘਦੇ ਪੰਜਾਬੀ ਵਿਦਿਆਰਥੀਆਂ ਲਈ ਸੰਕਟ ਆਉਣ ਵਾਲੇ ਸਮੇਂ ਵਿੱਚ ਵਧਣ ਵਾਲੇ ਹਨ; ਜਾਂ ਇਉਂ ਕਹਿ ਲਓ ਕਿ ਹਰ ਆਏ ਦਿਨ ਵਧ ਹੀ ਰਹੇ ਹਨ। ਪਿਛਲੇ ਕੁਝ ਸਮੇਂ ਵਿਚ, ਖਾਸ ਕਰਕੇ ਯੂਕਰੇਨ ਅਤੇ ਰੂਸ ਵਿਚਕਾਰ ਜੰਗ ਲੱਗਣ ਤੋਂ ਬਾਅਦ, ਪਹਿਲਾਂ ਤੋਂ ਚੱਲ ਰਿਹਾ ਆਰਥਕ ਸੰਕਟ ਵਧ ਗਿਆ ਹੈ। ਹੁਣ ਇਜ਼ਰਾਇਲ ਵੱਲੋਂ ਫਲਿਸਤੀਨ 'ਤੇ ਕੀਤੇ ਗਏ ਹਮਲੇ ਨਾਲ ਇਹ ਅਮੋੜ ਹੋ ਗਿਆ ਲਗਦਾ ਹੈ। ਪਿਛਲੀ ਸਦੀ ਵਿੱਚ ਆਰਥਿਕ ਤੌਰ 'ਤੇ ਅੰਤਰ ਨਿਰਭਰ ਹੋ ਗਈ ਦੁਨੀਆਂ ਹੁਣ ਇੱਕ ਜਾਨ ਹੋਣ ਵੱਲ ਵਧ ਰਹੀ ਹੈ। ਇਸ ਹਾਲਤ ਵਿੱਚ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਜੇ ਪੰਛੀ ਵੀ ਪਰ ਮਾਰਦਾ ਹੈ ਤਾਂ ਇਸ ਦੀ ਆਵਾਜ਼ ਧਰਤੀ ਦੇ ਦੂਜੇ ਪਾਸੇ ਸੁਣਾਈ ਦਿੰਦੀ ਹੈ। ਜੰਗ ਦੇ ਅਸਰਾਂ ਨੇ ਤਾਂ ਪ੍ਰਭਾਵਤ ਕਰਨਾ ਹੀ ਹੋਇਆ।

ਧਰਤੀ ਦੇ ਦੋਵੇਂ ਪਾਸੇ ਲੱਗੀਆਂ ਦੋ ਭਿਆਨਕ ਜੰਗਾਂ ਨੇ ਇੱਕ ਪਾਸੇ ਤਾਂ ਮਨੁੱਖ ਦੇ ਅਖੌਤੀ ਸਭਿਅਕ ਹੋਣ ਦਾ ਜਨਾਜ਼ਾ ਕੱਢ ਦਿੱਤਾ ਹੈ, ਦੂਜੇ ਪਾਸੇ ਇਹ ਵੀ ਦਰਸਾ ਦਿੱਤਾ ਹੈ ਕਿ ਜੰਗਾਂ ਕਾਰਨ ਸਿੱਧੇ ਤੌਰ 'ਤੇ ਪ੍ਰਭਾਵਤ ਹੋ ਰਹੇ ਲੋਕਾਂ ਤੋਂ ਸਿਵਾਏ ਇਸ ਮਨੁੱਖੀ ਤ੍ਰਾਸਦੀ ਵੱਲੋਂ ਅਸਿਧੇ ਤੌਰ 'ਤੇ ਕਰੋੜਾਂ ਲੋਕਾਂ ਨੂੰ ਪ੍ਰਭਾਵਤ ਕੀਤਾ ਜਾ ਰਿਹਾ ਹੈ। ਇਨ੍ਹਾਂ ਜੰਗਾਂ ਨਾਲ 2008 ਵਿੱਚ ਸ਼ੁਰੂ ਹੋਇਆ ਆਰਥਕ ਸੰਕਟ (ਰਿਸੈਸ਼ਨ) ਅਮੋੜ ਹੋ ਗਿਆ ਲਗਦਾ ਹੈ। ਇਸੇ ਕਾਰਨ ਸਿੱਕੇ ਦੇ ਫੈਲਾਅ, ਮਹਿੰਗਾਈ, ਬੇਰੁਜ਼ਗਾਰੀ, ਕਾਰੋਬਾਰੀ ਸਪਲਾਈ ਚੇਨਾਂ ਦਾ ਠੱਪ ਹੋਣਾ ਅਤੇ ਕਾਰੋਬਾਰਾਂ ਦਾ ਠੱਪ ਹੋ ਜਾਣਾ ਦੁਨੀਆਂ ਦੇ ਹਰ ਮੁਲਕ ਨੂੰ ਪ੍ਰਭਾਵਤ ਕਰ ਰਿਹਾ ਹੈ। ਇਸ ਤੋਂ ਪਹਿਲਾਂ ਕੋਵਿਡ ਨੇ ਸਾਰੀ ਦੁਨੀਆਂ ਦੀ ਤੋਰ ਇੱਕ ਤਰ੍ਹਾਂ ਨਾਲ ਖੜ੍ਹੀ ਕਰ ਦਿੱਤੀ ਸੀ।

ਪੰਜਾਬ ਵਿੱਚੋਂ ਪਰਦੇਸਾਂ ਵਿੱਚ ਪੜ੍ਹਨ ਜਾਂਦੇ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਇਸ ਦੌਰ ਨੇ ਬੜੀ ਗਹਿਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਕੈਨੇਡਾ ਨੇ ਹਾਲ ਹੀ ਵਿੱਚ ਪੰਜਾਬ/ਭਾਰਤ ਤੋਂ ਪੜ੍ਹਨ ਜਾਂਦੇ ਵਿਦਿਆਰਥੀਆਂ ਦੀ ਖਰਚੇ ਪੱਤੇ ਵਾਲੀ ਰਕਮ ਦੁੱਗਣੀ ਕਰ ਦਿੱਤੀ ਹੈ। ਇਸ ਤੋਂ ਇਲਾਵਾ ਜਾਣਕਾਰਾਂ ਤੋਂ ਇਹ ਵੀ ਪਤਾ ਲੱਗ ਰਿਹਾ ਕਿ ਕੈਨੇਡਾ ਆਉਣ ਵਾਲੇ ਸਮੇਂ ਵਿੱਚ ਆਪਣੀ ਪੜ੍ਹਾਈ ਨੂੰ ਪੂਰੀ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੇ ਰਾਹ ਪੈਣ ਵਾਲਾ ਹੈ। ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਵਿੱਚੋਂ ਵੀ ਥੋੜ੍ਹੇ ਹੀ ਕੈਨੇਡਾ ਦੀ ਇਮੀਗਰੇਸ਼ਨ ਲੈ ਸਕਣਗੇ, ਬਾਕੀਆਂ ਨੂੰ ਆਪਣੀ ਪੜ੍ਹਾਈ ਪੂਰੀ ਕਰਕੇ ਵਾਪਸ ਪਰਤਣਾ ਪਵੇਗਾ। ਇੰਗਲੈਂਡ ਵੱਲੋਂ ਇਸ ਕਿਸਮ ਦੇ ਪ੍ਰਬੰਧ ਪਹਿਲਾਂ ਹੀ ਕੀਤੇ ਹੋਏ ਹਨ। ਉਧਰ ਪੀ.ਆਰ. ਦੇਣ ਪੱਖੋਂ ਆਸਟਰੇਲੀਆ ਪਰਦੇਸੀ ਵਿਦਿਆਰਥੀਆਂ ਦੀਆਂ ਲਕੀਰਾਂ ਕਢਾ ਦਿੰਦਾ ਹੈ। ਕੁੱਲ ਮਿਲਾ ਕੇ ਦ੍ਰਿਸ਼ ਧੁੰਦਲਾ

⇒ ਬਾਕੀ ਸਫਾ 4 ਉਤੇ ਪੜ੍ਹੋ




# ਕੀ 'ਇੰਡੀਆ' ਗੱਠਜੋੜ ਭਾਜਪਾ ਨੂੰ ਟੱਕਰ ਦੇ ਸਕੇਗਾ?

ਜਸਵੀਰ ਸਿੰਘ ਸ਼ੀਰੀ

ਅਠਾਈ ਵਿਰੋਧੀ ਪਾਰਟੀਆਂ ਵੱਲੋਂ ਕਾਇਮ ਕੀਤੇ ਗਏ ਗੱਠਜੋੜ ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲਿਊਸਿਵ ਅਲਾਇੰਸ (ਇੰਡੀਆ) ਦੀ ਮੀਟਿੰਗ ਦਿੱਲੀ ਵਿੱਚ ਹਾਲ ਹੀ ਵਿੱਚ ਆਯੋਜਤ ਕੀਤੀ ਗਈ। ਇਸ ਗੱਠਜੋੜ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਇਹ ਚੌਥੀ ਮੀਟਿੰਗ ਸੀ। ਪਹਿਲੀ ਮੀਟਿੰਗ 23 ਜੂਨ ਨੂੰ ਪਟਨਾ ਵਿੱਚ ਹੋਈ ਸੀ। ਦੂਜੀ 17-18 ਜੁਲਾਈ ਨੂੰ ਬੈਂਗਲੂਰੂ ਵਿੱਚ, ਜਦਕਿ ਤੀਜੀ ਮੀਟਿੰਗ ਅਗਸਤ 31 ਤੇ ਪਹਿਲੀ ਸਤੰਬਰ ਨੂੰ ਮੁੰਬਈ ਵਿੱਚ। ਐਨ.ਡੀ.ਏ. ਗੱਠਜੋੜ ਦੇ ਭਾਈਵਾਲ ਜਦੋਂ ਪਹਿਲੀਆਂ ਤਿੰਨ ਮੀਟਿੰਗਾਂ ਵਿੱਚ ਮਿਲੇ ਸਨ ਤਾਂ ਕਾਂਗਰਸ ਪਾਰਟੀ ਵਿੱਚ ਕਰਨਾਟਕਾ ਦੀ ਜਿੱਤ ਅਤੇ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਵੱਲੋਂ ਅਰਜਿਤ ਕੀਤੀ ਗਈ ਤਾਜ਼ੀ ਊਰਜਾ ਸੀ, ਪਰ ਹੁਣ ਤਿੰਨ ਵੱਡੇ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਹਾਰ ਦੀ ਨਿਰਾਸ਼ਾ ਪੱਲੇ ਹੈ। ਇਸ ਦੇ ਅਸਰ ਕਾਂਗਰਸ ਦੇ ਵਿਹਾਰ ਅਤੇ ਸਰੀਰਕ ਭਾਸ਼ਾ (ਬੀਹੇਵੀਅਰ ਐਂਡ ਬੌਡੀ ਲੈਂਗੁਏਜ) ਵਿੱਚੋਂ ਵੀ ਜ਼ਾਹਰ ਹੋਣ ਲੱਗੇ ਹਨ। ਇੰਡੀਆ ਗੱਠਜੋੜ ਦੇ ਭਾਈਵਾਲਾਂ ਵਿੱਚ ਹੋਈ ਤਾਜ਼ਾ ਨੇੜਤਾ ਨੂੰ ਭਾਜਪਾ ਦਾ ਸਭਨਾਂ ਵਿਰੋਧੀਆਂ ਪ੍ਰਤੀ ਪਾਰਲੀਮੈਂਟ ਵਿੱਚ ਅਪਨਾਇਆ ਜਾ ਰਿਹਾ ਹਮਲਾਵਰ ਰਵੱਈਆ ਹੋਰ ਪੱਕਿਆਂ ਕਰਨ ਦਾ ਸਬੱਬ ਬਣ ਰਿਹਾ ਹੈ।

ਹਾਲ ਹੀ ਵਿੱਚ ਹੋਈਆਂ ਪੰਜ ਰਾਜਾਂ ਦੀਆਂ ਅਸੈਂਬਲੀ ਚੋਣਾਂ ਦੌਰਾਨ ਕਾਂਗਰਸ ਨੂੰ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਛਤੀਸਗੜ੍ਹ ਜਿੱਥੇ ਕਾਂਗਰਸ ਪਾਰਟੀ ਨੂੰ ਜਿੱਤਣ ਦੀ ਆਸ ਸੀ, ਉਹ ਵੀ ਉਸ ਦੇ ਹੱਥੋਂ ਖਿਸਕ ਗਿਆ। ਰਾਜਸਥਾਨ ਵੀ ਆਪਣੀ ਸਰਕਾਰ ਦੇ ਹੁੰਦੇ-ਸੁੰਦੇ ਭਾਜਪਾ ਕੋਲ ਚਲਾ ਗਿਆ ਹੈ। ਕਾਂਗਰਸ ਸਿਰਫ ਤਿਲੰਗਾਨਾ ਵਿੱਚ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਰਹੀ ਹੈ। ਇਨ੍ਹਾਂ ਚੋਣਾਂ ਦੌਰਾਨ ਕਾਂਗਰਸ ਪਾਰਟੀ ਵਿੱਤੋਂ ਵੱਧ ਆਸ਼ਾਵਾਦੀ ਵਿਖਾਈ ਦੇ ਰਹੀ ਸੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ 'ਇੰਡੀਆ' ਗੱਠਜੋੜ ਵਿੱਚ ਜੁੜੀਆਂ ਕਈ ਪਾਰਟੀਆਂ ਵੀ ਕਾਂਗਰਸ ਨਾਲ ਖਹਿਬੜਦੀਆਂ ਨਜ਼ਰ ਆਈਆਂ। ਪੰਜ ਰਾਜਾਂ ਵਿੱਚ ਹੋਈਆਂ ਇਨ੍ਹਾਂ ਵਿਧਾਨ ਸਭਾ ਚੋਣਾਂ ਨੇ ਵਿਰੋਧੀ ਗੱਠਜੋੜ ਵਿੱਚ ਜੁੜੀਆਂ ਤਕਰੀਬਨ ਸਾਰੀਆਂ ਪਾਰਟੀਆਂ ਨੂੰ ਆਪੋ ਆਪਣੀ ਥਾਂ ਵਿਖਾ ਦਿੱਤੀ ਹੈ। ਵਿਰੋਧੀ ਧੜਿਆਂ ਵਿੱਚ ਸਾਰੀ ਨਿਰਾਸ਼ਾ ਦੇ ਬਾਵਜੂਦ ਇਹੋ ਉਨ੍ਹਾਂ ਲਈ ਹਾਂ-ਮੁਖੀ ਪੱਖ ਹੈ ਕਿ ਭਾਜਪਾ ਹੱਥੋਂ ਮਿਲੀ ਤਾਜ਼ਾ ਹਾਰ ਨੇ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਹੋਣ ਲਈ ਮਜ਼ਬੂਰ ਕਰ ਦਿੱਤਾ। ਤਿਲੰਗਾਨਾ ਤੋਂ ਇਲਾਵਾ ਰਾਜਸਥਾਨ ਅਤੇ ਛਤੀਸਗੜ੍ਹ ਵਿੱਚ ਵੀ ਜੇ ਕਾਂਗਰਸ ਪਾਰਟੀ ਜਿੱਤ ਜਾਂਦੀ ਤਾਂ ਹੋ ਸਕਦਾ ਹੈ ਕਿ ਇਸ ਦਾ

⇒ ਬਾਕੀ ਸਫਾ 4 ਉਤੇ ਪੜ੍ਹੋ






# AVANTE'
## BANQUETS & CONFERENCE CENTER






## CATERED WEDDING PACKAGE

*INCLUDES THE FOLLOWING:*

6 Hour Venue Rental *Time Extensions are Available
Custom Wedding Cake
Elegant White Linen & Napkins with Floor Length Tablecloth
Champagne Chiavari Chairs
Silk Floral Centerpieces with 12" Mirror
Private Bridal Suite Featuring a Makeup Table & Private Restroom 4
4 Hours Open Bar with Premium Alcohol (with Alcohol Package)
Wine Service Through-out Dinner (with Alcohol Included)
Includes All White Plate-ware, Upgraded Silver Flatware and Glassware
Room Floor-plan Coordinator *Complimentary Parking*
Beautiful Landscape with Carriage, Perfect for Photo Opportunities
20% Service Charge and 8% Sales Tax will be added to All Services



**(847) 287-1006**

## ADDITIONAL UPGRADES

**LUXURIOUS WHITE LEATHER GUEST OF HONOR CHAIRS**
Choose our plush chairs to help you stand out. And make you feel even more special on your beautiful wedding day.

**CHAMPAGNE TOAST FOR EVERYONE**
Let your guests help to celebrate YOU on YOUR day while raising a glass in your honor.

**DRAPERY:** Beautiful, flowing white drapery to use behind your head table.
**UPLIGHTING:** Includes 6 multicolor LED up lights (Multiple Sets Available)

**SWEET TABLE PACKAGES**
TRADITIONAL and DELUXE

**DISPLAYS:**
ANTIPASTO DISPLAY
MEDITERRANEAN DISPLAY
SEAFOOD TOWER DISPLAY
CALAMARI PLATTER

**Late Night Eats Packages**

**1050 Northwest Hwy,
Fox River Grove, IL 60021**

Office@AvanteBanquets.com
www.AvanteBanquets.com

# ਕੇਂਦਰੀ ਹਕੂਮਤ ਵੱਲੋਂ ਕੌਮੀਅਤਾਂ ਨੂੰ ਨਪੀਟਣ ਦਾ ਮਸਲਾ

## ਬਦਨੀਅਤੀਆਂ

**ਕਰਮ ਬਰਸਟ**
**ਫੋਨ: +91-9417073831**



ਭਾਜਪਾ ਦੀ ਕੇਂਦਰੀ ਸਰਕਾਰ ਵੱਲੋਂ ਜੰਮੂ ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਅਧੀਨ ਮਿਲੀ ਸੀਮਤ ਖ਼ੁਦਮੁਖ਼ਤਾਰੀ ਨੂੰ ਖ਼ਤਮ ਕਰਨ ਵਿੱਚ ਸਫ਼ਲਤਾ ਹਾਸਲ ਕਰਨ ਉਪਰੰਤ ਸਰਵਉਚ ਅਦਾਲਤ ਦੀ ਮੋਹਰ ਲਗਵਾ ਕੇ ਸੰਘੀ ਢਾਂਚੇ ਨੂੰ ਮੁਕੰਮਲ ਢਾਹ ਲਾਉਣ ਦਾ ਰਾਹ ਪੱਕਾ ਕਰ ਲਿਆ। ਕਸ਼ਮੀਰੀ ਕੌਮੀਅਤ ਨੂੰ ਗੋਡਿਆਂ ਭਾਰ ਕਰਨ ਤੋਂ ਬਾਅਦ ਕੇਦਰੀਂ ਹਕੂਮਤ ਹੌਲੀ ਹੌਲੀ ਦੂਜੇ ਸੂਬਿਆਂ ਖ਼ਾਸ ਕਰਕੇ ਪੰਜਾਬ ਦੇ ਰੱਟੇ ਵਾਲੇ ਮੁੱਦਿਆਂ ਵਿੱਚ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ਕਰਦੀ ਰਹੀ ਹੈ। ਇਨ੍ਹਾਂ ਮੁੱਦਿਆਂ ਵਿੱਚੋਂ ਪੰਜਾਬ ਯੂਨੀਵਰਸਿਟੀ ਉੱਪਰ ਸਿੱਧਾ ਕੰਟਰੋਲ ਕਰਨ, ਤਸਕਰੀ ਰੋਕਣ ਦੀ ਆੜ ਹੇਠਾਂ ਬੀ.ਐੱਸ.ਐੱਫ. ਦੇ ਘੇਰੇ ਨੂੰ ਪੰਜਾਬ ਅੰਦਰ ਹੀ ਪੰਜਾਹ ਕਿਲੋਮੀਟਰ ਤੱਕ ਫੈਲਾਉਣ, ਚੰਡੀਗੜ੍ਹ ਦੇ ਮੁਲਾਜ਼ਮਾਂ ਉੱਪਰ ਪੰਜਾਬ ਦੇ ਨਿਯਮਾਂ ਦੀ ਬਜਾਏ ਕੇਂਦਰੀ ਸਰਕਾਰ ਦੇ ਨਿਯਮ ਲਾਗੂ ਕਰਨ, ਭਾਖੜਾ ਬਿਆਸ ਪ੍ਰਬੰਧਕ ਬੋਰਡ ਦੇ ਉੱਚ ਅਧਿਕਾਰੀਆਂ ਦੀ ਨਿਯੁਕਤੀ ਦੇ ਨਿਯਮ ਤਬਦੀਲ ਕਰਨ, ਚੰਡੀਗੜ੍ਹ ਪ੍ਰਸ਼ਾਸਨ ਵਿੱਚੋਂ ਪੰਜਾਬ ਦੇ ਮੁਲਾਜ਼ਮਾਂ ਦੀ ਗਿਣਤੀ ਘਟਾਉਣ, ਹਰਿਆਣੇ ਅੰਦਰ ਕਿਸੇ ਕੇਂਦਰੀ ਸਥਾਨ ਉੱਪਰ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਤਾਮੀਰ ਕਰਨ ਦੀ ਬਜਾਏ ਚੰਡੀਗੜ੍ਹ ਵਿਖੇ ਹੀ ਰੱਖਣ ਅਤੇ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਸਾਰੀਆਂ ਮੰਗਾਂ ਨੂੰ ਯਕਮੁਸ਼ਤ ਲਾਗੂ ਕਰਨ ਦੀ ਥਾਂ ਸਿਰਫ਼ ਸਤਲੁਜ-ਯਮਨਾ ਲਿੰਕ ਨਹਿਰ ਨੂੰ ਪੂਰਾ ਕਰਨ ਲਈ ਦਬਾਅ ਪਾ ਕੇ ਰੱਖਣ ਦੀਆਂ ਕੋਸ਼ਿਸ਼ਾਂ ਅਤੇ ਨੀਤੀਆਂ ਨਾਲ ਪੰਜਾਬ ਦੀ ਲੋਕ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੋਇਆ ਹੈ! ਕੇਂਦਰ ਸਰਕਾਰ ਦੀਆਂ ਇਹ ਸਾਰੀਆਂ ਕੋਸ਼ਿਸ਼ਾਂ ਦੇਸ਼ ਦੇ ਸੰਘੀ (ਫੈਡਰਲ) ਢਾਂਚੇ ਨੂੰ ਖ਼ੋਰਾ ਲਾਉਣ ਅਤੇ ਪੰਜਾਬ ਅੰਦਰ ਦਹਾਕਿਆਂ ਤੋਂ ਪਲ ਰਹੀ ਬੇਗਾਨਗੀ ਦੀ ਭਾਵਨਾ ਨੂੰ ਹੋਰ ਉਗਾਸਾ ਦੇਣ ਵਾਲੀਆਂ ਹਨ।

ਪੰਜਾਬ ਦੀ ਜਨਤਾ ਵਿੱਚ ਪਸਰੀ ਇਸ ਧਾਰਨਾ ਕਿ ਕੇਂਦਰ ਪੰਜਾਬ ਨਾਲ ਵਿਤਕਰਾ ਕਰ ਰਿਹਾ ਹੈ ਅਤੇ ਪੰਜਾਬ ਨੂੰ 'ਭਿਖਾਰੀ' ਬਣਾ ਕੇ ਰੱਖਿਆ ਜਾ ਰਿਹਾ ਹੈ, ਵਿੱਚ ਕਾਫੀ ਵਜ਼ਨ ਮਹਿਸੂਸ ਹੁੰਦਾ ਹੈ। ਗੱਲ ਇਕੱਲੇ ਪੰਜਾਬ ਦੀ ਨਹੀਂ ਹੈ, ਸਾਰੀਆਂ ਹੀ ਕੇਂਦਰੀ ਸਰਕਾਰਾਂ ਭਾਵੇਂ ਕਿਸੇ ਵੀ ਸਰਕਾਰ ਜਾਂ ਮੋਰਚੇ ਦੀਆਂ ਰਹੀਆਂ ਹੋਣ, ਸਾਰੇ ਹੀ ਸੂਬਿਆਂ ਨਾਲ ਵਿਤਕਰਾ ਕਰਦੀਆਂ ਰਹੀਆਂ ਹਨ। ਅਸਲ ਵਿੱਚ ਭਾਰਤ ਦੀ ਸੰਵਿਧਾਨਕ ਪ੍ਰਣਾਲੀ ਕਾਰਨ ਇਹ ਪਾਸਕੂ ਹਮੇਸ਼ਾ ਹੀ ਕੇਂਦਰ ਦੇ ਹੱਥ ਵਿੱਚ ਰਹਿੰਦਾ ਹੈ। ਭਾਰਤ ਦਾ ਸੰਵਿਧਾਨ ਅੰਗਰੇਜ਼ਾਂ ਵੱਲੋਂ ਪਾਸ ਕੀਤੇ 1935 ਦੇ ਕਾਨੂੰਨ ਤੋਂ ਵਿਕਸਿਤ ਹੋਇਆ ਹੈ। ਰਜਵਾੜਾਸ਼ਾਹੀ ਰਿਆਸਤਾਂ ਨੂੰ ਕਾਬੂ ਹੇਠਾਂ ਰੱਖਣ, ਦੇਸ਼ ਦੀ ਸਰਮਾਏਦਾਰੀ ਦੇ ਵਿਕਾਸ ਲਈ ਆਧਾਰ ਢਾਂਚਾ ਖੜ੍ਹਾ ਕਰਨ ਆਦਿ ਦੇ ਆਧਾਰ 'ਤੇ ਮਜਬੂਤ ਕੇਂਦਰ ਦੀ ਵਕਾਲਤ ਕੀਤੀ ਗਈ। ਸਮਵਰਤੀ ਸੂਚੀ ਵਿੱਚ ਰੱਖੇ 66 ਵਿਸ਼ਿਆਂ ਸਮੇਤ ਕੇਂਦਰ ਨੇ ਆਪਣੇ ਕੋਲ ਸਭ ਤੋਂ ਅਹਿਮ 97 ਵਿਸ਼ੇ ਰੱਖੇ, ਸੂਬਿਆਂ ਨੂੰ ਸਿਰਫ਼ 47 ਵਿਸ਼ੇ ਦਿੱਤੇ। ਇਸ ਹਾਲਤ ਵਿੱਚ ਸੂਬਿਆਂ ਨੂੰ ਸਮੱਸਿਆਵਾਂ ਆਉਣੀਆਂ ਹੀ ਸਨ। ਸੰਨ 1967 ਤੱਕ ਕੇਂਦਰ ਅਤੇ ਸੂਬਿਆਂ ਵਿੱਚ ਕਾਂਗਰਸ ਪਾਰਟੀ ਹੀ ਰਾਜ ਕਰਦੀ ਸੀ, ਇਸ ਲਈ ਕਸ਼ਮੀਰ ਅਤੇ ਕੇਰਲ ਨੂੰ ਛੱਡ ਕੇ ਕੋਈ ਵੱਡੀ ਸਮੱਸਿਆ ਨਹੀਂ ਆਈ।

1960ਵਿਆਂ ਦੇ ਦੂਸਰੇ ਅੱਧ ਵਿੱਚ ਖੇਤਰੀ ਪਾਰਟੀਆਂ ਦੇ ਰਾਜਨੀਤਕ ਉਭਾਰ ਨਾਲ ਰਾਜਾਂ ਲਈ ਖ਼ੁਦਮੁਖ਼ਤਾਰੀ ਦੀ ਲਹਿਰ ਨੂੰ ਕਈ ਉਤਰਾਅ ਚੜ੍ਹਾਅ ਦੇਖਣੇ ਪਏ ਹਨ। ਪੰਜਾਬ, ਜੰਮੂ-ਕਸ਼ਮੀਰ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਉਨ੍ਹਾਂ ਸੂਬਿਆਂ ਵਿੱਚੋਂ ਮੋਹਰੀ ਰਹੇ ਹਨ, ਜਿਨ੍ਹਾਂ ਨੇ ਰਾਜਾਂ ਲਈ ਖ਼ੁਦਮੁਖ਼ਤਾਰੀ ਜਾਂ ਵਧੇਰੇ ਅਧਿਕਾਰਾਂ ਲਈ ਛੋਟੇ-ਵੱਡੇ ਸੰਘਰਸ਼ ਕੀਤੇ ਹਨ। ਕਸ਼ਮੀਰ ਵਾਦੀ ਵਾਂਗ ਹੀ, ਤਾਮਿਲਨਾਡੂ ਵਿੱਚ ਵੀ ਵੱਖਵਾਦੀ ਰੁਝਾਨ ਉੱਭਰੇ। ਅਕਾਲੀ ਦਲ ਸੂਬਿਆਂ ਲਈ ਜ਼ਿਆਦਾ ਖ਼ੁਦਮੁਖ਼ਤਾਰੀ ਦੀ ਮੰਗ ਉਠਾਉਣ ਵਾਲਿਆਂ ਵਿੱਚੋਂ ਮੋਹਰੀ ਰਿਹਾ ਹੈ। ਇਸ ਮੰਗ ਨੂੰ ਠੋਸ ਰੂਪ ਦੇਣ ਦਾ ਸਿਹਰਾ ਡੀ.ਐਮ.ਕੇ. ਨੂੰ ਜਾਂਦਾ ਹੈ। ਇਸ ਨੇ ਸਤੰਬਰ 1969 ਵਿੱਚ ਰਾਜਾਮੱਨਾਰ ਕਮੇਟੀ ਦਾ ਗਠਨ ਕੀਤਾ, ਜਿਸਨੇ ਕੇਂਦਰ ਰਾਜ ਸਬੰਧਾਂ ਨੂੰ ਮੁੜ ਢਾਲਣ ਲਈ ਤਿੱਖੀਆਂ ਸੋਧਾਂ ਦੀ ਸਿਫ਼ਾਰਿਸ਼ ਕੀਤੀ। ਇਹ ਸਿਫ਼ਾਰਿਸ਼ਾਂ ਰਾਜਾਂ ਨੂੰ ਵੱਡੀ ਮਾਤਰਾ ਵਿੱਚ ਪ੍ਰਬੰਧਕੀ ਅਤੇ ਵਿੱਤੀ ਆਜ਼ਾਦੀ ਦੀ ਜ਼ਾਮਨੀ ਦਿਵਾਉਣ ਵਾਲੀਆਂ ਸਨ।

ਬਾਕੀ ਸੂਬਿਆਂ ਵਾਂਗ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਉਠਾਈ, ਭਾਵੇਂ ਕਿ ਉਨ੍ਹਾਂ ਦਾ ਮੰਤਵ ਇੱਕ ਅਜਿਹਾ ਸੂਬਾ ਪ੍ਰਾਪਤ ਕਰਨ ਦਾ ਸੀ, ਜਿਸ ਵਿੱਚ ਸਿੱਖ ਆਬਾਦੀ ਦੀ ਬਹੁਗਿਣਤੀ ਹੋਵੇ, ਕਿਉਂਕਿ ਅਕਾਲੀ ਦਲ ਸਿੱਖਾਂ ਦੀ ਇੱਕੋ-ਇੱਕ ਵਾਹਦ ਜਥੇਬੰਦੀ ਹੋਣ ਦਾ ਦਾਅਵਾ ਵੀ ਕਰਦਾ ਸੀ। ਪੰਜਾਬ ਦੀ ਸਮੱਸਿਆ ਕਾਫ਼ੀ ਪੇਚੀਦਾ ਬਣੀ ਹੋਈ ਸੀ। 1947 ਦੀ ਵੰਡ ਦੇ ਜ਼ਖ਼ਮ ਅਜੇ ਹਰੇ ਸਨ। ਭਾਸ਼ਾ ਦੇ ਆਧਾਰ 'ਤੇ ਪੰਜਾਬ ਦੀ ਅਗਲੇਰੀ ਵੰਡ ਨੂੰ ਕਿਸੇ 'ਸਿੱਖ ਹੋਮਲੈਂਡ', 'ਬਫਰ ਸਟੇਟ', 'ਸਿੱਖਾਂ ਲਈ ਖ਼ੁਦਮੁਖ਼ਤਾਰ ਖਿੱਤੇ' ਅਤੇ 'ਖਾਲਿਸਤਾਨ' ਦੀ ਨਵੀਂ ਮੰਗ ਵਜੋਂ ਲਿਆ ਗਿਆ। ਕਿਉਂਕਿ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੀ 'ਦੋ ਕੌਮਾਂ ਦੇ ਬਦਨਾਮ ਸਿਧਾਂਤ' ਉੱਪਰ ਹੋਈ ਸੀ, ਇਸ ਲਈ ਕੇਂਦਰੀ ਹਾਕਮਾਂ ਨੂੰ ਖ਼ਤਰਾ ਸੀ ਕਿ ਪੰਜਾਬੀ ਸੂਬੇ ਦੀ ਮੰਗ ਕਿਸੇ ਪੜਾਅ 'ਤੇ ਜਾ ਕੇ ਵੱਖਰੇ 'ਸਿੱਖ ਰਾਜ' ਦੀ ਮੰਗ ਵਿੱਚ ਵੀ ਪਲਟ ਸਕਦੀ ਹੈ, ਅਤੇ ਅਜਿਹਾ ਹੋਇਆ ਵੀ।

ਖ਼ੈਰ! ਅਕਾਲੀ ਆਗੂਆਂ ਦੀ ਮਨਸ਼ਾ ਕੁਝ ਵੀ ਰਹੀ ਹੋਵੇ, ਪਰ ਬੋਲੀ ਦੇ ਆਧਾਰ 'ਤੇ ਵੱਖਰਾ ਸੂਬਾ ਬਣਾਉਣ ਦੀ ਮੰਗ ਬਿਲਕੁਲ ਹੀ ਵਾਜਬ ਅਤੇ ਜਮਹੂਰੀ ਸੀ। ਪੈਪਸੂ ਦੇ ਪੰਜਾਬ ਵਿੱਚ ਰਲੇਵੇਂ ਨਾਲ ਪੰਜਾਬ ਦਾ ਕੱਦ-ਕਾਠ ਵੀ ਵੱਡਾ ਹੋ ਗਿਆ ਸੀ। ਰਿਆਸਤਾਂ ਦੇ ਭੰਗ ਹੋਣ ਨਾਲ ਅਤੇ ਜ਼ਮੀਨ ਵੰਡ ਲਈ ਚੱਲੇ ਘੋਲਾਂ ਦੀ ਬਦੌਲਤ ਰਾਜਿਆਂ ਅਤੇ ਮੁਜ਼ਾਰਿਆਂ ਵਿਚਲੀ ਕੜੀ ਅਰਥਾਤ ਜਗੀਰੂ ਵਿਚੋਲਾ ਪ੍ਰਬੰਧ ਖ਼ਤਮ ਹੋ ਗਿਆ ਸੀ। ਭਾਰਤ ਦੀਆਂ ਕਈ ਪਾਕੇਟਾਂ ਖ਼ਾਸ ਕਰਕੇ ਪੰਜਾਬ ਦੇ ਜ਼ਰਈ ਖੇਤਰ ਅੰਦਰ ਨਵੀਆਂ, ਜ਼ਮੀਨ ਮਾਲਕ ਸ਼੍ਰੇਣੀਆਂ ਹੋਂਦ ਵਿੱਚ ਆ ਗਈਆਂ ਸਨ। ਉਨ੍ਹਾਂ ਨੂੰ ਆਪਣੇ ਵਧਾਰੇ ਅਤੇ ਪਸਾਰੇ ਲਈ ਅਜਿਹਾ ਸਿਆਸੀ ਮਾਹੌਲ ਚਾਹੀਦਾ ਸੀ, ਜਿਹੜਾ ਕੇਂਦਰ ਦੇ ਹੱਦ ਤੋਂ ਵੱਧ ਗ਼ਲਬੇ ਤੋਂ ਮੁਕਤ ਹੋਵੇ। ਰਾਜਨੀਤਕ ਤੌਰ 'ਤੇ ਪੇਂਡੂ ਧਨਾਢਾਂ ਨੇ ਮੋਹਰੀ ਸਿੱਖ ਸੰਸਥਾਵਾਂ ਉੱਪਰ ਕਬਜ਼ਾ ਜਮਾ ਲਿਆ। ਇਸ ਤਰ੍ਹਾਂ ਵੱਖ ਵੱਖ ਮੁਫ਼ਾਦ ਵਾਲੀਆਂ ਸਿੱਖ ਸ਼ਕਤੀਆਂ ਦੇ ਇੱਕ ਮੰਚ 'ਤੇ ਇਕੱਠੇ ਹੋ ਜਾਣ ਨਾਲ ਭਾਸ਼ਾਈ ਆਧਾਰ 'ਤੇ ਵੱਖਰੇ ਰਾਜ ਦੀ ਕਾਇਮੀ ਦੇ ਸੰਘਰਸ਼ ਨੂੰ ਬਲ ਮਿਲਣ ਨਾਲ 1966 ਵਿੱਚ ਪੰਜਾਬੀ ਸੂਬਾ ਬਣ ਸਕਿਆ। ਫਿਰ ਵੀ ਕੇਂਦਰੀ ਹਕੂਮਤ ਨੇ ਇਸ ਦੀ ਸ਼ਕਲ ਵਿਗਾੜ ਦਿੱਤੀ। ਅਹਿਮ ਮਸਲਿਆਂ ਨੂੰ ਹੱਲ ਹੀ ਨਹੀਂ ਕੀਤਾ ਗਿਆ। ਸਿੱਖਾਂ ਅੰਦਰ ਇਹ ਅਹਿਸਾਸ ਵਧਣਾ ਸੁਭਾਵਿਕ ਸੀ ਕਿ ਉਨ੍ਹਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਦੇਸ਼ ਦੇ ਬਾਕੀ ਸੂਬਿਆਂ ਵਾਂਗ ਹੀ 1967 ਵਿੱਚ ਪੰਜਾਬ ਵਿੱਚ ਵੀ ਕਾਂਗਰਸ ਪਾਰਟੀ ਦਾ ਬਿਸਤਰਾ ਗੋਲ ਹੋ ਗਿਆ। ਨਵੇਂ ਪੰਜਾਬ ਅੰਦਰ ਮਾਰਚ 1967 ਵਿੱਚ ਹੋਈ ਪਹਿਲੀ ਅਸੈਂਬਲੀ ਚੋਣ ਅਕਾਲੀ, ਜਨਸੰਘ ਅਤੇ ਸੀ.ਪੀ.ਆਈ. ਦੇ ਸਾਂਝੇ ਗੱਠਜੋੜ ਨੇ ਜਿੱਤ ਲਈ ਅਤੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਪਹਿਲੀ ਅਕਾਲੀ ਸਰਕਾਰ ਹੋਂਦ ਵਿੱਚ ਆਈ, ਪਰ ਕਰੀਬ ਨੌਂ ਮਹੀਨਿਆਂ ਬਾਅਦ ਹੀ ਕਾਂਗਰਸ ਨੇ ਲਛਮਣ ਸਿੰਘ ਗਿੱਲ ਅਤੇ ਜਗਜੀਤ ਸਿੰਘ ਚੌਹਾਨ ਨੂੰ ਪਲੋਸ ਕੇ ਅਕਾਲੀ ਵਿਧਾਇਕ ਦਲ ਵਿੱਚ ਦੁਫ਼ੇੜ ਪੁਆ ਦਿੱਤੀ। 25 ਨਵੰਬਰ 1967 ਨੂੰ ਕਾਂਗਰਸ ਦੀ ਹਮਾਇਤ ਨਾਲ ਲਛਮਣ ਸਿੰਘ ਗਿੱਲ ਦੀ ਸਰਕਾਰ ਬਣ ਗਈ, ਜਿਸ ਨੂੰ ਬਹੁਤੀ ਦੇਰ ਟਿਕਣ ਨਾ ਦਿੱਤਾ ਗਿਆ।

ਪੰਜਾਬ ਅੰਦਰ ਫਰਵਰੀ 1969 ਵਿੱਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਅਕਾਲੀ ਜਨਸੰਘ ਫੇਰ ਸੱਤਾ ਵਿੱਚ ਆ ਗਿਆ ਅਤੇ ਜਸਟਿਸ ਗੁਰਨਾਮ ਸਿੰਘ ਦੁਬਾਰਾ ਮੁੱਖ ਮੰਤਰੀ ਬਣ ਗਏ, ਪਰ ਤੇਰ੍ਹਾਂ ਮਹੀਨਿਆਂ ਬਾਅਦ ਹੀ ਉਸ ਨੂੰ ਕੁਰਸੀ ਤੋਂ ਹੱਥ ਧੋਣੇ ਪਏ। ਇਸ ਵਜ਼ਾਰਤ ਦੇ ਭੰਗ ਹੋ ਜਾਣ ਪਿੱਛੋਂ, 27 ਮਾਰਚ 1970 ਨੂੰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਜਨਸੰਘ ਸਰਕਾਰ ਸੱਤਾ ਵਿੱਚ ਆ ਗਈ। ਇਹ ਮਸਾਂ ਇੱਕ ਸਾਲ ਹੀ ਕੱਟ ਸਕੀ ਅਤੇ 14 ਮਾਰਚ 1971 ਨੂੰ ਧਾਰਾ 356 ਹੇਠ ਇਸ ਨੂੰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਫੇਰ ਮਾਰਚ 1972 ਵਿੱਚ ਹੋਈਆਂ ਛੇਵੀਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੁਬਾਰਾ ਸੱਤਾ ਵਿੱਚ ਆ ਗਈ।

ਇਸ ਘਟਨਾਕ੍ਰਮ ਵਿੱਚੋਂ ਅਕਾਲੀਆਂ ਨੂੰ ਤਿੱਖਾ ਅਹਿਸਾਸ ਹੋ ਗਿਆ ਸੀ ਕਿ ਉਹ ਕੇਂਦਰ ਦੀਆਂ ਚਾਲਾਂ ਮੂਹਰੇ, ਪੰਜਾਬ ਵਿੱਚ ਜਿੱਤ ਕੇ ਵੀ ਰਾਜ ਨਹੀਂ ਕਰ ਸਕਦੇ। ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਜ਼ਾਮਨੀ ਹੋਣ ਨਾਲ ਹੀ ਖੇਤਰੀ ਪਾਰਟੀਆਂ ਸੱਤਾ ਵਿੱਚ ਰਹਿਣ ਦੀ ਆਸ ਰੱਖ ਸਕਦੀਆਂ ਸਨ। ਪੰਜਾਬ ਹੀ ਦੇਸ਼ ਦਾ ਇੱਕੋ-ਇੱਕ ਅਜਿਹਾ ਅਭਾਗਾ ਸੂਬਾ ਹੈ, ਜਿਸ ਵਿੱਚ 1947 ਦੇ ਸੱਤਾ ਤਬਾਦਲੇ ਤੋਂ ਬਾਅਦ ਪੂਰੇ ਨੌਂ ਵਾਰੀ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਚੁੱਕਿਆ ਹੈ। ਅਕਾਲੀ ਦਲ ਨੇ ਅਕਤੂਬਰ 1973 ਵਿੱਚ ਆਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਪਰ ਇਸ ਨੂੰ ਧਾਰਮਿਕ ਰੰਗ ਦੇ ਦਿੱਤਾ। ਇਸ ਮਤੇ ਵਿੱਚ ਅਜਿਹੇ ਖ਼ੁਦਮੁਖ਼ਤਾਰ ਰਾਜ ਦੀ ਮੰਗ ਰੱਖ ਦਿੱਤੀ ਗਈ, ਜਿਸ ਵਿੱਚ 'ਖ਼ਾਲਸਾ ਜੀ ਕਾ ਬੋਲਬਾਲਾ ਹੋਵੇ।' ਨਾਲ ਹੀ ਇਹ ਮੰਗ ਵੀ ਕੱਢ ਮਾਰੀ ਕਿ "ਇਕ ਅਜਿਹਾ ਖਿੱਤਾ ਹੋਣਾ ਚਾਹੀਦਾ ਹੈ, ਜਿਸ ਵਿੱਚ ਸਿੱਖ ਆਪਣਾ ਸੰਵਿਧਾਨ ਖ਼ੁਦ ਘੜ ਸਕਣ।'" ਇਸ ਖ਼ੁਦਮੁਖ਼ਤਾਰ ਰਾਜ ਕੋਲ ਵਿਦੇਸ਼ੀ ਮਾਮਲੇ, ਰੱਖਿਆ, ਕਰੰਸੀ ਅਤੇ ਦੂਰਸੰਚਾਰ ਛੱਡ ਕੇ ਬਾਕੀ ਸਾਰੇ ਅਧਿਕਾਰ ਹੋਣ। ਪਿੱਛੋਂ ਜਾ ਕੇ ਅਕਤੂਬਰ 1978 ਵਿੱਚ ਲੁਧਿਆਣਾ ਵਿਖੇ ਹੋਈ ਅਕਾਲੀ ਕਨਵੈਨਸ਼ਨ ਵਿੱਚ ਇਸ ਮਤੇ ਵਿੱਚੋਂ ਖ਼ੁਦਮੁਖ਼ਤਾਰ ਰਾਜ ਅਤੇ ਵੱਖਰੇ ਸੰਵਿਧਾਨ ਵਾਲੀਆਂ ਸਤਰਾਂ ਕੱਢ ਦਿੱਤੀਆਂ ਗਈਆਂ, ਜਿਸ ਨਾਲ ਇਸ ਦੀ ਨੁਹਾਰ ਜਮਹੂਰੀ ਅਤੇ ਸੂਬਿਆਂ ਨੂੰ ਜ਼ਿਆਦਾ ਖ਼ੁਦਮੁਖ਼ਤਾਰੀ ਦੇਣ ਵਾਲੀ ਬਣੀ। ਅਨੰਦਪੁਰ ਸਾਹਿਬ ਦੇ ਮਤੇ ਦਾ ਸਿਆਸੀ ਤੱਤ ਸਾਰੇ ਸੂਬਿਆਂ ਖ਼ਾਸ ਕਰਕੇ ਪੰਜਾਬ ਨੂੰ ਵਧੇਰੇ ਅਧਿਕਾਰ ਦਿਵਾਉਣਾ ਹੀ ਸੀ।

ਧਰਮ ਯੁੱਧ ਮੋਰਚੇ ਦੇ ਹੁੰਗਾਰੇ ਵਜੋਂ ਇੰਦਰਾ ਗਾਂਧੀ ਵੱਲੋਂ ਮਾਰਚ 1983 ਵਿੱਚ ਕੇਂਦਰ ਰਾਜ ਸਬੰਧਾਂ ਦੀ ਨਜ਼ਰਸਾਨੀ ਲਈ ਬਣਾਏ ਸਰਕਾਰੀਆ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਕੋਈ ਠੋਸ ਸੁਝਾਅ ਨਹੀਂ ਦੇ ਸਕੀਆਂ। ਕਮਿਸ਼ਨ ਦੇ ਸੁਝਾਅ ਨਿਰੋਲ ਦਰਸ਼ਨੀ ਅਤੇ ਲਿਪਾਪੋਚੀ ਕਰਨ ਵਾਲੇ ਸਨ। ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਦਾ ਇੱਕੋ ਇੱਕ ਲਾਭ ਇਹ ਹੋਇਆ ਹੈ ਕਿ ਹੁਣ ਕੇਂਦਰੀ ਸਰਕਾਰ ਧਾਰਾ 356 ਦੀ ਬਹੁਤ ਹੀ ਸੰਕੋਚਵੀਂ ਵਰਤੋਂ ਕਰਨ ਲੱਗੀ ਹੈ। ਰਾਜਪਾਲਾਂ ਦੀ ਨਿਯੁਕਤੀ ਜਾਂ ਵਾਪਸ ਬੁਲਾਉਣਾ, ਕਿਸੇ ਸੂਬੇ ਵਿੱਚ ਕੇਂਦਰੀ ਬਲਾਂ ਦੀ ਤਾਇਨਾਤੀ, ਟੈਕਸ ਪ੍ਰਣਾਲੀ, ਵਿੱਤੀ ਵਸੀਲਿਆਂ ਦੀ ਵੰਡ, ਕੇਂਦਰੀ ਪ੍ਰਾਜੈਕਟਾਂ ਦੀ ਅਲਾਟਮੈਂਟ, ਸੂਬਿਆਂ ਦੀਆਂ ਸਾਲਾਨਾ ਯੋਜਨਾਵਾਂ, ਕੇਂਦਰੀ ਸਕੀਮਾਂ ਲਈ ਗਰਾਂਟਾਂ ਜਾਰੀ ਕਰਨੀਆਂ ਆਦਿ ਕਿੰਨੇ ਹੀ ਬੁਨਿਆਦੀ ਮਸਲੇ ਹਨ, ਜਿਹੜੇ ਨਜਿੱਠਣੇ ਬਣਦੇ ਹਨ। ਇਸ ਲਈ ਕੇਂਦਰ ਰਾਜ ਸਬੰਧਾਂ ਵਿੱਚ ਦੋਸਤਾਨਾ ਸੰਤੁਲਨ ਬਿਠਾਉਣ ਲਈ ਭਾਰਤ ਦਾ ਸੰਵਿਧਾਨ ਸੰਪੂਰਨ ਸਮੀਖਿਆ ਦੀ ਮੰਗ ਕਰਦਾ ਹੈ।












# ਹਵਾਲਾਤੀ ਸਿਆਸਤਦਾਨ ਦੇ ਭੰਗੜੇ ਦੀ ਚਰਚਾ, ਦੋ ਪੁਲਿਸ ਮੁਲਾਜ਼ਮ ਮੁਅੱਤਲ

ਹਵਾਲਾਤੀ ਯੂਥ ਕਾਂਗਰਸੀ ਆਗੂ ਸਰਵੋਤਮ ਸਿੰਘ ਉਰਫ ਲੱਕੀ ਸੰਧੂ ਦੇ ਪਿਛਲੇ ਦਿਨੀਂ ਇੱਕ ਵਿਆਹ ਸਮਾਗਮ ਵਿੱਚ ਭੰਗੜਾ ਪਾਉਣ ਦੀ ਵੀਡੀਓ ਚਰਚਾ ਵਿੱਚ ਆ ਗਈ ਹੈ। ਯਾਦ ਰਹੇ, ਸੰਧੂ ਸੰਗੀਨ ਧਾਰਾਵਾਂ ਅਧੀਨ ਜੇਲ੍ਹ ਵਿੱਚ ਬੰਦ ਹੈ। ਉਸ ਨੇ ਬਾਹਰਲੀ ਹਵਾ ਫੱਕਣ ਲਈ ਬਿਮਾਰੀ ਦਾ ਬਹਾਨਾ ਬਣਾਇਆ ਤੇ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਸਿਹਤ ਜਾਂਚ ਲਈ ਪੀ.ਜੀ.ਆਈ. ਚੰਡੀਗੜ੍ਹ ਵਿੱਚ ਜਾਣ ਲਈ ਪੁਲਿਸ ਨੂੰ ਸੌਂਪ ਦਿੱਤਾ। ਇਸ ਦੌਰਾਨ ਉਹ ਪੁਲਿਸ ਨਾਲ ਮਿਲੀਭੁਗਤ ਕਰਕੇ ਰਾਏਕੋਟ ਵਿਖੇ ਇੱਕ ਵਿਆਹ ਸਮਾਗਮ ਵਿੱਚ ਪੁੱਜ ਗਿਆ ਅਤੇ ਭੰਗੜਾ ਪਾਉਣ ਲੱਗਾ। ਲੁਧਿਆਣਾ ਸ਼ਹਿਰ ਦੇ ਇੱਕ ਕਾਰੋਬਾਰੀ ਨੇ ਇਸ ਦੀ ਸ਼ਿਕਾਇਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਨੂੰ ਕਰ ਦਿੱਤੀ। ਇਸ ਤੋਂ ਬਾਅਦ ਇੱਕ ਸਬ-ਇੰਸਪੈਕਟਰ ਅਤੇ ਇੱਕ ਏ.ਐਸ.ਆਈ. ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।



ਲੁਧਿਆਣਾ ਨਾਲ ਲਗਦੇ ਕਸਬੇ ਸਾਹਨੇਵਾਲ ਦੇ ਯੂਥ ਕਾਂਗਰਸੀ ਨੇਤਾ ਸਰਵੋਤਮ ਸਿੰਘ ਸੰਧੂ ਖਿਲਾਫ ਇੱਕ ਇੰਸਟਾਗ੍ਰਾਮ ਕਰੀਏਟਰ ਨਾਲ ਮਿਲ ਕੇ ਸ਼ਹਿਰ ਦੇ ਵਪਾਰੀ ਗੁਰਵੀਰ ਗਰਚਾ ਨੂੰ ਬਲੈਕਮੇਲ ਕਰਨ ਅਤੇ ਮਾਮਲੇ ਦੇ ਗਵਾਹ ਨਾਲ ਮਾਰਕੁੱਟ ਕਰਨ ਦੇ ਦੋ ਅਪਰਾਧਕ ਮਾਮਲੇ ਦਰਜ ਹਨ। ਗਵਾਹ ਨਾਲ ਮਾਰਕੁੱਟ ਕਰਨ ਦੇ ਦੋਸ਼ ਵਿੱਚ ਪੁਲਿਸ ਨੇ ਉਸ ਨੂੰ ਇਸੇ ਸਾਲ 16 ਸਤੰਬਰ ਨੂੰ ਗ੍ਰਿਫਤਾਰ ਕੀਤਾ ਸੀ।

ਸ਼ਿਕਾਇਤ ਕਰਤਾ ਗੁਰਵੀਰ ਸਿੰਘ ਗਰਚਾ ਅਨੁਸਾਰ ਅੱਠ ਦਸੰਬਰ ਨੂੰ ਸੰਧੂ ਰਾਏਕੋਟ ਦੇ ਲਾਗੇ ਇੱਕ ਪੈਲੇਸ ਵਿੱਚ ਵਿਆਹ ਵਿੱਚ ਆਇਆ ਸੀ। ਉਸ ਤੋਂ ਬਾਅਦ ਉਹ ਵਾਪਸ ਜੇਲ੍ਹ ਚਲਾ ਗਿਆ। ਇਸ ਵਿਆਹ ਵਿੱਚ ਸ਼ਮੂਲੀਅਤ ਦੌਰਾਨ ਉਸ ਨੇ ਗਾਇਕ ਅੰਗਰੇਜ਼ ਅਲੀ ਦੇ ਗੀਤਾਂ 'ਤੇ ਵਿਆਹ ਵਿੱਚ ਭੰਗੜਾ ਪਾਇਆ। ਇਸ ਸਬੰਧ ਵਿੱਚ ਵੀਡੀਓ ਗਰਚਾ ਨੇ ਮੁੱਖ ਮੰਤਰੀ ਅਤੇ ਪੰਜਾਬ ਦੇ ਡੀ.ਜੀ.ਪੀ. ਨੂੰ ਭੇਜੀ ਸੀ। ਇਸ ਤੋਂ ਬਾਅਦ ਪੁਲਿਸ ਨੇ ਤੁਰੰਤ ਐਕਸ਼ਨ ਲਿਆ ਅਤੇ ਸਬ ਇੰਸਪੈਕਟਰ ਕੁਲਦੀਪ ਸਿੰਘ ਅਤੇ ਏ.ਐਸ.ਆਈ. ਮੰਗਲ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਅਸਲ ਵਿੱਚ ਗਾਇਕ ਅੰਗਰੇਜ਼ ਅਲੀ ਨੇ ਹੀ ਇਸ ਵਿਆਹ ਵਾਲੀ ਵੀਡੀਓ ਸਨੈਪ ਚੈਟ 'ਤੇ ਪਾਈ ਸੀ, ਜਿਸ ਨੂੰ ਆਧਾਰ ਬਣਾ ਕੇ ਸ਼ਿਕਾਇਤ ਕੀਤੀ ਗਈ।

ਜੇਲ੍ਹ ਸੁਪਰਡੈਂਟ ਸ਼ਿਵਰਾਜ ਸਿੰਘ ਮੁਤਾਬਕ ਸੰਧੂ ਨੂੰ ਜੇਲ੍ਹ ਵਿੱਚੋਂ ਇਹ ਦੋਵੇਂ ਅਧਿਕਾਰੀ ਲੈ ਕੇ ਗਏ ਸਨ, ਸ਼ਾਮ ਨੂੰ ਪੰਜ ਵਜ਼ੇ ਦੇ ਕਰੀਬ ਉਸ ਨੂੰ ਜੇਲ੍ਹ ਛੱਡ ਗਏ। ਉਨ੍ਹਾਂ ਨੂੰ ਵੀ ਸੀਨੀਅਰ ਅਧਿਕਾਰੀਆਂ ਤੋਂ ਇਸ ਸਬੰਧ ਵਿੱਚ ਜਾਣਕਾਰੀ ਮਿਲੀ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਇਹ ਮਾਮਲਾ 8 ਦਸੰਬਰ ਦਾ ਹੈ। ਇਸ ਤੋਂ ਅਗਲੇ ਹੀ ਦਿਨ ਇਸ ਬਾਰੇ ਸ਼ਿਕਾਇਤ ਮਿਲ ਗਈ ਸੀ। ਉਨ੍ਹਾਂ ਦੱਸਿਆ ਕਿ ਉਹ ਮਾਮਲੇ ਦੀ ਵਿਭਾਗੀ ਜਾਂਚ ਕਰਵਾ ਰਹੇ ਹਨ। ਇਸ ਤੋਂ ਇਲਾਵਾ ਜੇਲ੍ਹ ਵਿੱਚ ਤਾਇਨਾਤ ਮੈਡੀਕਲ ਅਧਿਕਾਰੀ ਦੀ ਭੂਮਿਕਾ ਦੀ ਵੀ ਜਾਂਚ ਕਰਵਾਈ ਜਾ ਰਹੀ ਹੈ, ਜਿਸ ਨੇ ਸੰਧੂ ਨੂੰ ਪੀ.ਜੀ.ਆਈ. ਵਿੱਚ ਜਾਂਚ ਲਈ ਰੈਫਰ ਕੀਤਾ।

ਇੱਥੇ ਜ਼ਿਕਰਯੋਗ ਹੈ ਕਿ ਸਰਵੋਤਮ ਸਿੰਘ ਸੰਧੂ ਖਿਲਾਫ ਅੱਠ ਅਪਰਾਧਕ ਮਾਮਲੇ ਦਰਜ ਹਨ। ਉਹ ਜਿਲ੍ਹਾ ਯੂਥ ਕਾਂਗਰਸ ਦਿਹਾਤੀ ਦਾ ਪ੍ਰਧਾਨ ਰਹਿ ਚੁੱਕਾ ਹੈ। ਇਸ ਵਾਰ ਉਹ ਜਨਰਲ ਸਕੱਤਰ ਦੇ ਅਹੁਦੇ ਲਈ ਚੋਣ ਲੜਨ ਦੀ ਤਿਆਰੀ ਕਰ ਰਿਹਾ ਸੀ। ਉਸ ਖਿਲਾਫ 2013 ਵਿੱਚ ਪਹਿਲਾ ਅਪਰਾਧਕ ਮਾਮਲਾ ਦਰਜ ਹੋਇਆ ਸੀ। ਇਸ ਤੋਂ ਪਿੱਛੋਂ 2017 ਵਿੱਚ ਕਿਸੇ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਮਾਮਲਾ ਦਰਜ ਹੋਇਆ। ਉਹਦੇ ਖਿਲਾਫ ਕੂਮ ਕਲਾਂ, ਖਰੜ, ਮਾਡਲ ਟਾਊਨ ਮੁਹਾਲੀ ਅਤੇ ਸਾਹਨੇਵਾਲ ਵਿੱਚ ਵੀ ਅਪਰਾਧਕ ਮਾਮਲੇ ਦਰਜ ਹੋਏ ਸਨ।

## ਪਰਦੇਸ ਗਏ ਵਿਦਿਆਰਥੀਆਂ ਲਈ ਵਧ ਰਹੇ ਸੰਕਟ

⇒ ਸਫਾ ਇੱਕ ਦੀ ਬਾਕੀ ...

ਹੁੰਦਾ ਵਿਖਾਈ ਦੇ ਰਿਹਾ ਹੈ।

ਇਸ ਸਾਰੇ ਸੰਕਟ ਦੇ ਪ੍ਰਭਾਵਾਂ ਦੀ ਤਾਜ਼ਾ ਉਦਾਹਰਣ ਇਹ ਹੈ ਕਿ ਮਾਡਲ ਟਾਊਨ ਜਲੰਧਰ ਤੋਂ ਬਰਤਾਨੀਆ ਪੜ੍ਹਨ ਲਈ ਗਏ ਇੱਕ ਵਿਦਿਆਰਥੀ ਦੀ ਸਮੁੰਦਰ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਸ਼ਹਿਰ ਦੇ ਪੌਸ਼ ਏਰੀਏ ਦਾ ਰਹਿਣ ਵਾਲਾ ਗੁਰਸ਼ਮਨ ਸਿੰਘ ਨਾਂ ਦਾ ਇਹ ਨੌਜੁਆਨ ਪਿਛਲੇ ਕੁਝ ਦਿਨਾਂ ਤੋਂ ਲਾਪਤਾ ਸੀ। ਗੁਰਸ਼ਮਨ ਸਿੰਘ ਦੇ ਪਿਤਾ ਹਰਪ੍ਰੀਤ ਸਿੰਘ ਅਨੁਸਾਰ 15 ਦਸੰਬਰ ਨੂੰ ਉਨ੍ਹਾਂ ਦੇ ਲੜਕੇ ਦਾ ਜਨਮ ਦਿਨ ਸੀ ਅਤੇ ਉਹ ਆਪਣੇ ਦੋਸਤਾਂ ਨਾਲ ਪਾਰਟੀ 'ਤੇ ਗਿਆ ਹੋਇਆ ਸੀ। ਇਸ ਦੌਰਾਨ ਉਸ ਨੇ ਘਰ ਫੋਨ ਵੀ ਕੀਤਾ ਸੀ। ਜਨਮ ਦਿਨ ਵਾਲੇ ਦਿਨ ਹਰਪ੍ਰੀਤ ਸਿੰਘ ਨੇ ਦੋ ਵਾਰ ਫੋਨ ਕਰਕੇ ਲੜਕੇ ਨੂੰ ਪੁੱਛਿਆ ਵੀ ਸੀ ਕਿ ਉਹ ਕਿੱਥੇ ਹੈ? ਤਾਂ ਉਸ ਨੇ ਕਿਹਾ ਸੀ ਕਿ ਉਹ ਘਰ ਜਾ ਰਿਹਾ ਹੈ। ਪਰ ਉਸ ਵੇਲੇ ਉਹ ਕਿੱਥੇ ਸੀ ਇਸ ਦਾ ਉਸ ਨੂੰ ਪਤਾ ਨਹੀਂ ਸੀ। ਪਰਿਵਾਰ ਨੂੰ ਸ਼ੱਕ ਹੈ ਕਿ ਗੁਰਸ਼ਮਨ ਸਿੰਘ ਦੀ ਹੱਤਿਆ ਕੀਤੀ ਗਈ ਹੈ। ਉਨ੍ਹਾਂ ਦਾ ਆਖਣਾ ਹੈ ਕਿ ਗੁਰਸ਼ਮਨ ਸਿੰਘ ਨੂੰ ਕਿਸੇ ਨੇ ਸਮੁੰਦਰ ਵਿੱਚ ਧੱਕਾ ਦਿੱਤਾ ਹੋਏਗਾ। ਪਰਿਵਾਰ ਨੇ ਲੜਕੇ ਦੀ ਮੌਤ ਦੀ ਬਰਤਾਨਵੀ ਸਰਕਾਰ ਕੋਲੋਂ ਜਾਂਚ ਦੀ ਮੰਗ ਕੀਤੀ ਹੈ।

ਯਾਦ ਰਹੇ, ਕੁਝ ਸਮਾਂ ਪਹਿਲਾਂ ਜਲੰਧਰ ਦੇ ਲਾਗੇ ਵੱਸਦੇ ਪਿੰਡ ਨੌਲੀ ਦੇ ਨੌਜਵਾਨ ਦੀ ਕੈਨੇਡਾ ਜਾਣ ਤੋਂ ਤੀਜੇ-ਚੌਥੇ ਦਿਨ ਬਾਅਦ ਮੌਤ ਹੋ ਗਈ ਸੀ। ਇਸ ਮੌਤ ਦਾ ਕਾਰਨ ਹਾਰਟ ਅਟੈਕ ਦੱਸਿਆ ਗਿਆ ਸੀ। ਭਾਰਤ ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਜਾਰੀ ਕੀਤੇ ਗਏ ਇੱਕ ਅੰਕੜੇ ਅਨੁਸਾਰ 2018 ਤੋਂ ਬਾਅਦ ਵੱਖ-ਵੱਖ ਮੁਲਕਾਂ ਵਿੱਚ ਗਏ 403 ਪਰਵਾਸੀ ਵਿਦਿਆਰਥੀਆਂ ਦੀਆਂ ਮੌਤਾਂ ਹੋਈਆਂ ਹਨ। ਇਨ੍ਹਾਂ ਵਿੱਚੋਂ ਥੋੜ੍ਹੀਆਂ ਜਿਹੀਆਂ ਮੌਤਾਂ ਦੇ ਕਾਰਨ ਹੀ ਕੁਦਰਤੀ ਹਨ, ਬਾਕੀ ਹਾਦਸੇ, ਬਿਮਾਰ, ਖੁਦਕਸ਼ੀ ਜਾਂ ਹੋਰ ਕਿਸੇ ਗੈਰ-ਕੁਦਰਤੀ ਕਾਰਨ ਕਰਕੇ ਮਾਰੇ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 91 ਮੌਤਾਂ ਕੈਨੇਡਾ ਵਿੱਚ ਹੋਈਆਂ ਹਨ। ਇਸ ਤੋਂ ਇਲਾਵਾ ਇੰਗਲੈਂਡ ਵਿੱਚ 48, ਰੂਸ ਵਿੱਚ 40, ਅਮਰੀਕਾ ਵਿੱਚ 36, ਆਸਟਰੇਲੀਆ ਵਿੱਚ 35, ਯੂਕਰੇਨ ਵਿੱਚ 21, ਜਰਮਨੀ ਵਿੱਚ 20 ਤੇ ਸਾਈਪਰਸ ਵਿੱਚ 14 ਅਤੇ ਇਟਲੀ ਤੇ ਫਿਲੀਪੀਨਜ਼ ਵਿੱਚ 10-10 ਵਿਦਿਆਰਥੀਆਂ ਦੀਆਂ ਮੌਤਾਂ ਹੋਈਆਂ ਹਨ।

ਇਨ੍ਹਾਂ ਸਾਰੀਆਂ ਮਾੜੀਆਂ ਖ਼ਬਰਾਂ ਦੇ ਬਾਵਜੂਦ ਪੰਜਾਬੀ ਵਿਦਿਆਰਥੀਆਂ ਦੀ ਪਰਦੇਸਾਂ ਵੱਲ ਜਾਣ ਦੀ ਰੁਚੀ ਘਟੀ ਨਹੀਂ, ਸਗੋਂ ਵਧ ਹੀ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਅਮਰੀਕਾ ਵੱਲ 4.65 ਲੱਖ ਭਾਰਤੀ ਵਿਦਿਆਰਥੀਆਂ ਨੇ ਪਰਵਾਸ ਕੀਤਾ ਹੈ। ਇਸ ਤੋਂ ਇਲਾਵਾ ਇਸੇ ਸਾਲ ਕੈਨੇਡਾ ਲਈ 1,83,310 ਵਿਦਿਆਰਥੀਆਂ ਨੇ ਪਰਵਾਸ ਕੀਤਾ। ਆਸਟਰੇਲੀਆ ਵਿੱਚ ਇੱਕ ਲੱਖ, ਇੰਗਲੈਂਡ ਵਿੱਚ 55,465 ਅਤੇ ਰੂਸ ਵਿੱਚ 18,039 ਵਿਦਿਆਰਥੀ 2022 ਵਿੱਚ ਪੜ੍ਹਨ ਵਾਸਤੇ ਗਏ।

ਇਸ ਦੌਰ ਵਿੱਚ ਜਦੋਂ ਕੈਨੇਡਾ ਅਤੇ ਅਮਰੀਕਾ ਨਾਲ ਭਾਰਤ ਦੇ ਡਿਪਲੋਮੈਟਿਕ ਸਬੰਧ ਵੀ ਸੁਖਾਵੇਂ ਨਹੀਂ ਹਨ ਅਤੇ ਇਨ੍ਹਾਂ ਮੁਲਕਾਂ ਵਿੱਚ ਲਗਾਤਾਰ ਮਹਿੰਗੀ ਹੋ ਰਹੀ ਸਿੱਖਿਆ ਪ੍ਰਣਾਲੀ, ਬੇਰੁਜ਼ਗਾਰੀ ਦੀ ਵਧ ਰਹੀ ਦਰ, ਵਧ ਰਹੇ ਮਕਾਨਾਂ ਦੇ ਕਿਰਾਏ ਅਤੇ ਸਿੱਕੇ ਦਾ ਫੈਲਾਅ ਆਦਿ ਮਿਲ ਕੇ ਪਰਵਾਸੀ ਵਿਦਿਆਰਥੀਆਂ ਲਈ ਜਾਨ ਦਾ ਖੌਅ ਬਣ ਰਿਹਾ ਹੈ। ਜਿਸ ਪਾਸੇ ਵੱਲ ਦੁਨੀਆ ਤੁਰੀ ਹੋਈ ਹੈ, ਉਧਰ ਤੁਰਦਿਆਂ ਆਰਥਕ ਤੰਗੀਆਂ-ਤੁਰਸ਼ੀਆਂ ਦਾ ਦੌਰ ਜਲਦੀ ਖਤਮ ਹੋਣ ਵਾਲਾ ਨਹੀਂ ਹੈ। ਇਸ ਸੰਦਰਭ ਵਿੱਚ ਆਖਿਰ ਭਾਰਤ ਸਰਕਾਰ ਨੇ ਵੀ ਕੁਝ ਸਤਰਕਤਾ ਵਰਤਣ ਦਾ ਐਲਾਨ ਕੀਤਾ ਹੈ। ਸਰਕਾਰ ਅਨੁਸਾਰ ਵਿਦਿਆਰਥੀਆਂ ਨੂੰ ਉਨ੍ਹਾਂ ਵਿਸ਼ਿਆਂ ਵਿੱਚ ਹੀ ਉੱਚ ਵਿਦਿਆ ਹਾਸਲ ਕਰਨ ਲਈ ਪਰਦੇਸ ਜਾਣਾ ਚਾਹੀਦਾ ਹੈ, ਜਿਸ ਬਾਰੇ ਦੇਸ਼ ਵਿੱਚ ਮਿਆਰੀ ਸੰਸਥਾਵਾਂ ਨਹੀਂ ਹਨ। ਜੇ ਪਰਦੇਸਾਂ ਵਿੱਚ ਵੱਸਣ ਦੀ ਲਾਲਸਾ ਨਾ ਹੋਵੇ ਤਾਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਦੇਸ ਦੀਆਂ ਮਿਆਰੀ ਸੰਸਥਾਵਾਂ ਵਿੱਚ ਹੀ ਸਿੱਖਿਆ ਹਾਸਲ ਕਰ ਸਕਦੇ ਹਨ। ਪਰ ਪਲੱਸ ਟੂ ਤੋਂ ਬਾਅਦ ਵੱਡੀ ਪੱਧਰ 'ਤੇ ਵਿਦਿਆਰਥੀਆਂ ਦਾ ਬਿਨਾ ਸੋਚੇ ਸਮਝੇ ਪਰਵਾਸ ਕਰ ਜਾਣ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਦੇਸ ਵਿੱਚ ਉਚ ਸਿੱਖਿਆ ਦਾ ਸੌਦਾ ਘਾਟੇ ਦਾ ਸੌਦਾ ਬਣ ਗਿਆ ਹੈ।

ਉਂਝ ਇਸ ਮਾਮਲੇ ਵਿੱਚ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਇਸ ਪੱਖ ਤੋਂ ਵੀ ਵਿਚਾਰ ਕਰਨੀ ਪਏਗੀ ਕਿ ਉਚ ਸਿੱਖਿਆ, ਖਾਸ ਕਰਕੇ ਮੈਡੀਕਲ, ਇੰਜੀਨੀਅਰਿੰਗ ਅਤੇ ਤਕਨਾਲੋਜੀ ਖੇਤਰ ਵੀ, ਦੇਸ਼ ਦੇ ਗਰੀਬ ਤੋਂ ਗਰੀਬ ਵਿਦਿਆਰਥੀ ਦੀ ਪਹੁੰਚ ਵਿੱਚ ਰਹੇ। ਮਹਿੰਗੀ ਸਿੱਖਿਆ ਕਾਰਨ ਵੀ ਵਿਦਿਆਰਥੀ ਪਰਵਾਸ ਕਰਦੇ ਹਨ। ਇਸ ਤੋਂ ਇਲਾਵਾ ਡਿਗਰੀਆਂ ਕਰਕੇ ਨਿਕਲਦੇ ਵਿਦਿਆਰਥੀਆਂ ਲਈ ਰੁਜ਼ਗਾਰ ਦੇ ਸੋਮੇ ਵੀ ਵਧਾਉਣੇ ਹੋਣਗੇ। ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਨਿਕ ਦਿੱਕਤਾਂ ਵੀ ਵਿਦਿਆਰਥੀਆਂ ਨੂੰ ਪਰਦੇਸਾਂ ਵੱਲ ਭੱਜਣ ਲਈ ਮਜ਼ਬੂਰ ਕਰਦੀਆਂ ਹਨ। ਇਨ੍ਹਾਂ ਨੂੰ ਦਰੁਸਤ ਕਰਨਾ ਵੱਡਾ ਕਦਮ ਹੋਏਗਾ।

## ਕੀ 'ਇੰਡੀਆ' ਗੱਠਜੋੜ ਭਾਜਪਾ ਨੂੰ ਟੱਕਰ ਦੇ ਸਕੇਗਾ?

⇒ ਸਫਾ ਇੱਕ ਦੀ ਬਾਕੀ ...

ਉਤਸ਼ਾਹ 'ਇੰਡੀਆ' ਗੱਠਜੋੜ ਦੀ ਹੋਂਦ ਨੂੰ ਹੀ ਸਮੇਟ ਦਿੰਦਾ।

ਇਹ ਠੀਕ ਹੈ ਕਿ ਦਿੱਲੀ ਦੇ ਅਸ਼ੋਕਾ ਹੋਟਲ ਵਿੱਚ 19 ਦਸੰਬਰ ਵਾਲੇ ਦਿਨ ਹੋਈ ਕਾਂਗਰਸ ਦੀ ਅਗਵਾਈ ਵਾਲੇ ਇਸ ਗੱਠਜੋੜ ਦੀ ਮੀਟਿੰਗ ਵਿਚੋਂ ਬਹੁਤਾ ਕੁਝ ਕੱਢਣ ਪਾਉਣ ਨੂੰ ਨਹੀਂ ਨਿਕਲਿਆ ਅਤੇ ਮੀਡੀਆ, ਖਾਸ ਕਰਕੇ ਕੁਝ ਮੁਤਬਾਦਲ ਮੀਡੀਆ ਵਿੱਚ ਵੀ ਨਿਰਾਸ਼ਾਮਈ ਸੁਰ ਵੇਖਣ ਨੂੰ ਮਿਲੀ, ਪਰ ਕਈ ਅਦਾਰਿਆਂ ਨੇ ਆਸ ਦਾ ਪੱਲਾ ਫੜੀ ਰੱਖਿਆ ਹੈ। ਕਹਿ ਸਕਦੇ ਹਾਂ ਕੇ ਭਾਜਪਾ ਵਿਰੋਧੀ ਗੱਠਜੋੜ ਦੀ ਪੰਜ ਰਾਜਾਂ ਦੀਆਂ ਚੋਣਾਂ ਤੋਂ ਬਾਅਦ ਹੋਈ ਇਸ ਮੀਟਿੰਗ ਤੋਂ ਬਾਅਦ ਅਗਲੀ ਕਾਰਗੁਜ਼ਾਰੀ ਨੂੰ, ਲੋਕ ਸਭਾ ਚੋਣਾਂ ਦੀ ਦਿਸ਼ਾ ਵਿੱਚ ਜੇ ਤੇਜ਼ ਕਰਦੀ ਹੈ ਤਾਂ ਹਾਂ-ਮੁਖੀ ਸਿੱਟੇ ਨਿਕਲ ਸਕਦੇ ਹਨ। ਕਿਉਂਕਿ ਅਗਲੇ ਸਾਲ ਅਪ੍ਰੈਲ ਵਿੱਚ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਲਈ ਹੁਣ 100 ਕੁ ਦਿਨ ਦਾ ਸਮਾਂ ਹੀ ਮਸਾਂ ਬਚਿਆ ਹੈ। ਇਸ ਲਈ ਕਾਂਗਰਸ ਪਾਰਟੀ ਅਤੇ ਉਸ ਦੇ ਭਾਈਵਾਲਾਂ ਵਿਚਕਾਰ ਸੀਟਾਂ ਦੀ ਵੰਡ ਅਤੇ ਚੋਣ ਮੁਹਿੰਮ ਨੂੰ ਸਮੇਂ ਸਿਰ ਗੇਅਰ ਵਿੱਚ ਪਾਉਣਾ ਦਾ ਤਤਕਾਲੀ ਕਾਰਜ ਸਿਰ 'ਤੇ ਖੜ੍ਹਾ ਹੈ।

> **ਆਪਸੀ ਏਕਤਾ, ਸੀਟਾਂ ਦੀ ਵੰਡ ਅਤੇ ਚੋਣ ਮੈਨੇਜਮੈਂਟ ਦੀ ਹੋਏਗੀ ਕੇਂਦਰੀ ਭੂਮਿਕਾ**

ਇਸ ਤੋਂ ਇਲਾਵਾ ਗੱਠਜੋੜ ਦੇ ਭਾਈਵਾਲਾਂ ਵਿਚਕਾਰ ਪੀਡੀ ਏਕਤਾ, ਵੋਟਾਂ ਦਾ ਤਬਾਦਲਾ ਅਤੇ ਹੇਠਲੇ ਪੱਧਰ ਤੱਕ ਬੂਥ ਮੈਨੇਜਮੈਂਟ ਔਖੇ ਕਾਰਜ ਹੋਣਗੇ। ਅਸਲ ਵਿੱਚ ਇਹ ਚੋਣ ਮੈਨੇਜਮੈਂਟ ਵਾਲਾ ਪੱਖ ਹੀ ਹੈ, ਜਿੱਥੇ ਭਾਜਪਾ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੂੰ ਮਾਤ ਦੇ ਰਹੀ ਹੈ। ਕੇਂਦਰ ਵਿੱਚ ਸੱਤਾ, ਅਥਾਹ ਆਰਥਿਕ ਸੋਮਿਆਂ, ਵੱਡੀ ਕਾਰਪੋਰੇਟ ਲਾਬੀ ਦੀ ਹਮਾਇਤ, ਰਾਜ ਸ਼ਕਤੀ ਦੀ ਵਰਤੋਂ/ਕੁਵਰਤੋਂ ਅਤੇ ਵੋਟ ਫੀਸਦੀ ਪ੍ਰਤੀ ਮਾਈਕਰੋ ਕਿਸਮ ਦੀ ਮੈਨੇਜਮੈਂਟ ਤੇ ਇਕਜੁੱਟ ਕਮਿੱਟਡ ਕਾਡਰ ਕਾਰਨ ਹੀ ਭਾਜਪਾ ਵਿਰੋਧੀਆਂ 'ਤੇ ਭਾਰੀ ਪੈ ਰਹੀ ਹੈ।

ਇਸ ਦ੍ਰਿਸ਼ਟੀ ਤੋਂ ਦਿੱਲੀ ਵਾਲੀ ਮੀਟਿੰਗ ਵਿੱਚੋਂ 'ਇੰਡੀਆ' ਗੱਠਜੋੜ ਨੂੰ ਕੁਝ ਮਹੱਤਵਪੂਰਨ ਲੈ ਕੇ ਉੱਠਣਾ ਚਾਹੀਦਾ ਸੀ। ਤੇਜ਼ੀ ਨਾਲ ਨਤੀਜਾ ਮੁਖੀ ਕਦਮ ਚੁੱਕੇ ਬਿਨਾ ਆ ਰਹੀਆਂ ਲੋਕ ਸਭਾ ਚੋਣ ਵਿੱਚ ਕਾਂਗਰਸ ਅਤੇ ਉਸ ਦੀ ਭਾਈਵਾਲੀ ਵਾਲੇ ਗੱਠਜੋੜ ਦਾ ਭਵਿੱਖ, ਸਿਰ ਤੋਂ ਪੈਰਾਂ ਤੱਕ ਜਥੇਬੰਦ ਭਾਜਪਾ ਸਾਹਮਣੇ ਬਹੁਤਾ ਲਿਸ਼ਕਵਾਂ ਨਹੀਂ ਹੋਣ ਵਾਲਾ। ਫਿਰ ਵੀ ਇਸ ਪੱਖੋਂ ਸੰਤੁਸ਼ਟੀ ਪ੍ਰਗਟ ਕੀਤੀ ਜਾ ਸਕਦੀ ਹੈ ਕਿ ਪ੍ਰਮੁੱਖ ਭਾਈਵਾਲ, ਮਮਤਾ ਬੈਨਰਜੀ ਨੇ ਪੀ. ਐਮ. ਦੇ ਚਿਹਰੇ ਲਈ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਦਾ ਨਾਂ ਸੁਝਾਇਆ ਹੈ ਅਤੇ 'ਆਪ' ਆਗੂ ਅਰਵਿੰਦ ਕੇਜਰੀਵਾਲ ਨੇ ਇਸ ਦੀ ਤਾਈਦ ਕਰ ਦਿੱਤੀ ਹੈ।

ਮੀਟਿੰਗ ਤੋਂ ਬਾਅਦ ਭਾਵੇਂ ਕਈ ਹੋਰ ਪਾਰਟੀਆਂ ਦੇ ਆਗੂ ਵੀ ਪ੍ਰੈਸ ਨਾਲ ਗੱਲਬਾਤ ਕਰਦੇ ਨਜ਼ਰ ਆਏ, ਪਰ ਪ੍ਰਮੁੱਖ ਰੂਪ ਵਿੱਚ ਪ੍ਰੈਸ ਬਰੀਫਿੰਗ ਮਲਿਕਾਰਜੁਨ ਖੜਗੇ ਨੇ ਹੀ ਦਿੱਤੀ। ਰਾਜਨੀਤਿਕ ਵਿਸ਼ਲੇਸ਼ਕਾਂ ਅਨੁਸਾਰ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਨੂੰ ਆਪਣੀ ਕੋਆਰਡੀਨੇਸ਼ਨ ਕਮੇਟੀ ਜਾਂ ਕਨਵੀਨਰ ਬਾਰੇ ਵੀ ਫੈਸਲਾ ਜਲਦੀ ਨਾਲ ਨਬੇੜ ਲੈਣਾ ਚਾਹੀਦਾ ਹੈ ਤਾਂ ਕਿ ਵਿਰੋਧੀ ਗੁੱਟਾਂ ਵਿੱਚ ਇੱਕਜੁਟਤਾ ਨਜ਼ਰ ਆਵੇ। ਵਿਰੋਧੀ ਪਾਰਟੀਆਂ ਦਾ ਜਥੇਬੰਦਕ ਢਾਂਚਾ, ਡਸਿਪਲਨ ਅਤੇ ਸਮਰੱਥ ਅਗਵਾਈ ਨਾਲ ਆਮ ਲੋਕਾਂ ਦੀ ਪ੍ਰਸੈਪਸ਼ਨ ਤੇਜ਼ੀ ਨਾਲ ਬਦਲ ਸਕਦੀ ਹੈ। ਜਿਨ੍ਹਾਂ ਤਿੰਨ ਰਾਜਾਂ ਵਿੱਚ ਹਾਲ ਵਿੱਚ ਭਾਰਤੀ ਜਨਤਾ ਪਾਰਟੀ ਜਿੱਤੀ, ਉਨ੍ਹਾਂ ਵਿਚੋਂ ਦੋ ਵਿੱਚ ਵੋਟ ਫੀਸਦੀ ਦਾ ਬਹੁਤਾ ਫਰਕ ਨਹੀਂ ਹੈ, ਚੋਣ ਅਮਲ ਨੂੰ ਅਸਰਦਾਰ ਅਤੇ ਬਾਰੀਕੀ ਨਾਲ ਮੈਨੇਜ ਕਰਨ ਕਰਕੇ ਹੀ ਭਾਜਪਾ ਜਿੱਤੀ ਹੈ। ਇਸ ਤੋਂ ਇਲਾਵਾ ਵੱਡਾ ਮਸਲਾ ਈ.ਵੀ.ਐਮ. ਮਸ਼ੀਨਾਂ ਦਾ ਉਠਾਇਆ ਜਾ ਰਿਹਾ, ਜਿਸ ਬਾਰੇ ਕਾਂਗਰਸ ਦੀ ਅਗਵਾਈ ਵਾਲਾ ਗੱਠਜੋੜ ਬਹੁਤਾ ਕੁਝ ਨਹੀਂ ਬੋਲ ਰਿਹਾ।

ਕੁੱਲ ਹਿੰਦ ਰਾਜਨੀਤੀ 'ਤੇ ਨੇੜੇ ਤੋਂ ਨਜ਼ਰ ਰੱਖਣ ਵਾਲੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਕੇਰਲਾ, ਪੰਜਾਬ, ਪੱਛਮੀ ਬੰਗਾਲ ਜਿਹੇ ਰਾਜਾਂ ਵਿੱਚ ਹੀ ਗੱਠਜੋੜ ਨੂੰ ਸੀਟਾਂ ਦੀ ਵੰਡ ਵਿੱਚ ਕੁੱਝ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਬਾਕੀ ਸਾਰੇ ਕਿਤੇ ਜਿਹੜੀ ਖੇਤਰੀ ਪਾਰਟੀ ਤਾਕਤਵਰ, ਸੱਤਾ ਵਿੱਚ ਹੈ ਜਾਂ ਜਿੱਤਣ ਦੀ ਸਮਰੱਥਾ ਰੱਖਦੀ ਹੈ, ਉਸ ਰਾਜ ਵਿੱਚ ਫੈਸਲਾਕੁੰਨ ਸ਼ਕਤੀ ਉਸ ਕੋਲ ਹੀ ਹੋਏਗੀ। ਇਸ ਬਾਰੇ ਵੀ ਦਿੱਲੀ ਵਾਲੀ ਮੀਟਿੰਗ ਵਿੱਚ ਸਹਿਮਤੀ ਹੋ ਗਈ ਹੈ। ਜਦਕਿ ਸਮੁੱਚੇ ਤੌਰ 'ਤੇ ਕੌਮੀ ਪੱਧਰ 'ਤੇ ਕਾਂਗਰਸ ਪਾਰਟੀ ਹੀ ਵੱਡੀ ਮੁਤਬਾਦਲ ਪਾਰਟੀ ਹੈ। ਉਸੇ ਨੂੰ ਸਮੁੱਚੀ ਅਗਵਾਈ ਸਾਂਭਣੀ ਹੋਵੇਗੀ। ਦਿੱਲੀ ਵਾਲੀ ਮੀਟਿੰਗ ਵਿੱਚ ਇਸ ਪੱਖੋਂ ਵੀ ਕਾਂਗਰਸ ਹਰਕਤ ਵਿੱਚ ਨਜ਼ਰ ਆਈ।

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**

ਗਹਿਰ-ਗੰਭੀਰ

ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607




# ਵਿਵਾਦਪੂਰਨ ਹੈ ਵੋਟਾਂ ਦੀ ਗਿਣਤੀ

ਚੋਣਾਂ ਲੋਕਤੰਤਰ ਦੀ ਇੱਕ ਮਹੱਤਵਪੂਰਨ ਪ੍ਰਕ੍ਰਿਆ ਹੈ, ਜਿਸ ਦੁਆਰਾ ਲੋਕ ਆਪਣੇ ਪ੍ਰਤੀਨਿਧ ਚੁਣਦੇ ਹਨ। ਭਾਰਤ ਵਿੱਚ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਭਾਰਤ ਸਰਕਾਰ ਦੇ ਐਕਟ 1935 ਰਾਹੀਂ ਸਿਰਫ 13% ਲੋਕਾਂ ਨੂੰ ਵੋਟ ਦੇਣ ਦਾ ਅਧਿਕਾਰ ਸੀ, ਜਦਕਿ ਭਾਰਤ ਦੇ ਸੰਵਿਧਾਨ ਅਧੀਨ ਬਣੇ ਲੋਕ ਪ੍ਰਤੀਨਿਧਤਾ ਕਾਨੂੰਨ 1950 ਅਤੇ ਨਿਯਮ 1950 ਤਹਿਤ ਭਾਰਤ ਵਿੱਚ ਵੋਟ ਦੇਣ ਦਾ ਅਧਿਕਾਰ ਸਰਵ ਜਨਤਕ ਹੈ- ਭਾਵ ਹਰੇਕ ਵਿਅਕਤੀ ਜਿਸ ਦੀ ਉਮਰ 18 ਸਾਲ ਤੋਂ ਵਧੇਰੇ ਹੈ, ਕਿਸੇ ਚੋਣ ਹਲਕੇ ਦੇ ਖੇਤਰ ਵਿੱਚ ਆਮ ਵਸਨੀਕ ਹੈ ਅਤੇ ਉਹ ਭਾਰਤ ਦਾ ਨਾਗਰਿਕ ਹੈ, ਆਪਣੀ ਵੋਟ ਬਣਾਉਣ ਲਈ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਨਿਯੁਕਤ ਵੋਟਰ ਰਜਿਸਟਰੇਸ਼ਨ ਅਫਸਰ ਪਾਸ ਲਿਖਤੀ ਬੇਨਤੀ ਕਰਕੇ ਵੋਟਰ ਬਣਾ ਸਕਦਾ ਹੈ। ਉਸਦੀ ਬੇਨਤੀ ਸਵਿਕਾਰ ਹੋਣ 'ਤੇ ਉਸ ਦਾ ਨਾਮ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਸ਼ਾਮਲ ਹੋ ਜਾਂਦਾ ਹੈ ਅਤੇ ਉਸਨੂੰ ਚੋਣ ਕਮਿਸ਼ਨ ਵੱਲੋਂ ਵੋਟਰ ਸ਼ਨਾਖਤੀ ਕਾਰਡ ਮਿਲ ਜਾਂਦਾ ਹੈ। ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕਰਨ, ਚੋਣ ਸਾਰਨੀ ਜਾਰੀ ਕਰਨ, ਰਾਜਸੀ ਪਾਰਟੀਆਂ ਦੀ ਰਜਿਸਟਰੇਸ਼ਨ, ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਚੋਣ ਲੜਨ ਲਈ ਮਨਜ਼ੂਰੀ ਅਤੇ ਚੋਣ ਚਿੰਨ੍ਹ ਦੇਣ ਦੇ ਨਾਲ-ਨਾਲ ਕੁੱਲ ਪਈਆਂ ਵੋਟਾਂ ਦੀ ਗਿਣਤੀ ਕਰਨੀ ਤੇ ਨਤੀਜਿਆਂ ਦਾ ਐਲਾਨ ਕਰਨਾ ਭਾਰਤ ਦੀ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ।

ਐਸੋਸੀਏਸ਼ਨ ਫ਼ਾਰ ਡੈਮੋਕਰੈਟਿਕ ਰਿਫ਼ਾਰਮਜ਼ ਸੰਸਥਾ ਵੱਲੋਂ ਵੋਟਰਾਂ ਦੇ ਵਤੀਰੇ ਦਾ ਅਧਿਐਨ ਕਰਦੇ ਹੋਏ ਰਿਪੋਰਟ ਜਾਰੀ ਕੀਤੀ ਹੈ। ਇਸ ਵਿੱਚ ਜਨਰਲ, ਓ.ਬੀ.ਸੀ., ਮਰਦ-ਔਰਤਾਂ, ਅਨੂਸੂਚਿਤ ਜਾਤੀ/ਜਨਜਾਤੀ, ਅਮੀਰ-ਗਰੀਬ, ਪੇਂਡੂ ਤੇ ਸ਼ਹਿਰੀ ਵੋਟਰਾਂ ਦੀ ਵੋਟ ਪਾਉਣ ਦੀ ਤਰਜੀਹ ਦਾ ਅਧਿਐਨ ਕੀਤਾ ਹੈ। ਅਧਿਐਨ ਅਨੁਸਾਰ ਔਸਤਨ 65% ਵੋਟਰ ਜਾਤ ਬਰਾਦਰੀ ਅਤੇ ਧਰਮ ਵੇਖ ਕੇ ਉਮੀਦਵਾਰ ਨੂੰ ਵੋਟ ਪਾਉਂਦੇ ਹਨ। ਇਸੇ ਤਰ੍ਹਾਂ ਗੰਭੀਰ ਅਪਰਾਧਿਕ ਕੇਸਾਂ ਵਾਲੇ ਉਮੀਦਵਾਰਾਂ ਨੂੰ ਵੋਟਾਂ ਪਾਉਣਾ ਔਸਤਨ 48% ਵੋਟਰਾਂ ਨੂੰ ਉਮੀਦਵਾਰ ਦਾ ਚੰਗਾ ਕੰਮ ਲਗਦਾ ਹੈ, 39% ਉਮੀਦਵਾਰਾਂ ਨੇ ਚੋਣਾਂ ਵਿੱਚ ਖੂਬ ਖਰਚਾ ਕੀਤਾ ਹੈ, 39% ਵੋਟਰਾਂ ਨੂੰ ਉਮੀਦਵਾਰਾਂ ਦੇ ਅਪਰਾਧਿਕ ਕਿਰਦਾਰ ਬਾਰੇ ਪਤਾ ਨਹੀਂ। 77% ਵੋਟਰ ਅਪਰਾਧਿਕ ਕੇਸਾਂ ਵਾਲੇ ਉਮੀਦਵਾਰਾਂ ਨੂੰ ਇਸ ਲਈ ਵੋਟ ਪਾਉਂਦੇ ਹਨ, ਕਿਉਂਕਿ ਉਸਨੇ ਵੋਟਰਾਂ ਨੂੰ ਮੁਫਤ ਦੀ ਸ਼ਰਾਬ ਪਿਆਈ ਹੈ ਜਾਂ ਨਕਦੀ ਅਤੇ ਹੋਰ ਤੋਹਫੇ ਦਿੱਤੇ ਹਨ। 38% ਵੋਟਰ ਅਪਰਾਧਿਕ ਕੇਸਾਂ ਵਾਲੇ ਉਮੀਦਵਾਰਾਂ ਨੂੰ ਵੋਟ ਪਾਉਂਦੇ ਹਨ, ਕਿਉਂਕਿ ਉਹ ਉਨ੍ਹਾਂ ਦੀ ਜਾਤ-ਬਰਾਦਰੀ ਜਾਂ ਧਰਮ ਨਾਲ ਸਬੰਧਤ ਹੁੰਦਾ ਹੈ। ਔਸਤਨ 36% ਵੋਟਰ ਮੰਨਦੇ ਹਨ ਕਿ ਅਪਰਾਧਿਕ ਕੇਸਾਂ ਵਾਲੇ ਉਮੀਦਵਾਰਾਂ ਦੇ ਅਪਰਾਧ ਗੰਭੀਰ ਨਹੀਂ ਹਨ।

ਵੋਟਰਾਂ ਨੂੰ ਵੋਟ ਪਾਉਂਦੇ ਸਮੇਂ ਭਾਰਤ ਦੇ ਸਾਬਕਾ ਮੁੱਖ ਚੋਣ ਕਮਿਸ਼ਨਰ ਡਾ. ਐੱਸ.ਵਾਈ. ਕੁਰੈਸ਼ੀ ਦੇ 10 ਮਈ 2019 ਨੂੰ ਦਿੱਤੇ ਬਿਆਨ ਨੂੰ ਯਾਦ ਰੱਖਣਾ ਚਾਹੀਦਾ ਹੈ, ਜਿਸ ਅਨੁਸਾਰ 'ਜਦੋ ਚੋਣਾਂ ਬਹੁਤ ਹੀ ਮੁਕਾਬਲੇ ਵਾਲੀਆਂ ਬਣ ਜਾਣ ਤਾਂ ਦੌਲਤ ਅਤੇ ਅਪਰਾਧੀ ਅਨਸਰਾਂ ਦੀ ਭੂਮਿਕਾ ਵਧ ਜਾਂਦੀ ਹੈ। ਅਪਰਾਧੀ ਆਸਾਨੀ ਨਾਲ ਤਾਕਤਵਰ ਬਣ ਜਾਂਦੇ ਹਨ ਅਤੇ ਰਾਜਸੀ ਖੇਤਰ ਵਿੱਚ ਮਾਨਤਾ ਪ੍ਰਾਪਤ ਕਰ ਲੈਂਦੇ ਹਨ। ਜਰੂਰਤ ਹੈ, ਉਮੀਦਵਾਰ ਜਿਨ੍ਹਾਂ ਨੂੰ ਫੌਜਦਾਰੀ ਕੇਸਾਂ ਵਿੱਚ ਸਜ਼ਾ ਮਿਲੀ ਹੋਵੇ ਜਾਂ ਅਦਾਲਤ ਵਿੱਚ ਉਨ੍ਹਾਂ ਵਿਰੁੱਧ ਚਾਰਜਸ਼ੀਟ ਦਾਖਲ ਕੀਤੀ ਜਾ ਚੁਕੀ ਹੋਵੇ, ਚੋਣ ਲੜਨ ਲਈ ਆਯੋਗ ਮੰਨੇ ਜਾਣੇ ਚਾਹੀਦੇ ਹਨ।




ਜਰੂਰਤ ਹੈ ਕਿ ਰਾਜਨੀਤਿਕ ਪਾਰਟੀਆਂ ਨੂੰ ਇਲੈਕਟਰੋਲ ਬਾਂਡਾਂ ਦੇ ਰੂਪ ਵਿੱਚ ਦਿੱਤੇ ਜਾਂਦੇ ਚੋਣ ਚੰਦਿਆਂ ਦੇ ਵੇਰਵੇ, ਜਿਸ ਵਿੱਚ ਪ੍ਰਾਪਤ ਕੀਤੀ ਰਕਮ ਅਤੇ ਦਾਨੀਆਂ ਦੇ ਨਾਮ ਸ਼ਾਮਲ ਹੋਣ, ਲੋਕਾਂ ਦੀ ਜਾਣਕਾਰੀ ਲਈ ਜਨਤਕ ਡੋਮੇਨ ਵਿੱਚ ਪਾਏ ਜਾਣ। ਕਈ ਦਿਸ਼ਾ-ਨਿਰਦੇਸ਼ਾਂ ਅਤੇ ਕੋਡਾਂ ਦੇ ਬਾਵਜੂਦ ਪਿਛਲੀਆਂ ਚੋਣਾਂ ਵਿੱਚ ਮੀਡੀਆ ਦੀਆਂ ਉਲੰਘਣਾਵਾਂ ਤੇ ਚੋਣ ਕਮਿਸ਼ਨ ਵੱਲੋਂ ਕਾਰਵਾਈ ਨਾ ਕਰਨ ਦਾ ਦੋਸ਼ ਹੈ। ਚੋਣ ਕਮਿਸ਼ਨ ਆਨਲਾਈਨ ਫਰਜੀ ਖਬਰਾਂ ਵਿਰੁੱਧ ਕਾਰਵਾਈ ਕਰਨ ਵਿੱਚ ਨਾਕਾਮ ਰਿਹਾ ਹੈ ਅਤੇ ਅਸਰਦਾਰ ਢੰਗ ਨਾਲ ਆਦਰਸ਼ ਚੋਣ ਜਾਬਤੇ ਨੂੰ ਲਾਗੂ ਨਹੀਂ ਕਰ ਰਿਹਾ। ਵੋਟਰ ਸੂਚੀਆਂ ਦੀ ਸ਼ੁਧਤਾ ਦੀ ਵੀ ਜਾਂਚ ਕਰਨ ਦੀ ਲੋੜ ਹੈ। ਹਲਕੇ ਦੇ ਲੋਕਾਂ ਵੱਲੋਂ ਚੋਣ ਮੈਨੀਫੈਸਟੋ ਤਿਆਰ ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਚੋਣ ਲੜਨ ਵਾਲੀਆਂ ਪਾਰਟੀਆਂ ਅਤੇ ਉਮੀਦਵਾਰ ਅਪਨਾਉਣ ਅਤੇ ਲਾਗੂ ਕਰਨਾ ਯਕੀਨੀ ਬਣਾਉਣ।

ਭਾਰਤ ਵਿੱਚ 1990 ਤੱਕ ਕਾਗਜ਼ੀ ਬੈਲਟ ਦੀ ਵਰਤੋਂ ਹੁੰਦੀ ਰਹੀ ਹੈ, ਜਿਸ ਅਧੀਨ ਕਾਗਜ਼ੀ ਬੈਲਟ ਉਤੇ ਆਪਣੀ ਪ੍ਰਵਾਨਗੀ ਦੇ ਕੇ ਵੋਟਰ ਕਾਗਜੀ ਬੈਲਟ ਬਕਸੇ ਵਿੱਚ ਪਾਉਂਦਾ ਹੁੰਦਾ ਸੀ। ਵੋਟਿੰਗ ਦੀ ਇਸ ਵਿਵਸਥਾ ਅਧੀਨ ਚੋਣਾਂ ਵਿੱਚ ਵੱਡੇ ਪੈਮਾਨੇ ਤੇ ਚੋਣ ਸਬੰਧਿਤ ਅਪਰਾਧਿਕ ਗਤੀਵਿਧੀਆਂ-ਬੂਥ ਉਤੇ ਕਬਜੇ ਅਤੇ ਵੋਟਾਂ ਨੂੰ ਗਿਣਤੀ ਵਿੱਚ ਹੇਰਾ-ਫੇਰੀ ਕਰਨੀ ਆਦਿ ਕਾਰਨ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਸ਼ੁਰੂ ਹੋਈ। ਉਸ ਸਮੇਂ ਦੇ ਮੁੱਖ ਚੋਣ ਕਮਿਸ਼ਨਰ ਟੀ. ਐੱਨ. ਸੇਸ਼ਨ ਨੇ 1990 ਦੇ ਦਹਾਕੇ ਵਿੱਚ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦਾ ਵਿਕਾਸ ਕਰਕੇ ਵੋਟਿੰਗ ਅਤੇ ਵੋਟਾਂ ਦੀ ਗਿਣਤੀ ਨੂੰ ਭਰੋਸੇਯੋਗ ਬਣਾਉਣ ਦਾ ਯਤਨ ਕੀਤਾ ਸੀ, ਪਰ ਈ.ਵੀ.ਐਮਜ਼ ਵੋਟਿੰਗ ਪ੍ਰਕ੍ਰਿਆਵਾਂ ਲੋਕਾਂ ਦਾ ਭਰੋਸਾ ਜਿੱਤ ਨਹੀਂ ਸਕੀ।

ਭਾਰਤ ਦਾ ਚੋਣ ਕਮਿਸ਼ਨ ਆਪਣੇ ਫਲੈਗਸ਼ਿਪ ਪ੍ਰੋਗਰਾਮ 'ਸਵੀਪ' ਰਾਹੀਂ ਵੋਟਰਾਂ ਨੂੰ ਸਿਖਿਅਤ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਵੋਟਿੰਗ ਪ੍ਰਕ੍ਰਿਆ ਵਿੱਚ ਭਾਗੀਦਾਰੀ ਨੂੰ ਸੁਨਿਸ਼ਚਿਤ ਕਰਨ ਲਈ ਸਰਗਰਮ ਹੈ। ਚੋਣ ਕਮਿਸ਼ਨ ਵਚਨਬੱਧ ਹੈ ਕਿ 'ਕੋਈ ਯੋਗ ਵਿਅਕਤੀ ਵੋਟਰ ਬਣਨੋਂ ਅਤੇ ਵੋਟ ਪਾਉਣੋਂ ਰਹਿ ਨਾ ਜਾਵੇ।' ਚੋਣ ਕਮਿਸ਼ਨ ਦਾ ਇਹ ਵੀ ਦਾਅਵਾ ਹੈ ਕਿ ਹਰੇਕ ਪਾਈ ਵੋਟ ਭਾਵੇਂ ਈ.ਵੀ.ਐਮ., ਡਾਕ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਪਾਈ ਗਈ ਵੋਟ ਗਿਣੀ ਜਾਂਦੀ ਹੈ। ਚੋਣ ਕਮਿਸ਼ਨ ਦੇ ਇਸ ਦਾਅਵੇ ਦੀ ਕਿ ਹਰ ਵੋਟ ਗਿਣੀ ਜਾਂਦੀ ਹੈ, ਲੋਕ ਇਸ ਬਾਰੇ ਭਰੋਸੇਮੰਦ ਨਹੀਂ ਹਨ।

ਵੋਟ ਗਿਣਤੀ ਪ੍ਰਕ੍ਰਿਆ ਦੀ ਗੁਣਵਤਾ ਅਤੇ ਭਰੋਸੇਯੋਗਤਾ ਸ਼ੱਕ ਦੇ ਘੇਰੇ ਵਿੱਚ ਰਹੀ ਹੈ। ਭਾਰਤ ਵਿੱਚ ਚੋਣ ਸੁਧਾਰਾਂ ਨਾਲ ਜੁੜੇ ਸਿਵਲ ਸੁਸਾਇਟੀ ਸੰਸਥਾਵਾਂ, ਪੀਪਲ ਫ਼ਸਟ, ਇਲੈਕਸ਼ਨ ਵਾਚ, ਏ.ਡੀ.ਆਰ., ਨੈਸ਼ਨਲ ਅਲਾਇੰਸ ਆਫ਼ ਪੀਪਲਜ਼ ਮੂਵਮੈਂਟ ਆਦਿ ਦੇ ਅਧਿਐਨਾਂ ਅਤੇ ਰਿਪੋਰਟਾਂ ਅਨੁਸਾਰ ਭਾਰਤੀ ਚੋਣਾਂ ਵਿੱਚ ਤਿੰਨ ਐਮ- ਮਨੀ, ਮਸ਼ੀਨ (ਈ.ਵੀ.ਐਮ.) ਅਤੇ ਮੀਡੀਆ ਨੇ ਨਾਗਰਿਕਾਂ ਦੇ ਵੋਟ ਦੇ ਅਧਿਕਾਰ ਨੂੰ ਖੋਹਿਆ ਹੈ। ਭਾਰਤ ਵਿੱਚ ਵੋਟਾਂ ਪਾਉਣ ਅਤੇ ਵੋਟਾਂ ਦੀ ਗਿਣਤੀ ਦੀ ਪ੍ਰਕ੍ਰਿਆਵਾਂ ਵਿੱਚ ਈ.ਵੀ.ਐਮਜ਼ ਦੇ ਨਾਲ ਜੋੜੇ ਗਏ ਵੀ.ਵੀ. ਪੈਟ (ਵੋਟਰ ਵਾਰੀਫੀਏਬਲ ਪੇਪਰ ਆਡਿਟ ਟਰੇਲ) ਦੀ ਮਹੱਤਵਪੂਰਨ ਭੂਮਿਕਾ ਹੈ। ਮੌਜੂਦਾ ਵੋਟਿੰਗ ਪ੍ਰਕ੍ਰਿਆ ਵਿੱਚ ਇੱਕੋ ਸਮੇਂ ਦੋ ਵੋਟਾਂ ਪੈਂਦੀਆਂ ਹਨ। ਮੌਜੂਦਾ ਭਾਰਤੀ ਵੀ.ਵੀ. ਪੈਟ ਦੁਆਰਾ ਛਾਪੀ ਜਾਂਦੀ ਹੈ ਅਤੇ ਦੂਜੀ ਵੋਟ ਜੋ ਈ.ਵੀ.ਐਮ. ਦੀ ਮੈਮੋਰੀ ਵਿੱਚ ਰਿਜ਼ਵਰ ਹੁੰਦੀ ਹੈ।

ਚੋਣ ਸੰਚਾਲਨ (ਸੋਧ) ਨਿਯਮ 2013 ਦਾ ਨਿਯਮ 56ਡੀ(4) ਬੀ ਕਹਿੰਦਾ ਹੈ ਕਿ ਕਿਸੇ ਵਿਵਾਦ ਦੀ ਸਥਿਤੀ ਵਿੱਚ ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 61ਏ ਅਨੁਸਾਰ ਵੀ.ਵੀ. ਪੈਟ ਦੀ ਸਲਿੱਪ ਹੀ ਅਲਸੀ ਵੋਟ ਹੋਵੇਗੀ, ਈ.ਵੀ.ਐਮ. ਮੈਮੋਰੀ ਵਾਲੀ ਨਹੀਂ। ਤ੍ਰਾਸਦੀ ਹੈ ਕਿ ਚੋਣ ਕਮਿਸ਼ਨ 100% ਵੀ.ਵੀ. ਪੈਟ ਛਪੀਆਂ ਵੋਟਾਂ ਦੀ ਗਿਣਤੀ ਕਰਵਾਉਣ ਤੋਂ ਇਨਕਾਰ ਕਰ ਰਿਹਾ ਹੈ। ਸਿਰਫ ਈ.ਵੀ.ਐਮ. ਮੈਮੋਰੀ ਵਿੱਚ ਦਰਜ ਵੋਟਾਂ ਦੀ ਗਿਣਤੀ ਦੇ ਆਧਾਰ 'ਤੇ ਚੋਣਾਂ ਦੇ ਫੈਸਲੇ ਹੋ ਰਹੇ ਹਨ, ਜੋ ਅਸਲ ਵੋਟ ਨਹੀਂ ਹੈ। ਸੁਪਰੀਮ ਕੋਰਟ ਵਿੱਚ ਵੀ.ਵੀ. ਪੈਟ ਵਿੱਚ ਛਪੀਆਂ ਵੋਟਾਂ ਦੀ ਗਿਣਤੀ ਸਬੰਧੀ ਰਿਟ ਪਟੀਸ਼ਨ ਦੀ ਸੁਣਵਾਈ ਦੌਰਾਨ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਝੂਠਾ ਹਲਫ਼ਨਾਮਾ ਦਿੱਤਾ ਗਿਆ ਹੈ ਕਿ ਵੋਟਾਂ ਦੀ ਗਿਣਤੀ ਸਹੀ ਢੰਗ ਨਾਲ ਹੋ ਰਹੀ ਹੈ। ਲੋਕ ਰਾਏ ਹੈ ਕਿ ਈ.ਵੀ.ਐਮ. ਆਧਾਰਤ ਵੋਟਿੰਗ ਅਤੇ ਗਿਣਤੀ ਲੋਕਤੰਤਰੀ ਸਿਧਾਂਤਾਂ ਦੀ ਪਾਲਣਾ ਨਹੀਂ ਕਰ ਰਹੀ, ਜਦਕਿ ਵੀ.ਵੀ. ਪੈਟ ਪੁਸ਼ਟੀ ਕਰਦਾ ਹੈ ਕਿ ਹਰੇਕ ਵੋਟ ਵੋਟਰ ਨੇ ਆਪਣੀ ਮਰਜੀ ਨਾਲ ਪਾ ਕੇ ਵੇਖ ਵੀ ਲਈ ਹੈ। ਜਰੂਰਤ ਹੈ ਕਿ ਹਰੇਕ ਵੋਟਰ ਵੱਲੋਂ ਈ.ਵੀ.ਐਮ. ਰਾਹੀਂ ਪਾਈ ਗਈ ਵੋਟ ਦਾ ਵੀ.ਵੀ. ਪੈਟ ਵਿੱਚ ਦਰਜ ਵੋਟਾਂ ਦੀ ਦਸਤੀ ਤੌਰ 'ਤੇ ਗਿਣਤੀ ਕਰਕੇ ਉਸਦਾ ਮਿਲਾਨ ਈ.ਵੀ.ਐਮ. ਮੈਮੋਰੀ ਵਿੱਚ ਦਰਜ ਵੋਟਾਂ ਨਾਲ ਮਿਲਾਨ ਕਰਨ ਤੋਂ ਬਾਅਦ ਜੇ ਮਿਲਤਨ ਸਹੀ ਹੈ ਤਾਂ ਹੀ ਚੋਣਾਂ ਦੇ ਨਤੀਜੇ ਐਲਾਨੇ ਜਾਣ। ਹੁਣ ਭਾਰਤ ਦੇ ਚੋਣ ਕਮਿਸ਼ਨ ਨੂੰ ਸਾਬਤ ਕਰਨਾ ਹੋਵੇਗਾ ਕਿ ਭਾਰਤ ਦੇ ਲੋਕ ਉਸ ਉਤੇ ਕਿੰਨਾ ਕੁ ਭਰੋਸਾ ਕਰਦੇ ਹਨ।

TASTE OF India
FINE DINING BISTRO
17115 W. Bluemound Rd, Suite D1, Brookfield, WI 53005

We Do Catering

ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ
ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325

# ਪਾਰਲੀਮੈਂਟ ਦੀ ਸੁਰੱਖਿਆ ਨੂੰ ਸੰਨ੍ਹ ਦਾ ਮਾਮਲਾ

***ਛੇ ਜਣੇ ਗ੍ਰਿਫਤਾਰ *ਸਾੜੇ ਗਏ ਫੋਨ ਪੁਲਿਸ ਨੇ ਬਰਾਮਦ ਕੀਤੇ**
***ਮਾਮਲੇ ਨੂੰ ਲੈ ਕੇ ਵਿਰੋਧੀ ਧਿਰ ਦੇ 141 ਐਮ.ਪੀ. ਮੁਅੱਤਲ**

ਬੀਤੀ 13 ਦਸੰਬਰ ਨੂੰ ਜਦੋਂ ਸੰਸਦ, ਖ਼ਾਸ ਕਰਕੇ ਸਰਕਾਰੀ ਧਿਰ ਸੰਸਦ 'ਤੇ ਸਾਲ 2001 ਵਿੱਚ ਹੋਏ ਹਥਿਆਰਬੰਦ ਹਮਲੇ ਨੂੰ ਯਾਦ ਕਰ ਰਹੀ ਸੀ ਤਾਂ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚੋਂ ਇਕੱਠੇ ਹੋਏ 5 ਵਿੱਚੋਂ 2 ਨੌਜੁਆਨਾਂ ਨੇ ਸੰਸਦ ਦੇ ਅੰਦਰ ਵੜ ਕੇ ਧੂੰਆਂ ਪੈਦਾ ਕਰਨ ਵਾਲੇ ਬੰਬ ਚਲਾ ਦਿੱਤੇ। ਦੋ ਹੋਰ ਨੌਜਵਾਨਾਂ ਵੱਲੋਂ ਸੰਸਦ ਦੇ ਬਾਹਰ ਇਸੇ ਕਿਸਮ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਇਨ੍ਹਾਂ ਵਿੱਚੋਂ ਇੱਕ ਨੌਜਵਾਨ ਲਲਿਤ ਝਾਅ, ਜੋ ਸਾਰੀ ਘਟਨਾ ਦੀ ਵੀਡੀਓ ਬਣਾ ਰਿਹਾ ਸੀ ਅਤੇ ਸਾਜ਼ਿਸ਼ਘਾੜਾ ਦੱਸਿਆ ਜਾ ਰਿਹਾ ਹੈ, ਨੇ ਬਾਅਦ ਵਿੱਚ ਦਿੱਲੀ ਪੁਲਿਸ ਕੋਲ ਆਤਮ ਸਮਰਪਣ ਕਰ ਦਿੱਤਾ। ਘਟਨਾ ਤੋਂ ਬਾਅਦ ਲਲਿਤ ਝਾਅ ਨੂੰ ਪਨਾਹ ਦੇਣ ਵਾਲੇ ਇੱਕ ਵਿਅਕਤੀ ਮਹੇਸ਼ ਕੁਮਾਵਤ ਨੂੰ ਵੀ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ, ਉਸ ਕੋਲੋਂ ਵੀ ਪੁਲਿਸ ਵੱਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਇਸ ਕੇਸ ਵਿੱਚ ਹੁਣ ਤੱਕ ਛੇ ਗ੍ਰਿਫਤਾਰੀਆਂ ਹੋਈਆਂ ਹਨ। ਇਹ ਸਾਰੇ ਪੁਲਿਸ ਰਿਮਾਂਡ ਵਿੱਚ ਹਨ।

ਇਸ ਮਸਲੇ ਨੂੰ ਲੈ ਕੇ ਵਿਰੋਧੀ ਧਿਰਾਂ ਦੇ ਹੰਗਾਮੇ ਦੇ ਮੱਦੇਨਜ਼ਰ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੇ 141 ਐਮ.ਪੀ. ਮੁਅੱਤਲ ਕਰ ਦਿੱਤੇ ਗਏ ਹਨ। ਵਿਰੋਧੀ ਧਿਰਾਂ ਦੇ ਆਗੂ ਇਸ ਨੂੰ ਭਾਜਪਾ ਦੀ ਤਾਨਾਸ਼ਾਹੀ ਅਤੇ ਕਾਲੇ ਦੌਰ ਦਾ ਨਾਂ ਦੇ ਰਹੇ ਹਨ।

ਯਾਦ ਰਹੇ, ਦੋ ਨੌਜਵਾਨ ਜਿਹੜੇ ਪਾਰਲੀਮੈਂਟ ਵਿੱਚ ਦਾਖਲ ਹੋਏ, ਉਨ੍ਹਾਂ ਦੇ ਨਾਂ ਮਨੋਰੰਜਨ ਡੀ. ਅਤੇ ਸਾਗਰ ਸ਼ਰਮਾ ਦੱਸੇ ਗਏ ਹਨ। ਇਸ ਤੋਂ ਇਲਾਵਾ ਹਰਿਆਣਾ ਦੀ ਰਹਿਣ ਵਾਲੀ ਇੱਕ 37 ਸਾਲਾ ਲੜਕੀ ਨੀਲਮ ਅਤੇ ਅਮੋਲ ਛਿੰਦੇ ਨੇ ਰੰਗੀਨ ਧੂੰਏਂ ਦੇ ਕੈਨਿਸਟਰ ਚਲਾ ਕੇ ਪਾਰਲੀਮੈਂਟ ਦੇ ਬਾਹਰ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ 'ਤਾਨਾਸ਼ਾਹੀ ਨਹੀਂ ਚਲੇਗੀ', 'ਜੈ ਭਾਰਤ, ਜੈ ਭੀਮ' ਅਤੇ 'ਭਾਰਤ ਮਾਤਾ ਕੀ ਜੈ' ਆਦਿ ਨਾਹਰੇ ਵੀ ਲਗਾਏ ਸਨ। ਪੰਜਵਾਂ ਮੈਂਬਰ ਲਲਿਤ ਝਾਅ ਦੋ ਦਿਨ ਬਾਅਦ ਪਲਿਸ ਵੱਲੋਂ ਦਿੱਲੀ ਵਿੱਚੋਂ ਗ੍ਰਿਫਤਾਰ ਕੀਤਾ ਗਿਆ। ਉਸ ਨੂੰ ਪਨਾਹ ਦੇਣ ਵਾਲਾ ਮਹੇਸ਼ ਕੁਮਾਵਤ ਵੀ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਇਹ ਸਾਰੇ ਨੌਜੁਆਨ ਫੇਸਬੁੱਕ 'ਤੇ 'ਭਗਤ ਸਿੰਘ ਫੈਨ ਪੇਜ' ਦੇ ਜ਼ਰੀਏ ਇੱਕ ਦੂਜੇ ਨਾਲ ਜੁੜੇ ਹਏ ਸਨ। ਇੱਕ ਲੰਮੀ ਯੋਜਨਾਬੰਦੀ ਅਤੇ ਪਾਰਲੀਮੈਂਟ ਦੇ ਵੱਖ-ਵੱਖ ਬੂਹਿਆਂ ਦੀ ਰੈਕੀ ਕਰਨ ਤੋਂ ਬਾਅਦ ਉਨ੍ਹਾਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ।

ਲਲਿਤ ਝਾਅ, ਜਿਹੜਾ ਪ੍ਰਦਰਸ਼ਨ ਤੋਂ ਬਾਅਦ ਰਾਜਸਥਾਨ ਵੱਲ ਖਿਸਕ ਗਿਆ ਸੀ, ਉਸ ਦੀ ਨਿਸ਼ਾਨਦੇਹੀ 'ਤੇ, ਜਾਂਚ ਕਰ ਰਹੀ ਪੁਲਿਸ ਟੀਮ ਨੇ ਸਾਰੇ ਗਰੁੱਪ ਦੇ ਸੜੇ ਹੋਏ ਫੋਨ ਰਾਜਸਥਾਨ ਦੇ ਕੁਛਮਾਨ ਵਿੱਚੋਂ ਬਰਾਮਦ ਕਰ ਲਏ ਹਨ। ਪੁਲਿਸ ਅਨੁਸਾਰ ਇੱਕ ਰਾਤ ਹੋਟਲ ਵਿੱਚ ਕੱਟਣ ਤੋਂ ਬਾਅਦ ਲਲਿਤ ਝਾਅ ਨਾਗੌਰ ਵਿੱਚ ਮਹੇਸ਼ ਕੁਮਾਵਤ ਨਾਮ ਦੇ ਇੱਕ ਵਿਅਕਤੀ ਕੋਲ ਰਿਹਾ। ਉਸ ਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਗ੍ਰਿਫਤਾਰ ਕੀਤਾ ਗਿਆ। ਪੁਲਿਸ ਅਨੁਸਾਰ ਇਹ ਵੀ ਉਕਤ ਪ੍ਰਦਰਸ਼ਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹੈ।

ਇਹ ਪੱਖ ਵੀ ਸਾਹਮਣੇ ਆਇਆ ਹੈ ਕਿ ਕਥਿਤ ਹਮਲੇ ਵਿੱਚ ਸ਼ਾਮਲ ਪ੍ਰਦਸ਼ਨਕਾਰੀ ਕੋਈ ਨਵੀਂ ਰਾਜਨੀਤਿਕ ਪਾਰਟੀ ਖੜ੍ਹੀ ਕਰਨੀ ਚਾਹੁੰਦੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਪੂਰੇ ਦੇਸ਼ ਦੇ ਲੋਕਾਂ ਦਾ ਧਿਆਨ ਖਿੱਚਣ ਲਈ ਇਸ ਘਟਨਾ ਨੂੰ ਅੰਜਾਮ ਦਿੱਤਾ। ਉਧਰ ਇਸ ਘਟਨਾ ਨੂੰ ਲੈ ਕੇ ਵਿਰੋਧੀ ਧਿਰ ਦਾ ਪਾਰਲੀਮੈਂਟ ਵਿੱਚ ਹੰਗਾਮਾ ਜਾਰੀ ਰਿਹਾ। ਵਿਰੋਧੀ ਧਿਰਾਂ ਪਾਰਲੀਮੈਂਟ ਦੇ ਅੰਦਰ-ਬਾਹਰ ਕੀਤੇ ਗਏ ਉਕਤ ਪ੍ਰਦਰਸ਼ਨ ਬਾਰੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਵੱਲੋਂ ਪਾਰਲੀਮੈਂਟ ਵਿੱਚ ਬਿਆਨ ਦੇਣ ਦੀ ਮੰਗ ਕਰ ਰਹੀਆਂ ਹਨ, ਜਦਕਿ ਸੱਤਾਧਾਰੀ ਧਿਰ ਆਖ ਰਹੀ ਹੈ ਕਿ ਇਸ ਕਿਸਮ ਦੀ ਬਿਆਨਬਾਜ਼ੀ ਨਾਲ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਪ੍ਰਭਾਵਿਤ ਹੋਵੇਗੀ, ਇਸ ਲਈ ਵਿਰੋਧੀ ਧਿਰ ਨੂੰ ਇਸ ਮਸਲੇ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ।



ਵਿਰੋਧੀ ਧਿਰ ਵੱਲੋਂ ਪਾਰਲੀਮੈਂਟ ਵਿੱਚ ਕੀਤੇ ਜਾ ਰਹੇ ਪ੍ਰਦਰਸ਼ਨ ਸਦਕਾ ਹੁਣ ਤੱਕ 141 ਪਾਰਲੀਮਾਨੀ ਮੈਂਬਰ ਮੁਅਤੱਲ ਕਰ ਦਿੱਤੇ ਗਏ ਹਨ। ਯਾਦ ਰਹੇ, ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਨੇ ਪਿਛਲੇ ਦਿਨੀਂ ਇਹ ਬਿਆਨ ਦਿੱਤਾ ਸੀ ਕਿ ਪਾਰਲੀਮੈਂਟ ਦੀ ਸੁਰੱਖਿਆ ਨੂੰ ਸੰਨ੍ਹ ਇਸ ਕਰਕੇ ਲੱਗੀ, ਕਿਉਂਕਿ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ ਦੀ ਸਮੱਸਿਆ ਨੇ ਭਿਆਨਕ ਰੂਪ ਵਿੱਚ ਸਤਾਏ ਹੋਏ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡਾ ਮੁੱਦਾ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਾਰਲੀਮੈਂਟ ਦੀ ਸੁਰੱਖਿਆ ਨੂੰ ਸੰਨ੍ਹ ਲੱਗਣ ਦਾ ਮਾਮਲਾ ਬੇਹੱਦ ਗੰਭੀਰ ਹੈ, ਇਸ 'ਤੇ ਸਿਆਸੀ ਰੇੜਕਾ ਨਹੀਂ ਖੜ੍ਹਾ ਕਰਨਾ ਚਾਹੀਦਾ।

ਇੱਥੇ ਇਹ ਦੱਸਣਾ ਵੀ ਦਿਲਚਸਪ ਰਹੇਗਾ ਕਿ ਪਾਰਲੀਮੈਂਟ ਵਿੱਚ ਜਾਣ ਵਾਲੇ ਵਿਅਕਤੀਆਂ ਨੇ ਅੰਦਰ ਦਾਖਲ ਹੋਣ ਅਤੇ ਦਰਸ਼ਕ ਗੈਲਰੀ ਵਿੱਚ ਬੈਠਣ ਲਈ ਬਾਕਾਇਦਾ ਪਾਸ ਬਣਵਾਏ ਹੋਏ ਸਨ ਅਤੇ ਇਹ ਪਾਸ ਮੈਸੂਰੂ ਦੇ ਪਾਰਲੀਮੈਂਟ ਮੈਂਬਰ ਅਤੇ ਭਾਜਪਾ ਆਗੂ ਪ੍ਰਤਾਪ ਸਿਮਾਹ ਦੇ ਰੈਫਰੈਂਸ ਨਾਲ ਬਣਵਾਏ ਗਏ ਸਨ। ਅੰਦਰ ਗਏ ਨੌਜਵਾਨ ਅਚਾਨਕ ਦਰਸ਼ਕ ਗੈਲਰੀ ਵਿੱਚੋਂ ਛਾਲ ਮਾਰ ਕੇ ਸੰਸਦ ਦੇ ਚੈਂਬਰ ਵਿੱਚ ਦਾਖਲ ਹੋਏ। ਇਨ੍ਹਾਂ ਨੌਜਵਾਨਾਂ ਨੇ ਸਪੀਕਰ ਦੇ ਆਸਣ ਵੱਲ ਵਧਣ ਦਾ ਯਤਨ ਕੀਤਾ। ਇੱਥੇ ਉਨ੍ਹਾਂ ਨਾਹਰੇਬਾਜ਼ੀ ਵੀ ਕੀਤੀ ਅਤੇ ਸੰਸਦ ਅੰਦਰ ਰੰਗੀਨ ਧੂੰਏਂ ਦੀ ਸਪਰੇਅ ਕੀਤੀ। ਸੰਸਦ ਮੈਂਬਰਾਂ ਨੇ ਇਨ੍ਹਾਂ ਨੂੰ ਗਲੀ-ਮੁਹੱਲੇ ਦੀ ਭੀੜ ਵਾਂਗ ਕੁੱਟਿਆ। ਬਾਅਦ ਵਿੱਚ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ।

ਸੰਸਦ ਦੇ ਬਾਹਰ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਵੀ ਪੁਲਿਸ ਨੇ ਮੌਕੇ 'ਤੇ ਗ੍ਰਿਫਤਾਰ ਕੀਤਾ। ਚੈਂਬਰ ਵਿੱਚ ਛਾਲ ਮਾਰਨ ਵਾਲੇ ਦੋ ਨੌਜਵਨਾਂ ਵਿੱਚੋਂ ਮਨੋਰੰਜਨ ਡੀ. ਮਸੂਰੂ ਖੇਤਰ ਦਾ ਰਹਿਣ ਵਾਲਾ ਹੈ ਅਤੇ ਉਸ ਨੇ ਦਰਸ਼ਕ ਗੈਲਰੀ ਦਾ ਪਾਸ ਹਾਸਲ ਕਰਨ ਲਈ ਇੱਥੋਂ ਦੇ ਭਾਜਪਾ ਐਮ.ਪੀ. ਦੇ ਦਫਤਰ ਦੇ ਕਈ ਗੇੜੇ ਮਾਰੇ ਅਤੇ ਅਖੀਰ ਇਸ ਵਿੱਚ ਸਫਲ ਰਿਹਾ। ਮਨੋਰੰਜਨ ਡੀ. ਨੂੰ ਸਾਗਰ ਸ਼ਰਮਾ ਨੇ ਆਪਣੇ ਦੋਸਤ ਵਜੋਂ ਮੈਂਬਰ ਪਾਰਲੀਮੈਂਟ ਨੂੰ ਮਿਲਵਾਇਆ ਸੀ। ਇਸ ਦੌਰਾਨ ਭਾਜਪਾ ਐਮ.ਪੀ. ਸਿਮਹਾ ਦੇ ਦਫਤਰ ਨੇ ਆਪਣਾ ਬਚਾਅ ਕਰਦੇ ਹੋਏ ਕਿਹਾ ਕਿ ਮੈਂਬਰ ਪਾਰਲੀਮੈਂਟ ਅਕਸਰ ਆਪਣੇ ਖੇਤਰ ਦੇ ਲੋਕਾਂ ਨੂੰ ਪਾਰਲੀਮਾਨੀ ਕਾਰਵਾਈ ਵੇਖਣ ਲਈ ਪਾਸ ਜਾਰੀ ਕਰਦੇ ਹਨ।

ਪਾਰਲੀਮੈਂਟ ਅੰਦਰ ਅਤੇ ਬਾਹਰ ਕੀਤੇ ਗਏ ਇਸ ਧੂੰਆਂ ਪ੍ਰਦਰਸ਼ਨ ਤੋਂ ਬਾਅਦ ਭਾਜਪਾ ਸਰਕਾਰ ਅਤੇ ਵਿਰੋਧੀ ਪਾਰਟੀਆਂ ਵਿਚਕਾਰ ਪਾਰਲੀਮੈਂਟ ਵਿੱਚ ਤਿੱਖੀ ਬਹਿਸ ਚੱਲ ਪਈ। ਵਿਰੋਧੀ ਧਿਰ ਇਸ ਨੂੰ ਵੱਡੀ ਸੁਰੱਖਿਆ ਕੁਤਾਹੀ ਕਹਿ ਰਹੀ ਹੈ, ਸਰਕਾਰ ਇਸ ਦੀ ਜ਼ਿੰਮੇਵਾਰੀ ਕਾਂਗਰਸ ਅਤੇ ਕਮਿਊਨਿਸਟਾਂ ਵੱਲ ਖਿਸਕਾਉਣ ਦਾ ਯਤਨ ਕਰ ਰਹੀ ਹੈ।

ਭਾਜਪਾ ਦੇ ਆਗੂ ਅਮਿੱਤ ਮਾਲਵੀਆ ਨੇ ਇਸ ਸਬੰਧ ਵਿੱਚ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੰਸਦ ਦੀ ਸੁਰੱਖਿਆ ਵਿੱਚ ਸੰਨ੍ਹ ਲਾਉਣ ਵਾਲੇ ਵਿਅਕਤੀਆਂ ਦਾ ਡੀ.ਐਨ.ਏ. ਕਾਂਗਰਸ-ਕਮਿਊਨਿਸਟ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ। ਮਾਲਵੀਆ ਨੇ ਦੋਸ਼ ਲਾਇਆ ਕਿ ਇਹ ਅਜਿਹੇ ਅਨਸਰ ਹਨ, ਜਿਹੜੇ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਵਿੱਚ ਵੀ ਸ਼ਾਮਲ ਹੋਏ। ਇਨ੍ਹਾਂ ਦੀ ਪਾਰਲੀਮੈਂਟ ਕਾਂਡ ਵਿੱਚ ਵੀ ਸ਼ਾਮੂਲੀਅਤ ਰਹੀ ਹੈ। ਇਸ ਦੌਰਾਨ ਭਾਜਪਾ ਦੇ ਰਾਜ ਸਭਾ ਮੈਂਬਰ ਰਾਕੇਸ਼ ਸਿਨਾਹ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰਾਂ ਸੰਸਦੀ ਲੋਕਤੰਤਰ ਦੀਆਂ ਨੀਂਹਾਂ ਨੂੰ ਕਮਜ਼ੋਰ ਕਰਨ ਦਾ ਯਤਨ ਕਰ ਰਹੀਆਂ ਹਨ।

ਭਾਜਪਾ ਆਗੂ ਅਮਿੱਤ ਮਾਲਵੀਆ ਨੇ ਇੱਕ ਤਸਵੀਰ ਜਾਰੀ ਕੀਤੀ ਹੈ, ਜਿਸ ਵਿੱਚ ਸੰਸਦ ਸਾਹਮਣੇ ਪ੍ਰਦਰਸ਼ਨ ਕਰਨ ਵਾਲੀ ਲੜਕੀ ਕਥਿਤ ਤੌਰ 'ਤੇ ਕਾਂਗਰਸ ਪਾਰਟੀ ਲਈ ਪ੍ਰਚਾਰ ਕਰਦੀ ਨਜ਼ਰ ਆ ਰਹੀ ਹੈ। ਉਧਰ ਵਿਰੋਧੀ ਧਿਰ ਦੇ ਆਗੂ ਲਗਾਤਾਰ ਮੰਗ ਕਰਦੇ ਰਹੇ ਕਿ ਇਸ ਘਟਨਾ ਸਬੰਧੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਦਨ ਵਿੱਚ ਬਿਆਨ ਦੇਣ, ਜਦਕਿ ਭਾਜਪਾ ਦਾ ਆਖਣਾ ਹੈ ਕਿ ਸਦਨ ਦੀ ਕਾਰਵਾਈ ਸਪੀਕਰ ਦੇ ਅਧੀਨ ਹੁੰਦੀ ਹੈ, ਇਸ ਲਈ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਬਿਆਨ ਦੀ ਕੋਈ ਤੁਕ ਨਹੀਂ ਬਣਦੀ। ਇਸ ਗਤੀਰੋਧ ਦੇ ਜਾਰੀ ਰਹਿੰਦੇ 141 ਵਿਰੋਧੀ ਪਾਰਲੀਮਾਨੀ ਮੈਂਬਰ ਮੁਅਤੱਲ ਹੋ ਗਏ ਹਨ।

ਕਾਂਗਰਸ ਪਾਰਟੀ ਨੇ ਸੰਸਦ ਮੈਂਬਰਾਂ ਦੀ ਇਸ ਮੁਅਤੱਲੀ ਨੂੰ 'ਜਮਹੂਰੀਅਤ ਦਾ ਕਤਲ' ਕਰਾਰ ਦਿੱਤਾ ਹੈ। ਕਾਂਗਰਸ ਪਾਰਟੀ ਨੇ ਕਿਹਾ ਕਿ ਭਾਜਪਾ ਨੇ ਸੰਸਦ ਨੂੰ 'ਰਬੜ ਦੀ ਮੋਹਰ' ਤੱਕ ਸੀਮਤ ਕਰ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੁਪਾਲ ਨੇ ਕਿਹਾ ਕਿ ਇੱਕ ਪਾਸੇ ਤਾਂ ਜਵਾਬਦੇਹੀ ਦੀ ਮੰਗ ਲਈ ਸੰਸਦ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਦੂਜੇ ਪਾਸੇ ਸ਼ਰਾਰਤੀ ਅਨਸਰਾਂ ਨੂੰ ਲੋਕ ਸਭਾ ਵਿੱਚ ਦਾਖਲ ਹੋਣ ਲਈ ਮਦਦ ਕਰਨ ਵਾਲੇ ਭਾਜਪਾ ਸੰਸਦ ਮੈਂਬਰ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।


DJ RJB Entertainment Inc.
One of Chicagoland's leading Mobile DJ Companies.

We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!

Social: Instagram
Facebook
Youtube: djrjbmusic

Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Website: djrjbmusic.com
Ph: 630-770-0007


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।


Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

# ਮਿੱਟੀ ਸਾਡੀ ਜਾਇਦਾਦ ਨਹੀਂ, ਇੱਕ ਵਿਰਾਸਤ ਹੈ

## ਤਰਜੀਹਾਂ




ਡਾ. ਪੀ. ਐੱਸ. ਤਿਆਗੀ
ਫੋਨ: +91-9855446519


ਜਦੋਂ ਅਸੀਂ ਜੰਗਲਾਂ ਵਿੱਚੋਂ ਲੰਘਦੇ ਹਾਂ, ਫਸਲਾਂ ਦੇ ਖੇਤਾਂ ਦੇ ਨਾਲ-ਨਾਲ ਗੱਡੀ ਚਲਾਉਂਦੇ ਹਾਂ ਜਾਂ ਆਪਣੇ ਘਰ ਦੇ ਲਾਅਨ ਦੇ ਘਾਹ ਦੀ ਕਟਾਈ ਕਰਦੇ ਹਾਂ, ਤਾਂ ਸਾਡਾ ਧਿਆਨ ਪੌਦਿਆਂ, ਖਿੜਦੇ ਫੁੱਲਾਂ ਅਤੇ ਹਰੇ ਘਾਹ 'ਤੇ ਹੁੰਦਾ ਹੈ। ਪਰ ਧੂੜ (ਮਿੱਟੀ) ਬਾਰੇ ਕੀ? ਅਜਿਹਾ ਲੱਗਦਾ ਹੈ ਕਿ ਮਿੱਟੀ ਗ੍ਰਹਿ ਦੇ ਸਭ ਤੋਂ ਘੱਟ ਪ੍ਰਵਾਨਿਤ ਕੁਦਰਤੀ ਸਰੋਤਾਂ ਵਿੱਚੋਂ ਇੱਕ ਹੈ। ਸੱਚਾਈ ਇਹ ਹੈ ਕਿ ਮਿੱਟੀ ਸਾਡੀ ਕੁਦਰਤ ਦਾ ਇੱਕ ਮਹੱਤਵਪੂਰਨ ਅੰਗ ਹੈ। ਇਹ ਖੇਤੀਬਾੜੀ ਅਤੇ ਸਾਡੀ ਖੁਰਾਕ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਹੈ। ਇਹ ਸਾਡੇ ਭੋਜਨ ਦੇ ਉਤਪਾਦਨ ਦੀ ਸਮੁੱਚੀ ਪ੍ਰਕਿਰਿਆ ਲਈ ਜ਼ਰੂਰੀ ਹੈ। ਮਿੱਟੀ ਧਰਤੀ ਦੀ ਸਭ ਤੋਂ ਉੱਪਰਲੀ ਸੁੱਕੀ ਪਰਤ ਹੈ।

ਜਪੁਜੀ ਸਾਹਿਬ ਦੇ ਸਲੋਕ ਵਿੱਚ ਦਰਜ ਹੈ, "ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹਤ" ਭਾਵ ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਧਰਤੀ ਮਾਤਾ ਹੈ। ਕਿਉਂਕਿ ਮਿੱਟੀ ਧਰਤੀ ਦੀ ਉਪਰਲੀ ਪਰਤ ਹੈ, ਇਸ ਲਈ ਇਸਦੀ ਤੁਲਨਾ ਧਰਤੀ ਮਾਂ ਦੇ ਵਸਤਰ ਨਾਲ ਕੀਤੀ ਜਾ ਸਕਦੀ ਹੈ। ਕੋਈ ਵੀ ਇਹ ਨਹੀਂ ਚਾਹੇਗਾ ਕਿ ਉਸ ਦੀ ਮਾਂ ਦੇ ਵਸਤਰ ਦਾਗਦਾਰ ਜਾਂ ਗੰਦੇ ਹੋਣ! ਪਰ ਮਨੁੱਖ ਨੂੰ ਧਰਤੀ ਮਾਂ ਦੀ ਉਪਰਲੀ ਪਰਤ (ਮਿੱਟੀ) ਦੀ ਕੋਈ ਚਿੰਤਾ ਨਹੀਂ ਜਾਪਦੀ। ਪਿਛਲੇ ਕੁਝ ਦਹਾਕਿਆਂ ਵਿੱਚ ਮਨੁੱਖੀ ਗਤੀਵਿਧੀਆਂ ਮਿੱਟੀ ਨੂੰ ਵਿਗਾੜ ਰਹੀਆਂ ਹਨ ਅਤੇ ਹੌਲੀ ਹੌਲੀ ਇਸਨੂੰ ਖੇਤੀਬਾੜੀ ਲਈ ਅਯੋਗ ਬਣਾ ਰਹੀਆਂ ਹਨ, ਪਰ ਮਨੁੱਖ ਨੂੰ ਜਲਦੀ ਹੀ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ।

ਸਾਲ 2002 ਵਿੱਚ ਅੰਤਰਰਾਸ਼ਟਰੀ ਮਿੱਟੀ ਵਿਗਿਆਨ ਸੰਘ ਦੁਆਰਾ ਮਿੱਟੀ ਦਿਵਸ ਮਨਾਉਣ ਦੀ ਸਿਫਾਰਸ਼ ਕੀਤੀ ਗਈ। ਦਸੰਬਰ 2013 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 5 ਦਸੰਬਰ 2014 ਨੂੰ ਪਹਿਲੇ ਅਧਿਕਾਰਤ ਵਿਸ਼ਵ ਮਿੱਟੀ ਦਿਵਸ ਵਜੋਂ ਮਨੋਨੀਤ ਕੀਤਾ। ਉਦੋਂ ਤੋਂ ਹਰ ਸਾਲ 5 ਦਸੰਬਰ ਵਿਸ਼ਵ ਮਿੱਟੀ ਦਿਵਸ (World Soil Day) ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਮਿੱਟੀ ਦੀ ਮਹੱਤਤਾ, ਸਿਹਤਮੰਦ ਵਾਤਾਵਰਣ ਅਤੇ ਮਨੁੱਖੀ ਤੰਦਰੁਸਤੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਵਿਸ਼ਵ ਮਿੱਟੀ ਦਿਵਸ 2023 (World Soil Day) ਦਾ ਉਦੇਸ਼ ਮਿੱਟੀ ਅਤੇ ਪਾਣੀ ਵਿਚਕਾਰ ਮਹੱਤਤਾ ਅਤੇ ਸਬੰਧਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਡਬਲਯੂ.ਐਸ.ਡੀ. (WSD) ਇੱਕ ਵਿਲੱਖਣ ਗਲੋਬਲ ਪਲੇਟਫਾਰਮ ਹੈ, ਜੋ ਮਿੱਟੀ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਨਾ ਸਿਰਫ਼ ਜਸ਼ਨ ਮਨਾਉਂਦਾ ਹੈ, ਸਗੋਂ ਦੁਨੀਆ ਭਰ ਦੇ ਨਾਗਰਿਕਾਂ ਨੂੰ ਵੀ ਸ਼ਾਮਲ ਕਰਦਾ ਹੈ। WSD 2023 ਦਾ ਨਾਅਰਾ ਹੈ, "ਮਿੱਟੀ ਅਤੇ ਪਾਣੀ: ਜੀਵਨ ਦਾ ਇੱਕ ਸਰੋਤ।"

ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ, ਮਿੱਟੀ ਧਰਤੀ ਦੀ ਸਭ ਤੋਂ ਉੱਪਰਲੀ ਪਰਤ ਹੈ। ਇਹ ਹਜ਼ਾਰਾਂ ਸਾਲਾਂ ਤੋਂ ਲਗਾਤਾਰ, ਹੌਲੀ ਹੌਲੀ ਪਹਾੜਾਂ ਦੇ ਟੁੱਟਣ ਨਾਲ ਬਣਿਆ ਹੈ। ਇਹ ਚਾਰ ਬੁਨਿਆਦੀ ਤੱਤਾਂ ਜਿਵੇਂ ਕਿ ਖਣਿਜ, ਜੈਵਿਕ ਪਦਾਰਥ, ਹਵਾ ਅਤੇ ਪਾਣੀ ਦਾ ਬਣਿਆ ਹੁੰਦਾ ਹੈ। ਪਾਣੀ, ਹਵਾ, ਤਾਪਮਾਨ ਵਿੱਚ ਤਬਦੀਲੀ, ਗੁਰੂਤਾ, ਰਸਾਇਣਕ ਪਰਸਪਰ ਪ੍ਰਭਾਵ, ਜੀਵਿਤ ਜੀਵ ਅਤੇ ਦਬਾਅ ਦੇ ਅੰਤਰ ਸਾਰੇ ਮੂਲ ਚੱਟਾਨਾਂ ਨੂੰ ਤੋੜਨ ਵਿੱਚ ਮਦਦ ਕਰਦੇ ਹਨ। ਆਮ ਉਪਜਾਊ ਮਿੱਟੀ ਵਿੱਚ ਲਗਭਗ 45% ਖਣਿਜ, 5% ਜੈਵਿਕ ਪਦਾਰਥ, 20-30% ਪਾਣੀ ਅਤੇ 20-30% ਹਵਾ ਹੁੰਦੀ ਹੈ। ਮਿੱਟੀ ਲਈ ਚੰਗਾ pH (potential of hydrogen) 6.0 ਅਤੇ 7.0 ਦੇ ਵਿਚਕਾਰ ਹੈ। ਮਿੱਟੀ ਦੇ ਸੂਖਮ ਜੀਵਾਂ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਉਹ ਪੌਸ਼ਟਿਕ ਤੱਤਾਂ ਨੂੰ ਜੈਵਿਕ ਪਦਾਰਥਾਂ ਤੋਂ ਵੱਖ ਕਰਦੇ ਹਨ ਅਤੇ ਵਾਧੂ ਪੌਸ਼ਟਿਕ ਤੱਤ ਮਿੱਟੀ ਵਿੱਚ ਛੱਡ ਦਿੰਦੇ ਹਨ, ਜਿੱਥੇ ਉਨ੍ਹਾਂ ਨੂੰ ਪੌਦਿਆਂ ਦੁਆਰਾ ਲਿਆ ਜਾ ਸਕਦਾ ਹੈ। ਸਾਡੇ ਗ੍ਰਹਿ ਦਾ ਬਚਾਅ ਮਿੱਟੀ ਅਤੇ ਪਾਣੀ ਵਿਚਕਾਰ ਕੀਮਤੀ ਲਿੰਕ 'ਤੇ ਨਿਰਭਰ ਕਰਦਾ ਹੈ। ਸਾਡਾ 95 ਪ੍ਰਤੀਸ਼ਤ ਭੋਜਨ ਇਨ੍ਹਾਂ ਦੋ ਬੁਨਿਆਦੀ ਸਰੋਤਾਂ ਤੋਂ ਪੈਦਾ ਹੁੰਦਾ ਹੈ। ਇਨ੍ਹਾਂ ਦੋਵਾਂ ਸਾਧਨਾਂ ਦਾ ਆਪਸੀ ਸਬੰਧ ਹੀ ਸਾਡੀ ਖੇਤੀ ਪ੍ਰਣਾਲੀ ਦੀ ਨੀਂਹ ਹੈ। ਮਿੱਟੀ ਅਤੇ ਪਾਣੀ ਉਹ ਮਾਧਿਅਮ ਹਨ, ਜਿਸ ਵਿੱਚ ਪੌਦੇ ਵਧਦੇ ਹਨ ਅਤੇ ਜ਼ਰੂਰੀ ਪੌਸ਼ਟਿਕ ਤੱਤ ਪ੍ਰਾਪਤ ਕਰਦੇ ਹਨ। ਮਿੱਟੀ ਦੀ ਸਿਹਤ ਅਤੇ ਪਾਣੀ ਦੀ ਗੁਣਵੱਤਾ ਤੇ ਉਪਲਬਧਤਾ ਆਪਸ ਵਿੱਚ ਜੁੜੇ ਹੋਏ ਹਨ। ਸਿਹਤਮੰਦ ਮਿੱਟੀ ਜੈਵਿਕ ਪਦਾਰਥਾਂ ਨਾਲ ਭਰਪੂਰ ਹੁੰਦੀ ਹੈ ਅਤੇ ਇਹ ਪਾਣੀ ਦੀ ਉਪਲਬਧਤਾ ਨੂੰ ਨਿਯਮਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਮਿੱਟੀ ਪ੍ਰਦੂਸ਼ਣ ਇੱਕ ਪ੍ਰਮੁੱਖ ਵਾਤਾਵਰਣ ਮੁੱਦਾ ਹੈ, ਜੋ ਸਾਰੇ ਜੀਵਾਂ ਨੂੰ ਪ੍ਰਭਾਵਿਤ ਕਰਦਾ ਹੈ। 20ਵੀਂ ਸਦੀ ਤੋਂ ਮਨੁੱਖੀ ਗਤੀਵਿਧੀਆਂ ਨੇ ਮਿੱਟੀ ਦੇ ਪ੍ਰਦੂਸ਼ਣ ਨੂੰ ਤੇਜ਼ ਕੀਤਾ ਹੈ। ਮਨੁੱਖ ਦੁਆਰਾ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਜਿਵੇਂ ਕਿ ਖਣਨ, ਜੰਗਲਾਂ ਦੀ ਕਟਾਈ, ਓਵਰ ਗ੍ਰੇਜ਼ਿੰਗ, ਮੋਨੋਕਲਚਰ ਫਾਰਮਿੰਗ, ਬਹੁਤ ਜ਼ਿਆਦਾ ਖੇਤੀ ਅਤੇ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਆਦਿ ਮਿੱਟੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਮਨੁੱਖ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਪਜਾਊ ਮਿੱਟੀ ਤੋਂ ਬਿਨਾ ਖੇਤੀ ਅਤੇ ਫ਼ਸਲਾਂ ਉਗਾਉਣ ਲਈ ਜ਼ਮੀਨ ਨਹੀਂ ਹੋਵੇਗੀ। ਉਪਲਬਧ ਭੋਜਨ ਸਰੋਤ ਘੱਟ ਹੋ ਜਾਣਗੇ ਅਤੇ ਬਹੁਤ ਸਾਰੇ ਜੀਵ ਖ਼ਤਰੇ ਜਾਂ ਵਿਨਾਸ਼ ਦਾ ਸਾਹਮਣਾ ਕਰ ਸਕਦੇ ਹਨ। ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਮਿੱਟੀ ਦੇ ਤੇਜ਼ਾਬੀਕਰਨ ਵਿੱਚ ਯੋਗਦਾਨ ਪਾ ਸਕਦੀ ਹੈ ਅਤੇ ਇਸ ਤਰ੍ਹਾਂ ਜੈਵਿਕ ਪਦਾਰਥ, ਹੁੰਮਸ ਦੀ ਸਮੱਗਰੀ ਨੂੰ ਘਟਾ ਸਕਦੀ ਹੈ। ਇਸ ਦੇ ਨਤੀਜੇ ਵਜੋਂ ਪੌਦਿਆਂ ਦਾ ਵਿਕਾਸ ਰੁਕ ਜਾਂਦਾ ਹੈ, ਮਿੱਟੀ ਦਾ pH ਖਰਾਬ ਹੋ ਜਾਂਦਾ ਹੈ, ਕੀੜੇ ਵਧਦੇ ਹਨ ਅਤੇ ਗ੍ਰੀਨ ਹਾਊਸ ਗੈਸਾਂ ਨਿਕਲਦੀਆਂ ਹਨ। ਮਿੱਟੀ ਵਿੱਚ ਕੀਟਨਾਸ਼ਕਾਂ ਦੀ ਬਹੁਤ ਜ਼ਿਆਦਾ ਵਰਤੋਂ ਮਿੱਟੀ ਦੇ ਲਾਭਕਾਰੀ ਸੂਖਮ ਜੀਵਾਂ ਦੀ ਆਬਾਦੀ ਨੂੰ ਘਟਾ ਸਕਦੀ ਹੈ। ਮਿੱਟੀ ਦੇ ਪ੍ਰਦੂਸ਼ਣ 'ਤੇ ਮਨੁੱਖੀ ਗਤੀਵਿਧੀਆਂ ਦਾ ਇੱਕ ਹੋਰ ਗੰਭੀਰ ਪ੍ਰਭਾਵ ਮਾਰੂਥਲੀਕਰਨ ਹੈ- ਅਰਥਾਤ ਉਪਜਾਊ ਮਿੱਟੀ ਨੂੰ ਰੇਗਿਸਤਾਨ ਵਿੱਚ ਬਦਲਣਾ। ਇਸ ਦਾ ਮੁੱਖ ਕਾਰਨ ਜੰਗਲਾਂ ਦੀ ਕਟਾਈ ਅਤੇ ਜ਼ਮੀਨ ਦੇ ਇੱਕੋ ਹਿੱਸੇ 'ਤੇ ਵਾਰ-ਵਾਰ ਖੇਤੀ, ਉਦਯੋਗੀਕਰਨ ਆਦਿ ਹਨ। 1930 ਦੇ ਅਮਰੀਕਾ ਦੇ ਡਸਟ ਬਾਊਲ ਨੂੰ ਮਨੁੱਖ ਦੁਆਰਾ ਬਣਾਏ ਮਾਰੂਥਲੀਕਰਨ ਦੇ ਸਭ ਤੋਂ ਵਿਨਾਸ਼ਕਾਰੀ ਪ੍ਰਭਾਵ ਵਜੋਂ ਦਰਸਾਇਆ ਜਾ ਸਕਦਾ ਹੈ।

### ਵਿਸ਼ਵ ਮਿੱਟੀ ਦਿਵਸ 2023



1930 ਵਿੱਚ ਅਮਰੀਕਾ ਆਰਥਿਕ ਸੰਕਟ ਵਿੱਚੋਂ ਲੰਘਿਆ। ਇਸ ਸਮੇਂ ਦੌਰਾਨ ਵਿਸ਼ਵ ਦੀ ਸਭ ਤੋਂ ਵੱਡੀ ਵਾਤਾਵਰਣ ਤਬਾਹੀ ਆਈ, ਜਿਸ ਨੂੰ 'ਡਸਟ ਬਾਊਲ' ਦਾ ਨਾਮ ਦਿੱਤਾ ਗਿਆ। ਪਹਿਲੇ ਵਿਸ਼ਵ ਯੁੱਧ ਦੌਰਾਨ ਕਣਕ ਦੀਆਂ ਵਧਦੀਆਂ ਕੀਮਤਾਂ ਨੇ ਕਿਸਾਨਾਂ ਨੂੰ ਕਣਕ, ਮੱਕੀ ਅਤੇ ਹੋਰ ਫਸਲਾਂ ਬੀਜਣ ਲਈ ਲੱਖਾਂ ਏਕੜ ਘਾਹ ਦੇ ਮੈਦਾਨਾਂ ਨੂੰ ਵਾਹੁਣ ਲਈ ਉਤਸ਼ਾਹਿਤ ਕੀਤਾ। ਵੱਡੀ ਮੰਦੀ ਦੀ ਸ਼ੁਰੂਆਤ ਨਾਲ ਕਿਸਾਨਾਂ ਨੇ ਬੰਪਰ ਫਸਲ ਦੀ ਵਾਢੀ ਕਰਨ ਲਈ ਹੋਰ ਵੀ ਘਾਹ ਦੇ ਮੈਦਾਨ ਨੂੰ ਸਾਫ਼ ਕਰ ਦਿੱਤਾ। 1931 ਵਿੱਚ ਸੋਕੇ ਕਾਰਨ ਫ਼ਸਲਾਂ ਅਸਫ਼ਲ ਹੋ ਗਈਆਂ ਅਤੇ ਜ਼ਮੀਨ ਬੰਜਰ ਹੋ ਗਈ। ਡਸਟ ਬਾਊਲ ਪੀਰੀਅਡ ਦੌਰਾਨ ਧੂੜ ਦੇ ਤੂਫਾਨ, ਜਿਨ੍ਹਾਂ ਨੂੰ ਅਕਸਰ 'ਕਾਲੇ ਬਰਫੀਲੇ ਤੂਫਾਨ' ਕਿਹਾ ਜਾਂਦਾ ਹੈ, ਨੇ ਮੈਦਾਨੀ ਇਲਾਕਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਨਾ ਸਿਰਫ਼ ਜ਼ਮੀਨ ਦੇ ਬਹੁਤ ਸਾਰੇ ਖੇਤਰਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ, ਸਗੋਂ ਧੂੜ ਦੇ ਸੰਘਣੇ ਬੱਦਲਾਂ ਕਾਰਨ ਅਣਗਿਣਤ ਖੇਤ ਜਾਨਵਰਾਂ ਦਾ ਦਮ ਘੁੱਟਿਆ ਗਿਆ ਸੀ ਅਤੇ ਲਗਭਗ 7,000 ਲੋਕ 'ਧੂੜ ਨਮੂਨੀਆ' ਨਾਮੀਂ ਬੀਮਾਰੀ ਨਾਲ ਮਰ ਗਏ ਸਨ। ਇਸ ਲਈ ਮਨੁੱਖ ਨੂੰ ਮਿੱਟੀ ਦੀ ਸੰਭਾਲ ਅਤੇ ਵਿਗਾੜ ਨੂੰ ਰੋਕਣ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ। ਮਿੱਟੀ ਅਤੇ ਪਾਣੀ ਮਹੱਤਵਪੂਰਨ ਕੁਦਰਤੀ ਸਰੋਤ ਹਨ, ਜਿਨ੍ਹਾਂ ਨੂੰ ਵਾਤਾਵਰਣ ਨਾਲ ਇਕਸੁਰਤਾ ਵਿੱਚ ਰੱਖਣਾ ਚਾਹੀਦਾ ਹੈ ਤਾਂ ਜੋ ਖੇਤੀਬਾੜੀ ਪ੍ਰਣਾਲੀਆਂ ਟਿਕਾਊ ਰਹਿਣ।

ਮਨੁੱਖ ਨੇ ਹੁਣ ਸਮਝ ਲਿਆ ਹੈ ਕਿ ਕੁਦਰਤੀ ਸੰਤੁਲਨ ਬਣਾਈ ਰੱਖਣ ਲਈ ਮਿੱਟੀ ਨੂੰ ਬਚਾਉਣਾ ਜ਼ਰੂਰੀ ਹੈ। ਵੱਧ ਤੋਂ ਵੱਧ ਆਗੂ, ਵਾਤਾਵਰਣ ਪ੍ਰੇਮੀ ਅਤੇ ਅਧਿਆਤਮਿਕ ਆਗੂ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਗੇ ਆ ਰਹੇ ਹਨ। ਭਾਰਤੀ ਅਧਿਆਤਮਿਕ ਨੇਤਾ ਸਦਗੁਰੂ ਨੇ 'ਮਿੱਟੀ ਬਚਾਓ' ਨਾਂ ਦਾ ਇੱਕ ਗਲੋਬਲ ਅੰਦੋਲਨ ਸ਼ੁਰੂ ਕੀਤਾ ਹੈ, ਇਹ ਇੱਕ ਵਿਸ਼ਵਵਿਆਪੀ ਅੰਦੋਲਨ ਹੈ, ਜੋ ਮਿੱਟੀ ਦੀ ਸਿਹਤ ਲਈ ਖੜ੍ਹੇ ਹੋਣ ਲਈ ਦੁਨੀਆ ਭਰ ਦੇ ਲੋਕਾਂ ਨੂੰ ਇਕੱਠਾ ਕਰਕੇ ਅਤੇ ਰਾਸ਼ਟਰੀ ਨੀਤੀਆਂ ਦੀ ਸਥਾਪਨਾ ਲਈ ਸਾਰੇ ਦੇਸ਼ਾਂ ਦੇ ਨੇਤਾਵਾਂ ਦਾ ਸਮਰਥਨ ਕਰਕੇ ਮਿੱਟੀ ਦੇ ਸੰਕਟ ਨੂੰ ਹੱਲ ਕਰਨ ਲਈ ਹੈ। ਮਾਰਚ 2022 ਵਿੱਚ ਉਸਨੇ ਆਧੁਨਿਕ ਯੁੱਗ ਵਿੱਚ ਸਭ ਤੋਂ ਗੰਭੀਰ ਅਤੇ ਚਿੰਤਾਜਨਕ ਵਾਤਾਵਰਣ ਸਬੰਧੀ ਮੁੱਦਿਆਂ ਵਿੱਚੋਂ ਇੱਕ 'ਮਿੱਟੀ ਦੇ ਵਿਆਪਕ ਨੁਕਸਾਨ ਅਤੇ ਪਤਨ' ਬਾਰੇ ਜਾਗਰੂਕਤਾ ਪੈਦਾ ਕਰਨ ਲਈ 27 ਦੇਸ਼ਾਂ ਅਤੇ 30,000 ਕਿਲੋਮੀਟਰ ਦੀ ਦੂਰੀ ਨੂੰ ਕਵਰ ਕਰਦੇ ਹੋਏ 100 ਦਿਨਾਂ ਦੀ ਮੋਟਰਬਾਈਕ ਯਾਤਰਾ ਕੀਤੀ। ਇਹ ਅੰਦੋਲਨ ਅਜਿਹੇ ਸਮੇਂ ਵਿੱਚ ਜਾਗਰੂਕਤਾ ਕਾਲ ਵਜੋਂ ਸਾਹਮਣੇ ਆਇਆ ਹੈ, ਜਦੋਂ ਭਾਰਤ ਦੇ ਨਾਲ-ਨਾਲ ਵਿਸ਼ਵ ਭਰ ਵਿੱਚ ਮਿੱਟੀ ਦੇ ਵਿਨਾਸ਼ ਨੂੰ ਸਰਕਾਰਾਂ ਅਤੇ ਨੀਤੀ ਨਿਰਮਾਤਾਵਾਂ ਤੋਂ ਤੁਰੰਤ ਦਖਲ ਦੀ ਮੰਗ ਕੀਤੀ ਗਈ ਹੈ।

ਆਓ, ਸਾਰੇ ਮਿੱਟੀ ਨੂੰ ਬਚਾਉਣ ਲਈ ਆਪਣੀ ਭੂਮਿਕਾ ਨਿਭਾਉਣ ਦਾ ਪ੍ਰਣ ਕਰੀਏ ਤੇ ਇਸ ਮੁਹਿੰਮ 'ਚ ਕਿਸੇ ਨਾ ਕਿਸੇ ਤਰੀਕੇ ਨਾਲ ਯੋਗਦਾਨ ਪਾਈਏ। ਹਰਿਆਲੀ ਲਿਆਓ, ਸਾਫ਼ ਸਾਹ ਲਓ, ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨਾ ਬੰਦ ਕਰੋ, ਆਪਣੇ ਗ੍ਰਹਿ ਨੂੰ ਬਚਾਓ ਅਤੇ ਇਸ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਕਈ ਵਾਰ ਸੋਚੋ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮਿੱਟੀ ਸਾਡੀ ਜਾਇਦਾਦ ਨਹੀਂ ਹੈ। ਮਿੱਟੀ ਇੱਕ ਵਿਰਾਸਤ ਹੈ, ਜੋ ਸਿਹਤਮੰਦ ਰੂਪ ਵਿੱਚ ਸਾਡੇ ਕੋਲ ਆਈ ਹੈ ਅਤੇ ਇਸਨੂੰ ਸਿਹਤਮੰਦ ਰੂਪ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਚਾਹੀਦਾ ਹੈ।





ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at
www.davenportfamily.com

Davenport
FAMILY FUNERAL HOMES AND CREMATORY

**ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਜੋ ਗਤ ਹੋਈ ਪਈ ਹੈ, ਉਹ ਕਿਸੇ ਤੋਂ ਲੁਕੀ-ਛਿਪੀ ਹੋਈ ਨਹੀਂ ਹੈ। ਕਿਸੇ ਸਮੇਂ ਸਿਰਮੌਰ ਰਹੀ ਇਹ ਜਥੇਬੰਦੀ ਜਿਉਂ ਜਿਉਂ ਆਪਣੇ ਮੰਤਵ ਤੋਂ ਥਿੜਕਦੀ ਗਈ, ਤਿਉਂ ਤਿਉਂ ਇਹ ਨਿਘਾਰ ਵੱਲ ਧਸਦੀ ਗਈ। ਅਕਾਲੀ ਦਲ ਦਾ ਪੰਥਕ ਮੁੱਦਿਆਂ ਤੋਂ ਕਿਨਾਰਾ ਕਰ ਲੈਣਾ ਸਿੱਖ/ਪੰਥਕ ਸਫਾਂ ਨੂੰ ਹਜ਼ਮ ਨਹੀਂ ਹੋਇਆ। ਅਕਾਲੀ ਸਰਕਾਰ ਸਮੇਂ ਹੋਈਆਂ ਬੇਅਦਬੀ ਦੀਆਂ ਘਟਨਾਵਾਂ, ਬਰਗਾੜੀ ਕਾਂਡ ਸਮੇਤ ਅਨੇਕਾਂ ਮੁੱਦਿਆਂ ਨੇ ਇਸ ਨੂੰ ਪਤਨ ਵੱਲ ਧਕੇਲ ਦਿੱਤਾ ਤੇ ਅਖੀਰ ਸੱਤਾਹੀਣ ਕਰ ਦਿੱਤਾ। ਵੱਡੇ ਆਗੂਆਂ ਦਾ ਦਲ ਤੋਂ ਕਿਨਾਰਾ ਤੇ ਕਾਹਲੀ ਵਿੱਚ ਲਏ ਫੈਸਲਿਆਂ ਨੇ ਵੀ ਦਲ ਦੀਆਂ ਜੜ੍ਹਾਂ ਵਿੱਚ ਤੇਲ ਪਾਇਆ। ਗਾਹੇ-ਬਗਾਹੇ ਅਤੇ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਟਿੱਚ ਸਮਝਣਾ ਜਾਰੀ ਹੈ। ਪੇਸ਼ ਹੈ, ਸ. ਦਿਲਜੀਤ ਸਿੰਘ ਬੇਦੀ ਦਾ ਇਸ ਮਸਲੇ ਬਾਬਤ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦੇ ਮੰਤਵ ਬਾਰੇ ਇਹ ਲੇਖ...**

# ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਸ਼੍ਰੋਮਣੀ ਅਕਾਲੀ ਦਲ ਬਾਈਪਾਸ ਨਾ ਕਰੇ

ਸ਼੍ਰੋਮਣੀ ਅਕਾਲੀ ਦਲ

## ਪੰਥਕ ਚਰਚਾ

**ਦਿਲਜੀਤ ਸਿੰਘ ਬੇਦੀ**
**ਫੋਨ: +91-76579-68570**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਤੇਜ਼ੀ ਨਾਲ ਲਏ ਫੈਸਲਿਆਂ ਨੂੰ ਵਾਰ ਵਾਰ ਵਾਪਸ ਲੈਣ ਦੀ ਪਿਰਤ ਹਾਸੋਹੀਣੀ ਤੇ ਬੇਸਮਝੀ ਵਾਲੀ ਬਿਰਤੀ ਦਿਨੋ ਦਿਨ ਭਾਰੂ ਹੋ ਰਹੀ ਹੈ। ਅਕਾਲ ਤਖ਼ਤ ਸਾਹਿਬ ਤੋਂ ਹੋ ਰਹੇ ਉਦੇਸ਼ਾਂ, ਆਦੇਸ਼ਾਂ ਤੇ ਹੁਕਮਾਂ ਦੀ ਲਗਾਤਾਰ ਰਾਜਸੀ ਮੰਤਵਾਂ ਲਈ ਉਲੰਘਣਾ ਹੋ ਰਹੀ ਹੈ। ਅਕਾਲ ਤਖ਼ਤ ਸਾਹਿਬ ਤੋਂ ਵੱਖ-ਵੱਖ ਪੰਥਕ ਕਾਰਜਾਂ, ਉਲਝਣਾਂ, ਝਮੇਲਿਆਂ ਤੇ ਕੌਮੀ ਚੁਣੌਤੀਆਂ ਸਬੰਧੀ ਬਣਾਈਆਂ ਜਾ ਰਹੀਆਂ ਵਿਦਵਾਨਾਂ, ਰਾਜਸੀ ਆਗੂਆਂ, ਧਾਰਮਿਕ ਵਿਅਕਤੀਆਂ ਆਧਾਰਤ ਸਬ-ਕਮੇਟੀਆਂ ਅਤੇ ਵਫਦਾਂ ਦੀ ਰਾਏ ਉਡੀਕਿਆਂ ਬਗੈਰ ਹੀ ਸ਼੍ਰੋਮਣੀ ਅਕਾਲੀ ਦਲ ਸਿੱਧਾ ਐਕਸ਼ਨ ਪ੍ਰੋਗਰਾਮ ਕਰ ਰਿਹਾ ਹੈ, ਜੋ ਕਿਸੇ ਤਰ੍ਹਾਂ ਵੀ ਵਾਜ਼ਬ ਨਹੀਂ ਹੈ।

ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ 6 ਦਸੰਬਰ 2023 ਨੂੰ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਹੋਈ, ਜਿਸ ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ। ਇਸ ਇਕੱਤਰਤਾ ਦੌਰਾਨ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਭੇਜੀਆਂ ਪੱਤ੍ਰਿਕਾਵਾਂ ਉੱਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਜੋ ਆਦੇਸ਼ ਜਾਰੀ ਕੀਤੇ ਗਏ, ਇੱਕ ਨਜ਼ਰ ਪਾਠਕਾਂ ਨਾਲ ਇੱਥੇ ਸਾਂਝੇ ਕਰਦੇ ਹਾਂ।

ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਨੂੰ ਲਾਗੂ ਕਰਵਾਉਣ ਲਈ ਅਤੇ ਇਨ੍ਹਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਉੱਚ ਪੱਧਰੀ ਵਫਦ ਦਾ ਗਠਨ ਕੀਤਾ ਗਿਆ, ਜਿਸ ਨੂੰ ਤੁਰੰਤ ਹੀ ਆਪਣੀ ਅਗਲੇਰੀ ਕਾਰਵਾਈ ਆਰੰਭ ਕਰਨ ਲਈ ਕਿਹਾ ਗਿਆ। ਵਫਦ ਵਿੱਚ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੀਂ ਦਿੱਲੀ, ਡਾ. ਬਰਜਿੰਦਰ ਸਿੰਘ ਹਮਦਰਦ ਜਲੰਧਰ, ਬੀਬੀ ਕਮਲਦੀਪ ਕੌਰ ਰਾਜੋਆਣਾ ਅਤੇ ਵਿਰਸਾ ਸਿੰਘ ਵਲਟੋਹਾ ਮੈਂਬਰ ਸ਼ਾਮਲ ਹਨ।

ਜੇ ਕੇਂਦਰ ਸਰਕਾਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ 31 ਦਸੰਬਰ 2023 ਤੀਕ ਰੱਦ ਨਹੀਂ ਕਰਦੀ ਤਾਂ ਭਾਈ ਰਾਜੋਆਣਾ ਦੀਆਂ ਅਕਾਲ ਤਖ਼ਤ ਸਾਹਿਬ 'ਤੇ ਵਾਰ-ਵਾਰ ਪੁੱਜੀਆਂ ਪੱਤ੍ਰਿਕਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਪਾਈ ਹੋਈ ਅਪੀਲ 'ਤੇ ਵਿਚਾਰ ਕਰੇ, ਦਾ ਸਿੱਧਾ ਭਾਵ ਇਹ ਸੀ ਕਿ ਉਹ ਇਸ ਦਿਸ਼ਾ ਵਿੱਚ ਦੂਰ ਅੰਦੇਸ਼ੀ ਨਾਲ ਰਣਨੀਤਕ ਤੇ ਰਾਜਨੀਤਕ ਪੈਂਤੜੇ ਦਾ ਪਿੜ ਬੰਨੇ।

ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਅਦੇਸ਼ ਦੇ ਪਹਿਰਾ ਨੰਬਰ ਤਿੰਨ ਵਿੱਚ ਲਿਖਿਆ ਗਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਬਹਾਦਰੀ, ਦ੍ਰਿੜਤਾ, ਸੂਰਬੀਰਤਾ ਅਤੇ ਨਿਡਰਤਾ ਨਾਲ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੇ ਜਬਰ-ਜ਼ੁਲਮ ਤੇ ਅੱਤਿਆਚਾਰ ਨੂੰ ਝੱਲਦਿਆਂ ਬਹੁਤ ਵੱਡੀ ਕੁਰਬਾਨੀ ਕੀਤੀ ਹੈ, ਕੌਮ ਨੂੰ ਇਨ੍ਹਾਂ 'ਤੇ ਮਾਣ ਹੈ। ਪੂਰੀ ਸਿੱਖ ਕੌਮ ਇਨ੍ਹਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹੈ। ਇਨ੍ਹਾਂ ਦਾ ਜੀਵਨ ਸਿੱਖ ਕੌਮ ਲਈ ਬਹੁਤ ਕੀਮਤੀ ਹੈ ਅਤੇ ਸਿੱਖ ਕੌਮ ਦੀ ਅਮਾਨਤ ਹੈ, ਇਸ ਲਈ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਕੀਤਾ ਜਾਂਦਾ ਹੈ ਕਿ ਉਹ ਕਿਸੇ ਵੀ ਢੰਗ ਨਾਲ ਆਪਣੀ ਸਿਹਤ ਦਾ ਨੁਕਸਾਨ ਨਾ ਕਰਨ, ਤੁਰੰਤ ਆਪਣੀ ਭੁੱਖ ਹੜਤਾਲ ਵਾਪਸ ਲੈ ਕੇ ਆਪਣੀ ਸਿਹਤ ਦਾ ਖਿਆਲ ਰੱਖਣ।

ਅਕਾਲ ਤਖ਼ਤ ਵੱਲੋਂ ਚੌਥੀ ਮਦ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇ ਦਿੱਤੇ ਸਮੇਂ ਦੇ ਅੰਦਰ-ਅੰਦਰ ਕੇਂਦਰ ਸਰਕਾਰ ਸੁਹਿਰਦਤਾ ਵਾਲਾ ਫੈਸਲਾ ਨਹੀਂ ਲੈਂਦੀ ਤਾਂ ਉਸ ਤੋਂ ਬਾਅਦ ਪੈਦਾ ਹੋਣ ਵਾਲੀ ਸਥਿਤੀ ਦੀ ਜ਼ਿੰਮੇਵਾਰ ਸਿੱਧੇ ਰੂਪ ਵਿੱਚ ਸਰਕਾਰ ਹੋਵੇਗੀ। ਭਾਈ ਰਾਜੋਆਣਾ ਦੀ ਭੁੱਖ ਹੜਤਾਲ ਖਤਮ ਕਰਵਾਉਣ ਲਈ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਕੁੱਝ ਮੈਂਬਰ ਤੇ ਪ੍ਰਧਾਨ ਸਾਹਿਬ ਗਏ, ਪਰ ਉਹ ਨਹੀਂ ਮੰਨੇ। ਫਿਰ ਬਿਕਰਮਜੀਤ ਸਿੰਘ ਮਜੀਠੀਆ ਤੇ ਵਿਰਸਾ ਸਿੰਘ ਵਲਟੋਹਾ ਬਿਨਾ ਸਮਾਂ ਲਏ ਜੇਲ੍ਹ ਅੱਗੇ ਪਹੁੰਚ ਗਏ। ਜੇਲ੍ਹ ਪ੍ਰਸ਼ਾਸਨ ਨੇ ਭਾਈ ਰਾਜੋਆਣਾ ਨਾਲ ਮਿਲਣ ਨਹੀਂ ਦਿੱਤਾ। ਇਹ ਵੀ ਇੱਕ ਰਾਜਨੀਤਕ ਪੈਂਤੜਾ ਸੀ- ਜੇ ਮੇਲ ਹੋ ਗਏ ਤਾਂ ਵੀ, ਜੇ ਨਹੀਂ ਹੋਏ ਤਾਂ ਵੀ ਵੱਡੀ ਖਬਰ ਤਾਂ ਪੱਕੀ ਹੈ!

ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਭਾਈ ਰਾਜੋਆਣਾ ਨੂੰ ਮਨਾਉਣ ਤੇ ਮਿਲਣ ਲਈ ਖੁਦ ਪਟਿਆਲਾ ਦੀ ਕੇਂਦਰੀ ਜੇਲ੍ਹ ਅੰਦਰ ਗਏ। ਜਥੇਦਾਰ ਸਾਹਿਬ ਵੱਲੋਂ ਸਮੁੱਚੇ ਕੇਸ ਸਬੰਧੀ ਕਾਰਵਾਈ ਕਰਨ ਦਾ ਭਰੋਸਾ ਦੇਣ 'ਤੇ ਭਾਈ ਰਾਜੋਆਣਾ ਵੱਲੋਂ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਗਈ। ਫਿਰ ਅਕਾਲ ਤਖ਼ਤ ਸਾਹਿਬ ਵੱਲੋਂ ਨਿਰਧਾਰਤ ਵਫਦ (ਕਮੇਟੀ), ਜਿਸ ਨੇ ਪ੍ਰਧਾਨ ਮੰਤਰੀ ਜਾਂ ਰਾਸਟਰਪਤੀ ਨੂੰ ਮਿਲ ਕੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਤੇ ਉਨ੍ਹਾਂ ਦੀ ਰਿਹਾਈ ਸਬੰਧੀ ਗੱਲਬਾਤ ਤੈਅ ਕਰਨੀ ਸੀ, ਪਰ ਰਾਜਸੀ ਅਕਾਲੀ ਆਗੂ ਆਪਣਾ ਰਾਜਸੀ ਦਬਾਅ ਬਣਾਉਣ ਲਈ ਲਗਾਤਾਰ ਗਲਤੀ ਪੁਰ ਗਲਤੀ ਕਰਦੇ ਆ ਰਹੇ ਹਨ। ਜੇ ਰੋਸ ਮਾਰਚ/ਧਰਨਾ ਲਾਉਣ ਰਾਸ਼ਟਰਪਤੀ ਭਵਨ ਅੱਗੇ ਜਾਣਾ ਸੀ ਤਾਂ ਫਿਰ ਗੱਲਬਾਤ ਰਾਹੀਂ ਸੰਵਾਦ ਰਚਾਉਣ ਵਾਲੀ ਕਮੇਟੀ ਅਕਾਲ ਤਖ਼ਤ ਸਾਹਿਬ ਵੱਲੋਂ ਕਿਉਂ ਬਣਾਈ ਗਈ?

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਦੋ ਦਿਨ ਪਹਿਲਾਂ ਵੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਾਲੇ ਬੁੱਢਾ ਦਲ ਦੀ ਛਾਉਣੀ ਗੁਰਦੁਆਰਾ ਅਕਾਲ ਬੁੰਗਾ ਸੁਲਤਾਨਪੁਰ ਲੋਧੀ ਵਿਖੇ ਕੁੱਝ ਵਿਰੋਧੀ ਨਿਹੰਗ ਸਿੰਘਾਂ ਵੱਲੋਂ ਜ਼ਬਰੀ ਕਬਜ਼ਾ ਕਰਨ, ਗੋਲੀ ਚਲਾਉਣ ਤੇ ਨਿਹੱਥੇ ਨਿਰਦੋਸ਼ ਵਿਅਕਤੀਆਂ ਨੂੰ ਬੰਦੀ ਬਣਾਉਣ ਦੇ ਮਾਮਲੇ ਦੀ ਘੋਖ ਲਈ ਅਕਾਲ ਤਖ਼ਤ ਸਾਹਿਬ ਵੱਲੋਂ ਇੱਕ ਸਬ-ਕਮੇਟੀ ਦਾ ਗਠਨ ਕਰ ਦਿੱਤਾ ਗਿਆ ਸੀ। ਕਮੇਟੀ ਦੀ ਕਾਰਵਾਈ ਨੂੰ ਉਡੀਕਣਾ ਤਾਂ ਕਿਤੇ, ਸਭ ਕੁੱਝ ਲਾਂਭੇ ਰੱਖ ਕੇ ਅਕਾਲੀ ਦਲ ਵੱਲੋਂ ਬੇਤੁਕੀ ਅਰਥਹੀਨ ਬਿਆਨਬਾਜ਼ੀ ਵੀ ਕੀਤੀ ਗਈ। ਕਮੇਟੀ ਦੀ ਰਿਪੋਰਟ ਆਉਣ ਤੋਂ ਪਹਿਲਾਂ ਰਾਜਸੀ ਮੰਤਵ ਨੂੰ ਹੁੰਗਾਰਾ ਦੇਣ ਲਈ ਧਰਨਾ ਲਾ ਦਿੱਤਾ ਗਿਆ।

ਅਕਾਲ ਤਖ਼ਤ ਸਾਹਿਬ ਸਰਵਉਚ ਮਹਾਨ ਹੈ ਅਤੇ ਮਰਯਾਦਾ ਦਾ ਪਾਠ ਪੜ੍ਹਾਉਣ ਵਾਲੇ ਅਕਾਲ ਤਖ਼ਤ ਸਾਹਿਬ ਨੂੰ ਟਿੱਚ ਜਾਣਨ ਲੱਗ ਪਏ ਹਨ- ਮਨਮਰਜ਼ੀ ਦੇ ਫੈਸਲੇ, ਮਨਮਰਜ਼ੀ ਦੀ ਮਰਯਾਦਾ, ਮਨਮਰਜ਼ੀ ਦੇ ਹੁਕਮ ਚਾੜ ਕੇ; ਏਵੇਂ ਸੰਗਤ ਪ੍ਰਵਾਨ ਨਹੀਂ ਕਰਦੀ, ਨਿਵੈ ਸੋ ਗਉਰਾ ਹੋਏ; ਤੇ ਗੁਰਬਾਣੀ ਕਸਵੱਟੀ 'ਤੇ ਪੂਰਾ ਉਤਰਨਾ ਪਵੇਗਾ। ਅਕਾਲੀ ਦਲ ਜ਼ਬਰੀ ਬੇਅਦਬੀ ਮੁੱਦਾ ਬਣਾ ਕੇ ਰਾਜਸੀ ਮੰਤਵ ਪੂਰਾ ਕਰਨਾ ਚਾਹੁੰਦਾ ਹੈ, ਜੋ ਨਹੀਂ ਹੋ ਸਕਦਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਬੰਧਤਾਂ ਨੇ ਆਪਣੇ ਰਾਜਭਾਗ 'ਚ ਹੋਈਆਂ ਵਧੀਕੀਆਂ ਤੇ ਬੇਅਦਬੀਆਂ ਦੀ ਮੁਆਫੀ ਹੀ ਮੰਗਣੀ ਸੀ ਤਾਂ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਲਿਖਤੀ ਪੱਤਰ ਕਿਉਂ ਨਹੀਂ ਦਿੱਤਾ? ਅਕਾਲੀ ਦਲ ਦੇ ਸਥਾਪਨਾ ਦਿਵਸ 'ਤੇ ਅਖੰਡ ਸਾਹਿਬ ਦੇ ਭੋਗ ਸਮੇਂ ਸੁਖਬੀਰ ਸਿੰਘ ਬਾਦਲ ਵੱਲੋਂ ਭਾਸ਼ਣ ਵਿੱਚ ਮੁਆਫੀ ਮੰਗੀ ਗਈ ਹੈ, ਪਰ ਇਸ ਵਿੱਚ ਏਨੀ ਦੇਰੀ ਕਿਉਂ? ਨਾਲੇ ਇਹ ਮੁਆਫੀ ਮੰਗਣੀ ਕਿਹੜੀ ਮਰਯਾਦਾ ਦਾ ਹਿੱਸਾ ਹੈ? ਮਾਨਤਾਵਾਂ ਮੋਮ ਦੇ ਨੱਕ ਵਾਂਗ ਨਾ ਬਣਾਓ ਕਿ ਜਿਧਰ ਨੂੰ ਜੀਅ ਕੀਤਾ ਮੋੜ ਲਈਆਂ। ਜੇ ਇੰਜ ਅਕਾਲੀ ਦਲ ਮਜਬੂਤ ਹੋਵੇਗਾ ਤਾਂ ਫਿਰ ਸੁਖਬੀਰ ਸਿੰਘ ਬਾਦਲ ਨੂੰ ਗਲ਼ 'ਚ ਪੱਲੂ ਪਾ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹਾਜ਼ਰ ਹੋ ਤਨਖਾਹ ਪ੍ਰਵਾਨ ਕਰਨੀ ਚਾਹੀਦੀ ਹੈ।

ਹੁਣ ਸ਼੍ਰੋਮਣੀ ਕਮੇਟੀ ਵੱਲੋਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ 'ਚ 20 ਦਸੰਬਰ ਨੂੰ ਰੋਸ ਮਾਰਚ ਦੇ ਕੀਤੇ ਐਲਾਨ ਨੂੰ ਰੱਦ ਕਰ ਦਿੱਤਾ ਗਿਆ ਹੈ, ਪਰ ਦਿੱਲੀ ਕਮੇਟੀ ਨੇ ਪਹਿਲਾਂ ਹੀ ਇਸ ਨਾਲ ਅਸਹਿਮਤੀ ਪ੍ਰਗਟਾਅ ਦਿੱਤੀ ਸੀ। ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਦੋਵੇਂ ਧਿਰਾਂ ਵੱਖੋ ਵੱਖਰੀ ਰਾਏ ਰੱਖਦੀਆਂ ਹਨ। ਦਿੱਲੀ ਕਮੇਟੀ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ ਦਾ ਹੱਲ ਸੰਵਾਦ ਰਾਹੀਂ ਕੱਢਣ ਦੇ ਹੱਕ ਵਿੱਚ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਨ੍ਹਾਂ ਨੇ ਇਸ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੂੰ ਵੀ ਸੂਚਿਤ ਕੀਤਾ ਹੈ ਅਤੇ ਉਹ ਸ਼੍ਰੋਮਣੀ ਕਮੇਟੀ ਵੱਲੋਂ ਉਲੀਕੇ ਗਏ ਸਿਆਸੀ ਪ੍ਰਭਾਵ ਵਾਲੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋਣਗੇ। ਇਸ ਮਾਮਲੇ ਵਿੱਚ ਸੰਵਾਦ ਅਤੇ ਰੋਸ ਪ੍ਰਦਰਸ਼ਨ ਇਕੱਠੇ ਨਹੀਂ ਚੱਲ ਸਕਦੇ।

ਜਥੇਦਾਰ ਸਾਹਿਬ ਵੱਲ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੀ ਮੀਟਿੰਗ 'ਚ ਵੀ ਇਸ ਮਾਮਲੇ ਨੂੰ ਗੱਲਬਾਤ ਰਾਹੀਂ ਹੱਲ ਕਰਨ ਦਾ ਫੈਸਲਾ ਕੀਤਾ ਗਿਆ ਸੀ। ਹੁਣ ਇਸੇ ਮਾਮਲੇ ਵਿੱਚ ਰੋਸ ਪ੍ਰਦਰਸ਼ਨ ਕਰਨਾ ਕਿਵੇਂ ਜਾਇਜ਼ ਹੋ ਸਕਦਾ ਹੈ? ਜ਼ਿਕਰਯੋਗ ਹੈ ਕਿ ਸ੍ਰੀ ਹਰਮੀਤ ਸਿੰਘ ਕਾਲਕਾ ਉਸ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਹਨ, ਜੋ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਬਣਾਈ ਗਈ ਹੈ। ਇਹ ਕਮੇਟੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਦਾ ਯਤਨ ਕਰ ਰਹੀ ਹੈ ਤਾਂ ਜੋ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮੁਆਫ ਕਰਵਾਇਆ ਜਾ ਸਕੇ ਅਤੇ ਇਹ ਸਜ਼ਾ ਉਮਰ ਕੈਦ ਵਿੱਚ ਤਬਦੀਲ ਹੋ ਸਕੇ। ਸ਼੍ਰੋਮਣੀ ਅਕਾਲੀ ਦਲ ਸਿਆਣੇ, ਦੂਰਅੰਦੇਸ਼ ਟਕਸਾਲੀ ਲੋਕਾਂ ਦੀ ਜਮਾਤ ਹੈ ਇਸ ਦਾ ਸਰੂਪ ਬਣਾਈ ਰੱਖਣਾ ਚਾਹੀਦਾ ਹੈ।

## ਸ਼੍ਰੋਮਣੀ ਅਕਾਲੀ ਦਲ: ਸਥਾਪਨਾ ਦਾ ਮੰਤਵ

ਸ਼੍ਰੋਮਣੀ ਅਕਾਲੀ ਦਲ ਤਿੰਨ ਸ਼ਬਦਾਂ ਦਾ ਸੁਮੇਲ ਹੈ। ਸ਼੍ਰੋਮਣੀ ਤੋਂ ਭਾਵ ਹੈ ਉੱਚਾ ਸਿਰਮੌਰ; ਅਕਾਲੀ ਸ਼ਬਦ ਅਕਾਲ ਤੋਂ ਬਣਿਆ ਹੈ ਅਤੇ ਦਲ ਦਾ ਅਰਥ ਹੈ ਜਥੇਬੰਦੀ। ਅਕਾਲੀ ਭਾਵ ਅਕਾਲ ਪੁਰਖ ਵਾਹਿਗੁਰੂ ਦੀ ਫ਼ੌਜ ਹੈ। ਅਕਾਲੀ ਸ਼ਬਦ ਦੀ ਵਰਤੋਂ ਗੁਰੂ ਸਾਹਿਬਾਨ ਵੇਲੇ ਵੀ ਹੁੰਦੀ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਜੁਝਾਰੂਆਂ, ਮਰਜੀਵੜਿਆਂ, ਅਣਖੀ ਵੀਰਾਂ ਤੇ ਕੌਮਪ੍ਰਸਤ ਸਿਪਾਹੀਆਂ ਦੀ ਜਮਾਤ ਹੈ। ਇਸ ਦੀ ਰਾਜਨੀਤਕ ਤੌਰ 'ਤੇ ਸਥਾਪਨਾ 14 ਦਸੰਬਰ 1920 ਨੂੰ ਹੋਈ। ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੀ ਵਾਹਦ ਨੁਮਾਇੰਦਾ ਜਥੇਬੰਦੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸਮੇਂ-ਸਮੇਂ ਆਪਣੇ ਧਾਰਮਿਕ ਤੇ ਸਿਆਸੀ ਆਗੂਆਂ ਦੀ ਅਗਵਾਈ ਵਿੱਚ ਲੋਕ ਸੰਘਰਸ਼ ਵਿੱਢੇ ਅਤੇ ਉਨ੍ਹਾਂ ਸੰਘਰਸ਼ਾਂ ਨੂੰ ਕੌਮਪ੍ਰਸਤੀ ਵਜੋਂ ਲਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਗਏ ਅਨੇਕਾਂ ਮੋਰਚੇ ਇਸ ਦਾ ਪ੍ਰਮਾਣ ਹਨ।

ਸ਼੍ਰੋਮਣੀ ਅਕਾਲੀ ਦਲ ਦਾ ਮੂਲ ਮਕਸਦ ਸਿੱਖ ਮੁੱਦਿਆਂ ਨੂੰ ਸਿਆਸੀ ਆਵਾਜ਼ ਦੇਣਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਮੰਨਣਾ ਹੈ ਕਿ ਧਰਮ ਅਤੇ ਸਿਆਸਤ ਇਕੱਠੇ ਚਲਦੇ ਹਨ। 1972 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਜਬਰਦਸਤ ਹਾਰ ਹੋਈ। ਇਸ ਨਾਲ ਅਕਾਲੀ ਆਗੂਆਂ ਅਤੇ ਵਰਕਰਾਂ ਵਿੱਚ ਨਮੋਸ਼ੀ ਆਉਣੀ ਲਾਜ਼ਮੀ ਸੀ। ਅਕਾਲੀ ਦਲ ਵਲੋਂ ਪੰਜਾਬ ਦੀ ਖੁਸ਼ਹਾਲੀ ਵਿੱਚ ਜਮਾਂ-ਪੱਖੀ ਰੋਲ ਅਦਾ ਕੀਤੇ ਜਾਣ ਦੇ ਬਾਵਜੂਦ ਅਕਾਲੀ ਦਲ ਦੀ ਹਾਰ ਦਾ ਕਾਰਨ ਵਰਕਰਾਂ ਦਾ ਪੁਰਾਣੀ ਲੀਡਰਸ਼ਿਪ ਤੋਂ ਯਕੀਨ ਉਠ ਚੁਕਿਆ ਸੀ। ਉਹ ਮਹਿਸੂਸ ਕਰਦੇ ਸਨ ਕਿ ਇਹ ਆਗੂ ਕੌਮ ਦਾ ਕੁਝ ਨਹੀਂ ਸੰਵਾਰ ਸਕਦੇ। ਆਮ ਅਕਾਲੀ ਵਰਕਰ ਚਾਹੁੰਦਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨੌਜਵਾਨ ਆਗੂਆਂ ਕੋਲ ਹੋਣੀ ਚਾਹੀਦੀ ਹੈ। ਕੁਝ ਅਕਾਲੀ ਆਗੂਆਂ ਨੇ ਚੋਣਾਂ ਵਿੱਚ ਹੋਈ ਹਾਰ ਨੂੰ ਸੰਤ ਫਤਿਹ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖ ਕੇ ਉਸ ਤੋਂ ਅਸਤੀਫੇ ਦੀ ਮੰਗ ਕੀਤੀ। 17 ਮਾਰਚ 1972 ਨੂੰ ਸ. ਗੁਰਚਰਨ ਸਿੰਘ ਟੌਹੜਾ ਨੇ ਫਤਿਹ ਸਿੰਘ ਤੋਂ ਮੰਗ ਕੀਤੀ ਕਿ ਉਹ ਸਰਗਰਮ ਸਿਆਸਤ ਤੋਂ ਪਿੱਛੇ ਹਟ ਜਾਵੇ। ਮਜਬੂਰ ਹੋ ਕੇ 19 ਮਾਰਚ 1972 ਨੂੰ ਫਤਿਹ ਸਿੰਘ ਨੇ ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ। 25 ਮਾਰਚ ਨੂੰ ਮੋਹਨ ਸਿੰਘ ਤੁੜ ਨੂੰ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਬਣਾ ਦਿੱਤਾ ਗਿਆ। ਮਗਰੋਂ 11 ਅਕਤੂਬਰ ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਇਜਲਾਸ ਨੇ ਸ. ਤੁੜ ਨੂੰ ਰਸਮੀ ਤੌਰ 'ਤੇ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ।

'ਅਕਾਲੀ ਦਲ' ਦੀ ਸੈਂਟਰਲ ਬਾਡੀ ਦੀ ਕਾਇਮੀ ਵਾਸਤੇ ਪਹਿਲਾ ਇਕੱਠ 14 ਦਸੰਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਗਿਆ। ਇੱਕ-ਰਾਇ ਨਾਲ ਮਤਾ ਪਾਸ ਕੀਤਾ ਗਿਆ ਕਿ 29 ਜਨਵਰੀ ਨੂੰ ਸੰਗਤ ਤਖ਼ਤ ਅਕਾਲ ਬੁੰਗੇ ਵਿਖੇ ਹੁੰਮ ਹੁੰਮਾ ਕੇ ਪਹੁੰਚੇ ਤੇ ਜਥਾ ਕਾਇਮ ਕੀਤਾ ਜਾਵੇ। 23 ਜਨਵਰੀ 1921 ਨੂੰ ਅਕਾਲ ਤਖ਼ਤ ਸਾਹਿਬ ਤੋਂ ਹੋਏ ਇਕੱਠ ਵਿੱਚ ਜਥੇਬੰਦੀ ਦਾ ਨਾਂ ਮਨਜ਼ੂਰ ਕਰਨਾ ਸੀ ਅਤੇ ਸੇਵਕ (ਅਹੁਦੇਦਾਰ) ਚੁਣੇ ਜਾਣੇ ਸਨ। ਮੀਟਿੰਗ ਦੋ ਦਿਨ ਚੱਲੀ, ਇਸ ਵਿੱਚ ਭਾਈ ਅਰਜਨ ਸਿੰਘ ਧੀਰਕੇ ਨੇ ਸੁਝਾਅ ਦਿੱਤਾ ਕਿ ਜਥੇਬੰਦੀ ਦਾ ਨਾਂ 'ਗੁਰਦਵਾਰਾ ਸੇਵਕ ਦਲ' ਰੱਖਿਆ ਜਾਵੇ, ਪਰ ਅਖੀਰ ਇਸ ਦਾ ਨਾਂ 'ਅਕਾਲੀ ਦਲ' ਹੀ ਸਭ ਨੇ ਮਨਜ਼ੂਰ ਕੀਤਾ। 24 ਜਨਵਰੀ 1921 ਦੇ ਦਿਨ ਇਸ ਦਲ ਦੇ ਪਹਿਲੇ ਜਥੇਦਾਰ ਸੁਰਮੁਖ ਸਿੰਘ ਝਬਾਲ ਚੁਣੇ ਗਏ। 1935 ਦੇ ਐਕਟ ਹੇਠ ਚੋਣਾਂ ਦਾ ਐਲਾਨ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਇਕੱਲੇ ਤੌਰ 'ਤੇ ਚੋਣਾਂ ਲੜਨ ਦਾ ਫ਼ੈਸਲਾ ਕਰ ਲਿਆ। ਇਸ ਸਬੰਧ ਵਿੱਚ ਅਕਾਲੀ ਦਲ ਅਤੇ ਖ਼ਾਲਸਾ ਦਰਬਾਰ ਦੀਆਂ ਵਰਕਿੰਗ ਕਮੇਟੀਆਂ ਦੀ ਸਾਂਝੀ ਮੀਟਿਗ ਅੰਮ੍ਰਿਤਸਰ ਵਿੱਚ 14 ਜੂਨ 1936 ਨੂੰ ਹੋਈ। ਬਹੁਤੀ ਗਿਣਤੀ ਅਕਾਲੀ ਦਲ ਦੇ ਕਾਂਗਰਸ ਨਾਲ ਸਾਂਝੇ ਉਮੀਦਵਾਰ ਖੜ੍ਹੇ ਕਰਨ ਦੇ ਖਿਲਾਫ਼ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਖ਼ਾਲਸਾ ਦਰਬਾਰ ਵਲੋਂ ਇਕੱਲਿਆਂ ਚੋਣ ਲੜਨ ਦੇ ਐਲਾਨ ਨਾਲ ਕੁਝ ਨਿਰਾਸ਼ ਆਗੂਆਂ ਨੇ ਇੱਕ 'ਕਾਂਗਰਸ ਸਿੱਖ' ਪਾਰਟੀ ਬਣਾ ਲਈ। ਇਸ ਵਿੱਚ ਮਾਸਟਰ ਮੋਤਾ ਸਿੰਘ, ਮਾਸਟਰ ਕਾਬਲ ਸਿੰਘ, ਸੋਹਣ ਸਿੰਘ ਜੋਸ਼, ਗੋਪਾਲ ਸਿੰਘ ਕੌਮੀ ਅਤੇ ਕਰਮ ਸਿੰਘ ਮਾਨ ਆਦਿ ਸਨ, ਪਰ ਇਹ ਮਾਹੌਲ ਜ਼ਿਆਦਾ ਦੇਰ ਨਾ ਚੱਲ ਸਕਿਆ। ਅਖੀਰ 13-14 ਨਵੰਬਰ 1936 ਨੂੰ ਅਕਾਲੀ ਦਲ ਅਤੇ ਕਾਂਗਰਸ ਵਿਚਕਾਰ ਸਮਝੌਤਾ ਹੋ ਗਿਆ। ਕਾਂਗਰਸ ਸਿੱਖ ਪਾਰਟੀ ਦੇ ਵਜੂਦ ਵਿੱਚ ਆਉਣ ਕਰ ਕੇ ਚੋਣਾਂ ਤੋਂ ਮਗਰੋਂ ਕੁਝ ਵਰਕਰ ਅਕਾਲੀ ਦਲ ਤੋਂ ਟੁੱਟ ਗਏ ਸਨ ਤੇ ਕੁਝ ਕਾਂਗਰਸੀਆਂ ਨੂੰ ਰਿਪੋਰਟਾਂ ਦੇਣ ਲੱਗ ਪਏ।

ਸ਼੍ਰੋਮਣੀ ਅਕਾਲੀ ਦਲ ਦੀ ਅਜਿਹੀ ਜਥੇਬੰਦਕ ਹਾਲਤ ਵੇਖ ਕੇ ਦਲ ਦਾ ਖੁਫੀਆ ਜਨਰਲ ਇਜਲਾਸ ਅੰਮ੍ਰਿਤਸਰ ਵਿੱਚ 24 ਅਤੇ 25 ਅਪ੍ਰੈਲ 1937 ਨੂੰ ਬੁਲਾਇਆ ਗਿਆ। ਜਥੇਦਾਰ ਤੇਜਾ ਸਿੰਘ ਅਕਰਪੁਰੀ ਦੀ ਪ੍ਰਧਾਨਗੀ ਹੇਠ ਇਜਲਾਸ ਵਿੱਚ 103 ਮੈਂਬਰ ਇਕੱਠੇ ਹੋਏ। ਦੂਜੇ ਪਾਸੇ ਕਾਂਗਰਸ ਸਿੱਖ ਪਾਰਟੀ ਨੇ ਸੁਰਮੁਖ ਸਿੰਘ ਝਬਾਲ ਨੂੰ ਪ੍ਰਧਾਨ ਚੁਣ ਲਿਆ। ਇਸ ਪਾਰਟੀ ਵਿੱਚ ਗੋਪਾਲ ਸਿੰਘ ਕੌਮੀ, ਹੀਰਾ ਸਿੰਘ ਦਰਦ, ਸੋਹਣ ਸਿੰਘ ਭਕਨਾ, ਕਰਮ ਸਿੰਘ ਚੀਮਾ, ਸਰਦੂਲ ਸਿੰਘ ਕਵੀਸ਼ਰ, ਤੇਜਾ ਸਿੰਘ ਚੂਹੜਕਾਣਾ ਆਦਿ ਸ਼ਾਮਲ ਹੋ ਗਏ। 27 ਅਪ੍ਰੈਲ ਨੂੰ ਇਨ੍ਹਾਂ ਦੀ ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ ਕਿਸੇ ਫਿਰਕੂ ਪਾਰਟੀ ਦਾ ਮੈਂਬਰ ਸਾਡਾ ਮੈਂਬਰ ਨਹੀਂ ਬਣ ਸਕੇਗਾ। ਇਸ ਮੀਟਿੰਗ ਵਿੱਚ ਬਾਹਰਲੇ ਕਿਸੇ ਵੀ ਸ਼ਖਸ ਨੂੰ ਅੰਦਰ ਨਾ ਆਉਣ ਦਿੱਤਾ ਗਿਆ। ਇਸ ਇਜਲਾਸ ਨੇ ਕੁਝ ਮਤੇ ਵੀ ਪਾਸ ਕੀਤੇ, ਜਿਨ੍ਹਾਂ ਵਿੱਚ ਪਹਿਲਾ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਜਥੇਬੰਦ ਕੀਤਾ ਜਾਵੇ। ਦੂਜਾ ਸ਼੍ਰੋਮਣੀ ਅਕਾਲੀ ਦਲ ਦਾ ਅਹੁਦੇਦਾਰ, ਸ਼੍ਰੋਮਣੀ ਕਮੇਟੀ ਦਾ ਅਹੁਦੇਦਾਰ ਨਾ ਬਣੇ। ਤੀਜਾ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਪੂਰਾ ਯਕੀਨ ਹੋਵੇਗਾ।

16-17 ਨਵੰਬਰ 1957 ਨੂੰ ਸ਼੍ਰੋਮਣੀ ਅਕਾਲੀ ਦਲ ਦੀ 11ਵੀਂ ਕਾਨਫਰੰਸ ਬਠਿੰਡਾ ਵਿੱਚ ਕੀਤੀ ਗਈ। ਸੇਵਾ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

# ਸੁਖਬੀਰ ਬਾਦਲ ਦੀ ਮੁਆਫੀ ਦੇ ਸਿਆਸੀ ਮਾਇਨੇ

**ਸਿਆਸਤ ਦਾ ਪਿੜ**

ਕਮਲਜੀਤ ਸਿੰਘ ਬਨਵੈਤ
ਫੋਨ: +91-9814734035



## ਪਛਤਾਵਾ ਘੱਟ, ਸਿਆਸੀ ਲਾਹੇ ਦੀ ਮਨਸ਼ਾ ਵੱਧ

ਕਾਂਗਰਸ ਪਾਰਟੀ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ- ਦੋਹਾਂ ਨੇ ਪੰਜਾਬ, ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਨਾਲ ਵੱਡਾ ਧਰੋਹ ਕਮਾਇਆ ਹੈ। ਦੋਵੇਂ ਗੁਨਾਹਗਾਰ ਹਨ। ਕਾਂਗਰਸ ਨੇ ਅਕਾਲ ਤਖਤ ਸਾਹਿਬ ਉੱਤੇ ਹਮਲਾ ਕਰਕੇ ਪਾਪ ਕਮਾਇਆ ਸੀ, ਜਦਕਿ ਸ਼੍ਰੋਮਣੀ ਅਕਾਲੀ ਦਲ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਲਈ ਲੋਕਾਂ ਦੀ ਕਚਹਿਰੀ ਵਿੱਚ ਗੁਨਾਹਗਾਰ ਹੈ। ਕਾਂਗਰਸ ਵੱਲੋਂ ਅਕਾਲ ਤਖਤ ਸਾਹਿਬ 'ਤੇ ਟੈਂਕ ਚੜ੍ਹਾਉਣ ਦਾ ਬਦਲਾ ਪੰਜਾਬੀਆਂ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕਰਕੇ ਲੈ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਲੋਕਾਂ ਦੀ ਕਚਹਿਰੀ ਵਿੱਚ ਮੁਲਜ਼ਮ ਬਣ ਕੇ ਖੜ੍ਹਾ ਹੈ, ਪਰ ਪੰਜਾਬੀ ਹਾਲੇ ਤੱਕ ਮੁਆਫ ਕਰਨ ਦੇ ਰਾਹ ਵਿੱਚ ਨਹੀਂ ਹਨ। ਸ਼ਾਇਦ ਇਸ ਕਰਕੇ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਹਾਸ਼ੀਏ ਤੋਂ ਬਾਹਰ ਕਰਕੇ ਉਨ੍ਹਾਂ ਨੂੰ ਹਾਲੇ ਠੰਡ ਨਹੀਂ ਪਈ ਹੈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸੱਤਾ ਉੱਤੇ ਮੁੜ ਕਾਬਜ ਹੋਣ ਲਈ ਤਰਲੋ ਮੱਛੀ ਹੋ ਰਿਹਾ ਹੈ।

ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦੋ ਵਾਰ ਮੰਗੀ ਮੁਆਫੀ ਇਹੋ ਸੰਕੇਤ ਦੇ ਰਹੀ ਹੈ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਅਤੇ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਭੋਗ ਵੇਲੇ ਮੰਗੀ ਮੁਆਫੀ ਵੇਲੇ ਕਾਫੀ ਅਹੁਲਾ ਰੱਖ ਲਿਆ ਸੀ; ਪਰ ਅਕਾਲ ਤਖਤ ਸਾਹਿਬ ਵਿਖੇ ਆਪਣੀ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਮੰਗੀ ਮੁਆਫੀ ਵਿੱਚ ਉਨ੍ਹਾਂ ਨੇ ਕਾਫੀ ਹੱਦ ਤੱਕ ਆਪਣੀ ਗੁਸਤਾਖੀ ਮੰਨ ਲਈ ਹੈ। ਹੈਰਾਨੀ ਦੀ ਗੱਲ ਇਹ ਕਿ ਦੋਵੇਂ ਵਾਰ ਮੁਆਫੀ ਮੰਗਣ ਤੋਂ ਪਹਿਲਾਂ ਤੱਕ ਸੁਖਬੀਰ ਸਿੰਘ ਬਾਦਲ ਦੀ ਪਤਨੀ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਇਹੋ ਕਹਿੰਦੇ ਆ ਰਹੇ ਸਨ ਕਿ ਜਿਨ੍ਹਾਂ ਨੇ ਬੇਅਦਬੀਆਂ ਕੀਤੀਆਂ ਸਨ, ਉਨ੍ਹਾਂ ਦਾ ਰਹੇ ਕੁਝ ਨਾ। ਬਹੁਤ ਸਾਰੇ ਲੋਕ ਬਾਦਲਾਂ ਨੂੰ ਸੱਤਾ ਤੋਂ ਲਾਂਭੇ ਕਰਨ ਨੂੰ ਹਰਸਿਮਰਤ ਕੌਰ ਬਾਦਲ ਦੇ ਇਸ ਦਾਅਵੇ ਨਾਲ ਜੋੜ ਕੇ ਦੇਖਦੇ ਆ ਰਹੇ ਹਨ।

ਸੁਖਬੀਰ ਸਿੰਘ ਬਾਦਲ ਦੇ ਮੁਆਫੀ ਮੰਗਣ ਵੇਲੇ ਭਾਸ਼ਣ ਦੀ ਚੀਰ ਫੜ ਕਰੀਏ ਤਾਂ ਉਨ੍ਹਾਂ ਵਿੱਚ ਸੱਤਾ ਦੀ ਲਾਲਸਾ ਸਾਫ ਝਲਕ ਰਹੀ ਸੀ। ਉਹ ਆਪਣੇ ਭਾਸ਼ਣ ਵਿੱਚ ਹੀ ਦਾਅਵਾ ਕਰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਜਦੋਂ ਹੋਂਦ ਵਿੱਚ ਆਇਆ ਸੀ, ਉਦੋਂ ਸਰਕਾਰ ਵਿੱਚ ਆਉਣ ਦੀ ਕੋਈ ਮਨਸ਼ਾ ਨਹੀਂ ਸੀ, ਸਗੋਂ ਉਸ ਵੇਲੇ ਦੇ ਮਰਜੀਵੜੇ ਜ਼ੁਲਮ ਦੇ ਖਿਲਾਫ ਇੱਕ ਕੰਧ ਬਣ ਕੇ ਖੜ੍ਹਨ ਲਈ ਤਿਆਰ ਹੋਏ ਸਨ। ਫਿਰ ਉਹ ਨਾਲ ਹੀ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਪਿਛਲੀ ਸਰਕਾਰ ਵੇਲੇ ਸਜ਼ਾ ਦੇਣ ਤੋਂ ਉਕ ਗਏ ਸਨ, ਪਰ ਜਦੋਂ ਹੁਣ ਉਨ੍ਹਾਂ ਦੀ ਸਰਕਾਰ ਬਣੇਗੀ ਤਾਂ ਉਹ ਦੋਸ਼ੀਆਂ ਨੂੰ ਸਜ਼ਾ ਵੀ ਦੇਣਗੇ ਅਤੇ ਸਿਆਸਤ ਕਰਨ ਵਾਲਿਆਂ ਨੂੰ ਲੋਕਾਂ ਦੀ ਅਦਾਲਤ ਵਿੱਚ ਨੰਗਾ ਕਰਨਗੇ। ਸ. ਬਾਦਲ ਨੂੰ ਭਾਸ਼ਣ ਲਿਖ ਕੇ ਦੇਣ ਵਾਲੇ ਉਨ੍ਹਾਂ ਦੇ ਸਲਾਹਕਾਰ ਇਹ ਕਿਉਂ ਨਹੀਂ ਕਹਿ ਸਕੇ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਫਿਰ ਕੇਂਦਰ ਅਤੇ ਰਾਜ ਸਰਕਾਰ ਦੀਆਂ ਵਧੀਕੀਆਂ ਖਿਲਾਫ ਡਟੇਗਾ, ਪਰ ਸਰਕਾਰ ਵਿੱਚ ਆਉਣ ਦੀ ਕੋਈ ਲਾਲਸਾ ਨਹੀਂ ਹੈ। ਜੇ ਕਿਤੇ ਉਹ ਇਹ ਵੀ ਕਹਿ ਜਾਂਦੇ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਦੀ ਸੂਰਤ ਵਿੱਚ ਉਹ ਮੁੱਖ ਮੰਤਰੀ ਦੀ ਕੁਰਸੀ ਦੀ ਝਾਕ ਨਹੀਂ ਰੱਖਣਗੇ, ਤਦ ਉਨ੍ਹਾਂ ਦਾ ਭਾਸ਼ਣ ਵਧੇਰੇ ਅਸਰਦਾਰ ਹੁੰਦਾ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ, ਪਾਰਟੀ ਦੀ ਲੀਡਰਸ਼ਿਪ ਅਤੇ ਵਰਕਰਾਂ ਵੱਲੋਂ ਹੋਈਆਂ ਗਲਤੀਆਂ ਲਈ ਮੁਆਫੀ ਮੰਗੀ ਹੈ। ਨਾਲ ਹੀ ਇਹ ਵੀ ਕਿਹਾ ਹੈ ਕਿ ਜੇ ਕਿਸੇ ਨੂੰ ਸੱਤਾ ਵਿੱਚ ਹੁੰਦਿਆਂ ਦੁੱਖ ਪਹੁੰਚਾਇਆ ਹੋਵੇ, ਤਦ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਕਾਲ ਤਖਤ ਸਾਹਿਬ 'ਤੇ ਖੜ੍ਹੇ ਹੋ ਕੇ ਮੁਆਫੀ ਮੰਗਦੇ ਹਨ।



ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਆਪਣੇ ਪਿਤਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਹੋਈਆਂ ਗਲਤੀਆਂ ਲਈ ਵੀ ਮੁਆਫੀ ਮੰਗੀ ਹੈ। ਉਨ੍ਹਾਂ ਨੇ ਇੱਕ ਹੋਰ ਰਾਜਨੀਤਿਕ ਪੱਤਾ ਖੇਡਣ ਦੀ ਕੋਸ਼ਿਸ਼ ਵੀ ਕੀਤੀ ਕਿ ਵੱਡੇ ਬਾਦਲ ਨੂੰ ਆਪਣੇ ਆਖਰੀ ਸਮੇਂ ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਦਾ ਝੋਰਾ ਖਾਂਦਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਅਕਾਲੀ ਦਲ ਦੀ ਸਰਕਾਰ ਮੁੜ ਬਣਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਸਜ਼ਾ ਦੇਣਾ ਨਹੀਂ ਭੁੱਲੇਗੀ। ਇਸ ਦਾ ਸਿੱਧਾ ਅਰਥ ਦਿਸ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਦਿਲੋਂ ਪਛਤਾਵਾ ਹੋ ਰਿਹਾ ਹੋਵੇ ਜਾਂ ਨਾ, ਪਰ ਉਨ੍ਹਾਂ ਦੀ ਸੱਤਾ ਵਿੱਚ ਆਉਣ ਦੀ ਕਾਹਲ ਅਤੇ ਹਾਸ਼ੀਏ ਤੋਂ ਬਾਹਰ ਰਹਿਣ ਦੀ ਤੜਪ ਸਾਫ ਦਿਸ ਰਹੀ ਸੀ।

ਉਨ੍ਹਾਂ ਦੇ ਭਾਸ਼ਣ ਦੁਆਲੇ ਹੀ ਗੱਲ ਘੁੰਮਦੀ ਰੱਖੀਏ ਤਾਂ ਕੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੀ ਮੁਆਫੀ ਦੇ ਨਾਲ ਹੀ ਡੇਰਾ ਸਿਰਸਾ ਦੇ ਮੁਖੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਂਗ ਰਚਨ ਦੀ ਮੁਆਫੀ ਦੇਣ ਦੀ ਕੁਤਾਹੀ ਨੂੰ ਭੁੱਲ ਜਾਣ? ਕੀ ਅਕਾਲ ਤਖਤ ਸਾਹਿਬ ਸਮੇਤ ਦੂਜੇ ਜਥੇਦਾਰਾਂ ਨੂੰ ਆਪਣੀ ਮਰਜ਼ੀ ਨਾਲ ਵਰਤਣ ਦੀ ਚਾਲ ਨੂੰ ਇੰਝ ਹੀ ਅੱਖੋਂ ਪਰੋਖੇ ਕਰ ਦਿੱਤਾ ਜਾਵੇ?

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸੱਤਾ ਉੱਤੇ ਕਾਬਜ ਹੋਣ ਲਈ ਜਿੰਨਾ ਕਾਹਲਾ ਹੈ, ਲੋਕ ਉਨਾ ਹੀ ਹਾਲੇ ਪਿੱਛੇ ਨੂੰ ਧੱਕ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਇੱਕੋ ਇੱਕ ਖੇਤਰੀ ਪਾਰਟੀ ਹੈ, ਜਿਹੜੀ ਪੰਜਾਬ ਦੀ ਖੈਰ ਖਵਾਹ ਮੰਨੀ ਜਾਂਦੀ ਹੈ, ਪਰ ਦੁੱਖ ਇਹ ਕਿ ਲੋਕ ਹਾਲੇ ਇਨ੍ਹਾਂ ਉੱਤੇ ਭਰੋਸਾ ਕਰਨ ਨੂੰ ਤਿਆਰ ਨਹੀਂ ਹਨ। ਸ਼੍ਰੋਮਣੀ ਅਕਾਲੀ ਦਲ, ਜਿਸ ਨੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਮਜਬੂਰੀ ਵਜੋਂ ਭਾਰਤੀ ਜਨਤਾ ਪਾਰਟੀ ਨਾਲ ਨਾਤਾ ਤੋੜ ਲਿਆ ਸੀ, ਹੁਣ ਉਸੇ ਪਾਰਟੀ ਨਾਲ ਮੁੜ ਤੋਂ ਸਿਆਸੀ ਗੱਠਜੋੜ ਦੀਆਂ ਕਨਸੋਆਂ ਲੋਕਾਂ ਦੇ ਕੰਨੀ ਪੈਣ ਲੱਗੀਆਂ ਹਨ। ਹਾਂ, ਇੱਕ ਗੱਲ ਪੱਕੀ ਹੈ ਕਿ ਜੇ 'ਆਪ' ਅਤੇ ਕਾਂਗਰਸ ਦਾ ਪੰਜਾਬ ਵਿੱਚ ਸਮਝੌਤਾ ਸਿਰੇ ਨਹੀਂ ਚੜ੍ਹਦਾ ਤਾਂ ਅਕਾਲੀ-ਭਾਜਪਾ ਗੱਠਜੋੜ ਕਿਸੇ ਹੱਦ ਤੱਕ ਮਾਅਰਕਾ ਮਾਰ ਸਕਦਾ ਹੈ। ਦੋਹਾਂ ਪਾਰਟੀਆਂ ਦੀ ਇਹ ਮਜਬੂਰੀ ਵੀ ਹੈ। ਜੇ 'ਆਪ' ਅਤੇ ਕਾਂਗਰਸ ਦਾ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਚੋਣ ਸਮਝੌਤਾ ਹੋ ਜਾਂਦਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਆਪੋ ਆਪਣੇ ਦਮ 'ਤੇ ਚੋਣ ਲੜਦੇ ਹਨ ਤਾਂ ਇਨ੍ਹਾਂ ਪੱਲੇ ਪੈਣ ਵਾਲਾ ਕੁਝ ਨਹੀਂ ਹੈ।

ਇੱਕ ਹੋਰ ਜਰੂਰੀ ਗੱਲ ਇਹ ਕਿ ਸ਼੍ਰੋਮਣੀ ਅਕਾਲੀ ਦਲ ਅੰਦਰੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਗੱਲ ਚਲਦੀ ਆ ਰਹੀ ਹੈ। ਪਾਰਟੀ ਵਰਕਰਾਂ ਸਮੇਤ ਆਮ ਲੋਕਾਂ ਵਿੱਚ ਇਹ ਚਰਚਾ ਰਹੀ ਹੈ ਕਿ ਸੁਖਬੀਰ ਬਾਦਲ ਜੇ ਕੁਰਸੀ ਦਾ ਮੋਹ ਛੱਡ ਦੇਣ ਤਾਂ ਸ਼੍ਰੋਮਣੀ ਅਕਾਲੀ ਦਲ ਕਾਫੀ ਹੱਦ ਤੱਕ ਮੁੜ ਪੈਰਾਂ ਉੱਤੇ ਖੜ੍ਹਾ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਲੰਮਾ ਸਮਾਂ ਪ੍ਰਧਾਨ ਰਹੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਪਾਰਟੀ ਨੂੰ ਜੋੜ ਕੇ ਰੱਖਣ ਵਾਲਾ ਹਾਲ ਦੀ ਘੜੀ ਕੋਈ ਦਿਸ ਨਹੀਂ ਰਿਹਾ ਹੈ। ਪਿਛਲੇ ਕਈ ਮਹੀਨਿਆਂ ਦੀ ਅਕਾਲੀ ਦਲ ਦੀ ਕਾਰਗੁਜ਼ਾਰੀ ਉੱਤੇ ਝਾਤ ਮਾਰੀਏ ਤਾਂ ਇੰਝ ਲੱਗਣ ਲੱਗਾ ਹੈ ਕਿ ਸੁਖਬੀਰ ਸਿੰਘ ਬਾਦਲ ਦੂਜੇ ਕਿਸੇ ਲੀਡਰ ਦੀ ਨਿਸਬਤ ਦਲ ਨੂੰ ਵਧੇਰੇ ਮਜਬੂਤੀ ਨਾਲ ਪਕੜ ਕੇ ਅੱਗੇ ਹੋ ਸਕਦੇ ਹਨ। ਉਨ੍ਹਾਂ ਕੋਲ ਤਜ਼ਰਬਾ, ਸਾਧਨ ਅਤੇ ਪਕੜ ਕਾਫੀ ਹੱਦ ਤੱਕ ਮਜਬੂਤ ਹੈ। ਉਹ ਆਪਣੇ ਉੱਤੇ ਲੱਗਾ ਤਾਨਾਸ਼ਾਹੀ ਦਾ ਟੈਗ ਵੀ ਧੋਂਦੇ ਨਜ਼ਰ ਆ ਰਹੇ ਹਨ। ਪਾਰਟੀ ਨਾਲ ਸਬੰਧਤ ਕੋਈ ਫੈਸਲਾ ਲੈਣ ਵੇਲੇ ਉਨ੍ਹਾਂ ਨੇ ਸੀਨੀਅਰਾਂ ਦੀ ਸਲਾਹ ਨੂੰ ਵਜਨ ਦੇਣਾ ਵੀ ਸ਼ੁਰੂ ਕੀਤਾ ਹੈ। ਉਨ੍ਹਾਂ ਵੱਲੋਂ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਪ੍ਰਧਾਨ ਦੀ ਨਿਯੁਕਤੀ ਨੂੰ ਜਿਵੇਂ ਲਟਕਾ ਕੇ ਰਗੜਿਆ ਹੈ, ਇਹ ਉਨ੍ਹਾਂ ਦੇ ਪ੍ਰਧਾਨ ਵਜੋਂ ਪਰਪੱਕਤਾ ਦਾ ਇੱਕ ਸਬੂਤ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਬ ਪ੍ਰਵਾਣਤ ਰਸਤਾ ਲੱਭਣ ਲਈ ਪੰਜਾਬੀ ਬੁੱਧੀਜੀਵੀਆਂ ਦੀ ਇੱਕ ਮੀਟਿੰਗ ਸੱਦੀ ਗਈ ਸੀ। ਇਸ ਮੀਟਿੰਗ ਵਿੱਚ ਕਾਫੀ ਵਡਮੁੱਲੇ ਵਿਚਾਰ ਆਏ ਸਨ। ਸੁਣਿਆ ਹੈ ਕਿ ਕਈ ਬੁੱਧੀਜੀਵੀਆਂ ਨੇ ਸੁਖਬੀਰ ਨੂੰ ਪਲੋਸਿਆ ਵੀ ਸੀ। ਉਸ ਮੀਟਿੰਗ ਦੇ ਹੱਲ ਤੱਕ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਏ ਲੱਗਦੇ ਹਨ।

ਅਕਾਲੀ ਦਲ ਵੱਲੋਂ ਕੀਤੇ ਗੁਨਾਹਾਂ ਲਈ ਮੁਆਫੀ ਮੰਗਣਾ ਸਭ ਨੂੰ ਚੰਗਾ ਲੱਗਾ ਹੈ, ਪਰ ਇਹੋ ਕੁਝ ਜੇ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਤੋਂ ਪਹਿਲਾਂ ਕਰ ਲਿਆ ਜਾਂਦਾ ਤਾਂ ਏਡੀ ਵੱਡੀ ਨਮੋਸ਼ੀ ਦਾ ਸਾਹਮਣਾ ਨਹੀਂ ਸੀ ਕਰਨਾ ਪੈਣਾ ਅਤੇ ਨਾ ਹੀ ਆਮ ਲੋਕਾਂ ਅਤੇ ਦਲ ਦੇ ਨੇਤਾਵਾਂ ਵਿੱਚ ਏਨੀ ਦੂਰੀ ਵਧਣੀ ਸੀ; ਕਿਉਂਕਿ ਜਦੋਂ ਗੁਰੂ ਗ੍ਰੰਥ ਸਾਹਿਬ ਬੇਅਦਬੀ ਸਮੇਤ ਹੋਰ ਘਟਨਾਵਾਂ ਵਾਪਰ ਰਹੀਆਂ ਸਨ ਤਾਂ ਉਸ ਵੇਲੇ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਗ੍ਰਹਿ ਮੰਤਰੀ ਸਨ। ਬਾਦਲਾਂ ਨੂੰ ਮੁਆਫੀ ਮੰਗਣ ਤੋਂ ਪਹਿਲਾਂ ਅਕਾਲ ਤਖਤ ਸਾਹਿਬ ਵਿਖੇ ਦਿੱਤੇ ਭਾਸ਼ਣ ਉੱਤੇ ਹੋਰ ਹੋਮ ਵਰਕ ਕਰਨ ਦੀ ਲੋੜ ਸੀ। ਬਗੈਰ ਮਿਹਨਤ ਕੀਤਿਆ ਪ੍ਰੀਖਿਆ ਵਿੱਚ ਬੈਠਣ ਵਾਲੇ ਕਦੇ ਮੈਰਿਟ ਸੂਚੀ ਵਿੱਚ ਸ਼ਾਮਿਲ ਨਹੀਂ ਹੁੰਦੇ।

ਸ਼੍ਰੋਮਣੀ ਅਕਾਲੀ ਦਲ ਨੂੰ ਲੋਕਾਂ ਦਾ ਭਰੋਸਾ ਜਿੱਤਣ ਲਈ ਮੁਆਫੀ ਮੰਗਣ ਤੋਂ ਅੱਗੇ ਜਾ ਕੇ ਅਮਲੀ ਤੌਰ 'ਤੇ ਬਹੁਤ ਕੁਝ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਲੋਕਾਂ ਦੇ ਮਨਾਂ ਵਿੱਚ ਇਹ ਵਿਸ਼ਵਾਸ ਕਾਇਮ ਕੀਤਾ ਜਾਵੇ ਕਿ ਉਹ ਸਿੱਖ ਤਖਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਆਪਣਾ ਕਬਜ਼ਾ ਛੱਡ ਦੇਣਗੇ। ਦੂਜੇ ਸ਼ਬਦਾਂ ਵਿੱਚ ਤਖਤਾਂ ਦੇ ਜਥੇਦਾਰ ਅਤੇ ਪ੍ਰਬੰਧਕ ਕਮੇਟੀ ਉਨ੍ਹਾਂ ਦੇ ਆਪਣੇ ਅਤੇ ਪਾਰਟੀ ਦੇ ਹਿੱਤਾਂ ਲਈ ਕੰਮ ਨਹੀਂ ਕਰੇਗੀ। ਇਸ ਤੋਂ ਅੱਗੇ ਪੰਜਾਬ ਨਾਲ ਹੋ ਰਹੇ ਵਿਤਕਰੇ ਦੇ ਖਿਲਾਫ ਹਿੱਕ ਡਾਟ ਕੇ ਖੜ੍ਹਨ ਦੀ ਲੋੜ ਹੈ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਪੰਜਾਬ ਅਤੇ ਸਿੱਖਾਂ ਨਾਲ ਕੇਂਦਰ ਵੱਲੋਂ ਕੀਤੇ ਜਾ ਰਹੇ ਧੱਕੇ ਦਾ ਜ਼ਿਕਰ ਵੀ ਕੀਤਾ ਹੈ। ਰਾਜਾਂ ਲਈ ਵੱਧ ਅਧਿਕਾਰਾਂ ਅਤੇ ਖੁਦ ਮੁਖਤਾਰੀ ਲਈ ਸੰਘਰਸ਼ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦਾ ਲੋਕਾਂ ਵਿੱਚ ਗੁਆਚਿਆ ਭਰੋਸਾ ਕਾਫੀ ਹੱਦ ਤੱਕ ਕਾਇਮ ਕਰਨ ਵਿੱਚ ਸਹਾਈ ਸਿੱਧ ਹੋ ਸਕਦੀ ਹੈ। ਪੰਜਾਬ ਦੇ ਲੋਕ ਹੀ ਨਹੀਂ, ਸਗੋਂ ਸ਼੍ਰੋਮਣੀ ਅਕਾਲੀ ਦਲ ਨਾਲ ਦੂਜੇ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਵੀ ਜੁੜ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ ਆਪਣੀ ਕੌਮੀ ਪੱਧਰ 'ਤੇ ਪਛਾਣ ਅਤੇ ਪੈਂਠ ਬਣਾਉਣ ਵਿੱਚ ਕਾਮਯਾਬ ਵੀ ਹੋ ਜਾਵੇਗਾ। ਇਹੋ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਸੁਪਨਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਇਹੋ ਜਿਹੇ ਪ੍ਰਣ ਨਾਲ ਪਾਰਟੀ ਦੇ ਇਤਿਹਾਸ ਵਿੱਚ ਇੱਕ ਸੁਨਹਿਰੀ ਪੰਨਾ ਸਹਿਜੇ ਹੀ ਜੋੜਿਆ ਜਾ ਸਕਦਾ ਸੀ।

---

# ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਸ਼੍ਰੋਮਣੀ ਅਕਾਲੀ ਦਲ ਬਾਈਪਾਸ ਨਾ ਕਰੇ

⇒ *ਪਿਛਲੇ ਸਫੇ ਦੀ ਬਾਕੀ ...*

ਸਿੰਘ ਠੀਕਰੀਵਾਲਾ ਨਗਰ ਦੇ ਵੱਡੇ ਪੰਡਾਲ ਵਿੱਚ ਲੱਖਾਂ ਸਿੱਖ ਇਸ ਕਾਨਫਰੰਸ ਵਿੱਚ ਸ਼ਾਮਲ ਹੋਏ। ਪਹਿਲੇ ਦਿਨ ਜਲੂਸ ਦੀ ਅਗਵਾਈ ਮਾਸਟਰ ਤਾਰਾ ਸਿੰਘ, ਸੰਪੂਰਨ ਸਿੰਘ ਰਾਮਾ ਤੇ ਫ਼ਤਿਹ ਸਿੰਘ ਗੰਗਾਨਗਰ ਕਰ ਰਹੇ ਸਨ। ਇਸ ਕਾਨਫਰੰਸ ਨੇ ਰੀਜ਼ਨਲ ਫਾਰਮੂਲੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਮੰਗ ਕੀਤੀ। 28 ਅਕਤੂਬਰ 1978 ਨੂੰ ਲੁਧਿਆਣਾ ਵਿਖੇ 18ਵੀਂ ਅਕਾਲੀ ਕਾਨਫ਼ਰੰਸ ਹੋਈ, ਜਿਸ ਵਿੱਚ 5 ਲੱਖ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਕਾਨਫਰੰਸ ਵਿੱਚ ਅਨੰਦਪੁਰ ਸਾਹਿਬ ਦੇ ਮਤੇ ਦੇ ਆਧਾਰ 'ਤੇ 12 ਮਤੇ ਪਾਸ ਕੀਤੇ ਗਏ। ਸ਼੍ਰੋਮਣੀ ਅਕਾਲੀ ਦਲ ਦਾ ਸ਼ਾਨਦਾਰ ਇਤਿਹਾਸ ਹੈ ਅਤੇ ਇਸ ਗੌਰਵ ਨੂੰ ਬਣਾਈ ਰੱਖਣਾ ਦਲ ਦੇ ਆਗੂਆਂ 'ਤੇ ਨਿਰਭਰ ਕਰਦਾ ਹੈ। ਇਸ ਜਮਾਤ ਦਾ ਇਤਿਹਾਸ ਵੀ ਬਹੁਤ ਲੰਬਾ ਹੈ, ਜੋ ਇੱਥੇ ਮੁਕੰਮਲ ਪੇਸ਼ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਅਕਾਲੀ ਦਲ ਨੂੰ ਵੱਡੇ ਸੂਰਬੀਰ, ਦੂਰ-ਅੰਦੇਸ਼ ਸਿੱਖ ਆਗੂਆਂ ਨੇ ਸਮੇਂ-ਸਮੇਂ ਅਗਵਾਈ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪਹਿਲੇ ਪ੍ਰਧਾਨ ਸ. ਸੁਰਮੁਖ ਸਿੰਘ ਝਬਾਲ ਸਨ, ਉਨ੍ਹਾਂ ਪਿੱਛੋਂ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸ. ਗੋਪਾਲ ਸਿੰਘ ਕੌਮੀ ਸ. ਤਾਰਾ ਸਿੰਘ ਠੇਠਰ, ਸ. ਤੇਜਾ ਸਿੰਘ ਅਕਰਪੁਰੀ, ਬਾਬੂ ਲਾਭ ਸਿੰਘ, ਸ. ਊਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਸ. ਪ੍ਰੀਤਮ ਸਿੰਘ ਗੋਧਰਾਂ, ਸ. ਹੁਕਮ ਸਿੰਘ, ਸੰਤ ਫਤਿਹ ਸਿੰਘ, ਸ. ਅੱਛਰ ਸਿੰਘ ਜਥੇਦਾਰ, ਸ. ਭੁਪਿੰਦਰ ਸਿੰਘ, ਸ. ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ, ਸ. ਸੁਰਜੀਤ ਸਿੰਘ ਬਰਨਾਲਾ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਰਹੇ।

1955 ਤੋਂ 1960 ਈਸਵੀ ਸਮੇਂ ਜਦੋਂ ਮਾਸਟਰ ਤਾਰਾ ਸਿੰਘ ਪ੍ਰਧਾਨ ਸਨ, ਉਦੋਂ ਜਥੇਦਾਰ ਸਾਧੂ ਸਿੰਘ ਭੌਰਾ ਪੂਰੇ ਪੰਜ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਰਹੇ। 1960 ਈਸਵੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਉਹ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉਪਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ, ਜੋ 1965 ਈਸਵੀ ਤੱਕ ਰਹੇ। 1960 ਈਸਵੀ ਤੋਂ 1964 ਈਸਵੀ ਤੱਕ ਪੂਰੇ 4 ਸਾਲ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਦੇ ਜਥੇਦਾਰ ਵੀ ਰਹੇ। ਮਈ 1965 ਈਸਵੀ ਨੂੰ ਗਿਆਨੀ ਸਾਧੂ ਸਿੰਘ ਭੌਰਾ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ। ਇਸ ਮਹਾਨ ਪਦਵੀ ਉਪਰ ਉਹ 1980 ਤਕ ਭਾਵ 15 ਸਾਲ ਪੂਰੀ ਯੋਗਤਾ ਨਾਲ ਸੇਵਾ ਨਿਭਾਉਂਦੇ ਰਹੇ। ਗਿਆਨੀ ਭੌਰਾ ਨੇ ਨਕਲੀ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ।

27 ਸਤੰਬਰ 1979 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਆਪਣੀਆਂ ਪਦਵੀਆਂ ਤੋਂ ਦਿੱਤੇ ਅਸਤੀਫਿਆਂ ਕਾਰਨ ਪੰਥ 'ਚ ਪੈਦਾ ਹੋਏ ਸੰਕਟ ਨੂੰ ਹੱਲ ਕਰਨ ਲਈ ਜਥੇਦਾਰ ਭੌਰਾ ਦੀ ਅਗਵਾਈ ਹੇਠ ਇਹ ਫੈਸਲਾ ਕੀਤਾ ਗਿਆ ਸੀ:

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਲਈ ਦੋਹਾਂ ਧੜਿਆਂ ਵਲੋਂ 10 ਅਕਤੂਬਰ 1979 ਈਸਵੀ ਨੂੰ ਸੱਦੀਆਂ ਗਈਆਂ ਦੋਵੇਂ ਮੀਟਿੰਗਾਂ ਰੱਦ ਕੀਤੀਆਂ ਜਾਂਦੀਆਂ ਹਨ। ਪਹਿਲੀ ਸਤੰਬਰ 1979 ਈਸਵੀ ਤੋਂ ਅੱਜ ਤਕ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢੇ ਗਏ ਡੈਲੀਗੇਟਾਂ, ਮੁਅੱਤਲ ਕੀਤੇ ਅਹੁਦੇਦਾਰਾਂ, ਤੋੜੇ ਗਏ ਜ਼ਿਲ੍ਹਾ ਅਕਾਲੀ ਜਥਿਆਂ ਤੇ ਵਰਕਰਾਂ ਨੂੰ ਬਹਾਲ ਕੀਤਾ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਦੋਹਾਂ ਪ੍ਰਧਾਨਾਂ ਨੂੰ ਹੁਕਮ ਕਰਦੇ ਹਾਂ ਕਿ ਉਹ ਆਪਣੇ ਤਿਆਗ ਪੱਤਰ ਵਾਪਸ ਲੈ ਲੈਣ। ਆ ਰਹੀਆਂ ਲੋਕ ਸਭਾ ਚੋਣਾਂ ਸਮੇਂ ਪੰਥਕ ਏਕਤਾ ਨੂੰ ਮੁੱਖ ਰੱਖਦਿਆਂ ਪੰਥ ਦੀ ਚੜ੍ਹਦੀ ਕਲਾ ਲਈ ਚੋਣਾਂ ਤੋਂ ਤੁਰੰਤ ਬਾਅਦ ਡੈਲੀਗੇਟਾਂ ਦੀ ਲਿਸਟ ਦੀ ਛਾਣ ਬੀਣ ਕਰ ਕਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਅਸੀਂ ਆਪਣੀ ਨਿਗਰਾਨੀ ਵਿੱਚ ਨਿਰਪੱਖ ਤੌਰ 'ਤੇ ਕਰਵਾਵਾਂਗੇ। ਸਮੂਹ ਸਿੱਖ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਥ 'ਚ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਨੂੰ ਸਭ ਤੋਂ ਸੁਪਰੀਮ ਮੰਨਿਆ ਜਾਵੇ।

ਪੰਥਕ ਟਿਕਟ ਉੱਤੇ ਕਾਮਯਾਬ ਹੋਏ ਸਮੂਹ ਅਕਾਲੀ ਵਿਧਾਇਕਾਂ ਨੂੰ ਹਦਾਇਤ ਕਰਦੇ ਹਾਂ ਕਿ ਪੰਥ ਦੀ ਸ਼ਾਨ ਨੂੰ ਉਚਿਆ ਰੱਖਣ ਅਤੇ ਚੜ੍ਹਦੀ ਕਲਾ ਲਈ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਇੱਕਮੁਠ ਹੋ ਕੇ ਪੰਜਾਬ ਸਰਕਾਰ ਨੂੰ ਮਜ਼ਬੂਤੀ ਨਾਲ ਚਲਾਉਣ ਤੇ ਸੂਬੇ ਦੀ ਸੇਵਾ ਕਰਨ। ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਪੰਥਕ ਮੈਂਬਰਾਂ ਨੂੰ ਤਾਕੀਦ ਕਰਦੇ ਹਾਂ ਕਿ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਚੰਗਾ ਬਣਾਉਣ ਅਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਤੇਜ਼ ਕਰਨ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠ ਮਿਲ ਕੇ ਕੰਮ ਕਰਨ।

ਸ਼੍ਰੋਮਣੀ ਅਕਾਲੀ ਦਲ ਵਿੱਚ ਆਏ ਸੰਕਟ ਨੂੰ ਦੂਰ ਕਰਨ ਲਈ ਪੰਜਾਂ ਪਿਆਰਿਆਂ ਵਲੋਂ ਜੋ ਫੈਸਲਾ 6 ਅਕਤੂਬਰ 1979 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੁਣਾਇਆ ਗਿਆ ਸੀ, ਉਸ ਨੂੰ ਅਕਾਲੀ ਦਲ ਦੇ ਦੋਹਾਂ ਧੜਿਆਂ ਵਲੋਂ ਪ੍ਰਵਾਨ ਕੀਤਾ ਗਿਆ ਅਤੇ ਸਾਰੇ ਸਿੱਖ ਜਗਤ ਨੇ ਉਸ ਦੀ ਭਾਰੀ ਪ੍ਰਸ਼ੰਸਾ ਕੀਤੀ, ਪਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ 9 ਨਵੰਬਰ 1979 ਦੀਆਂ ਅਖ਼ਬਾਰਾਂ ਵਿੱਚ ਇੱਕ ਬਿਆਨ ਦੇ ਕੇ ਸੱਤ ਮੈਂਬਰੀ ਕਮੇਟੀ ਨੂੰ ਰੱਦ ਕਰ ਕੇ ਆਪਣੇ ਵਲੋਂ ਦੋ ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ, ਜਿਸ ਨਾਲ ਉਪਰੋਕਤ ਫੈਸਲੇ ਦੀ ਭਾਰੀ ਉਲੰਘਣਾ ਕੀਤੀ ਗਈ। ਇਸੇ ਤਰ੍ਹਾਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਵੀ ਅਜਨਾਲਾ ਵਿਖੇ 7 ਮੈਂਬਰੀ ਕਮੇਟੀ ਦੇ ਫੈਸਲੇ ਤੋਂ ਪਹਿਲਾਂ ਹੀ ਜਨਤਾ ਪਾਰਟੀ ਨਾਲ ਗਠਜੋੜ ਕਰਕੇ ਉਲੰਘਣਾ ਕੀਤੀ। ਦੋਹਾਂ ਨੇਤਾਵਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਐਲਾਨਿਆ ਗਿਆ। 23 ਨਵੰਬਰ 1979 ਨੂੰ ਦੋਹਾਂ ਨੇਤਾਵਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਭੁਲ ਬਖਸ਼ਾਈ।

ਜਥੇਦਾਰ ਸਾਧੂ ਸਿੰਘ ਭੌਰਾ ਨੇ 1979 ਈਸਵੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਦੋਹਾਂ ਧੜਿਆਂ ਨੂੰ ਬੁਲਾ ਕੇ ਪੰਜ ਸਿੰਘ ਸਾਹਿਬਾਨ ਵਲੋਂ ਪੰਥਕ ਏਕਤਾ ਦਾ ਫੈਸਲਾ ਅਕਾਲ ਤਖ਼ਤ ਸਾਹਿਬ ਉੱਪਰ ਸੁਣਾਇਆ, ਜਿਸ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਸੱਤ ਮੈਂਬਰੀ ਐਡਹਾਕ ਕਮੇਟੀ ਬਣਾਈ ਗਈ ਅਤੇ ਜਿਸ ਕਮੇਟੀ ਦੇ ਮੁਖੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਥਾਪਿਆ ਗਿਆ। ਪੰਜ ਸਿੰਘ ਸਾਹਿਬਾਨ ਦੇ ਉਕਤ ਫੈਸਲੇ ਨੇ ਸੰਤ ਲੌਂਗੋਵਾਲ ਨੂੰ 20 ਅਗਸਤ 1980 ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਲਈ ਰਾਹ ਪੱਧਰਾ ਕੀਤਾ। ਇੱਥੋਂ ਹੀ ਕੌਮੀ ਸੰਘਰਸ਼ ਦਾ ਸਮਾਂ ਸ਼ੁਰੂ ਹੋ ਜਾਂਦਾ ਹੈ। 1984 ਸਮੇਂ ਹੋਏ ਨੁਕਸਾਨ ਦੀ ਭਰਪਾਈ ਅਸੰਭਵ ਹੈ।

ਸ. ਪ੍ਰਕਾਸ਼ ਸਿੰਘ ਬਾਦਲ ਲੰਮਾ ਸਮਾਂ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਸੰਭਾਲਦੇ ਰਹੇ। ਹੁਣ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਨ। ਕਾਹਲੀ ਵਿੱਚ ਲਏ ਫੈਸਲੇ ਪਾਰਟੀ ਸੱਤਾਹੀਣ ਤੇ ਪਤਨ ਵੱਲ ਧਕੇਲ ਦਿੰਦੇ ਹਨ। ਵੱਡੇ ਨੇਤਾਵਾਂ ਦਾ ਪਾਰਟੀ ਵਿੱਚੋਂ ਕਿਨਾਰਾ ਕਰਨਾ ਦੁਖਦਾਈ ਹੈ। ਇਸ ਵੇਲੇ ਰਾਜਨੀਤਕ ਤੇ ਧਾਰਮਿਕ ਧਰਾਤਲ ਤੋਂ ਵੱਡੀਆਂ ਚੁਣੌਤੀਆਂ ਹਨ। ਅਕਾਲੀ ਦਲ ਪੰਥਕ ਮੁੱਦਿਆਂ ਅਤੇ ਸੰਸਥਾਵਾਂ ਤੋਂ ਲਗਾਤਾਰ ਕਿਨਾਰਾ ਕਰਦਾ ਜਾ ਰਿਹਾ ਹੈ, ਸਿੱਖਾਂ ਤੇ ਖਾਸਕਰ ਪੰਜਾਬੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੁੰਦੀ। ਬਹੁਤ ਹੀ ਦੂਰ-ਅੰਦੇਸ਼ੀ ਨਾਲ ਕੌਮੀ ਮਸਲੇ ਸਰਲ ਕਰਨ ਦੀ ਲੋੜ ਹੈ। ਕੌਮ ਦੀਆਂ ਭਾਵਨਾਵਾਂ ਨੂੰ ਵੀ ਸਮਝਣਾ ਚਾਹੀਦਾ ਹੈ ਤੇ ਦਲ ਅੰਦਰ ਦੀਆਂ ਕਮੀਆਂ-ਪੇਸ਼ੀਆਂ ਦਾ ਵਿਮੋਚਨ ਹੋਣਾ ਵੀ ਲਾਜ਼ਮੀ ਹੈ।

# ਪੰਜਾਬ ਦੇ ਆਬ ਨੂੰ ਪਲੀਤ ਕਰਨ ਵਾਲਿਆਂ 'ਤੇ ਕਾਰਵਾਈ ਕਿਉਂ ਨਹੀਂ!

ਪੰਜਾਬ ਵਿੱਚ ਪਰਾਲੀ ਨੂੰ ਕਿਸਾਨਾਂ ਵੱਲੋਂ ਲਾਈ ਜਾਂਦੀ ਅੱਗ ਕਰ ਕੇ ਫੈਲਦੇ ਹਵਾ ਪ੍ਰਦੂਸ਼ਣ ਬਾਰੇ ਦਿੱਲੀ ਤੱਕ ਫ਼ਿਕਰਮੰਦੀ ਜ਼ਾਹਿਰ ਕੀਤੀ ਜਾਂਦੀ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਵੀ ਇਹਦੇ ਬਾਬਤ ਬਹੁਤ ਸਖ਼ਤ ਹੋਇਆ ਹੈ। ਖ਼ਾਸ ਕਰ ਨਵੰਬਰ ਦੇ ਮਹੀਨੇ ਵਿੱਚ ਧੁੰਦ ਤੇ ਤਰੇਲ ਨਾਲ ਅਸਮਾਨ ਤੋਂ ਹੇਠਾਂ ਉੱਤਰੀ ਕਾਲਸ ਦੀ ਨਿਰੀ-ਪੁਰੀ ਜ਼ਿੰਮੇਵਾਰੀ ਵੀ ਪਰਾਲੀ 'ਤੇ ਸਿੱਟ ਦਿੱਤੀ ਜਾਂਦੀ ਹੈ। ਐਤਕੀਂ ਗਰੀਨ ਟ੍ਰਿਬਿਊਨਲ ਨੇ ਹੁਕਮ ਦਿੱਤਾ ਹੈ ਕਿ ਅੱਗ ਲਾਉਣ 'ਤੇ ਸੈਟੇਲਾਈਟ ਰਾਹੀਂ ਨਿਗਰਾਨੀ ਕਰ ਕੇ ਪਰਾਲੀ ਫੂਕਣ ਵਾਲੇ ਕਿਸਾਨਾਂ ਨੂੰ ਜੁਰਮਾਨੇ ਕੀਤੇ ਜਾਣ।



ਅਹਿਮ ਮਸਲੇ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000




ਵਲੀਪੁਰ (ਲੁਧਿਆਣਾ) ਦੇ ਮੁਕਾਮ 'ਤੇ ਸਤਲੁਜ ਦਰਿਆ ਨੂੰ ਸਿਆਹ ਬਣਾ ਰਿਹਾ ਬੁੱਢਾ ਨਾਲਾ

ਟ੍ਰਿਬਿਊਨਲ ਦੇ ਸਖ਼ਤ ਹੁਕਮ ਤਾਂ ਭਾਵੇਂ ਐਤਕੀਂ ਆਏ ਹਨ, ਪਰ ਹਰ ਵਰ੍ਹੇ ਦਫ਼ਾ ਚੁਤਾਲੀ ਤਹਿਤ ਡਿਪਟੀ ਕਮਿਸ਼ਨਰਾਂ ਵੱਲੋਂ ਪਰਾਲੀ ਫੂਕਣ 'ਤੇ ਪਾਬੰਦੀ ਲਾਈ ਜਾਂਦੀ ਹੈ। ਭਾਵੇਂ ਇਹ ਪਾਬੰਦੀ ਬਹੁਤੀ ਅਸਰਦਾਰ ਤਰੀਕੇ ਨਾਲ ਲਾਗੂ ਨਹੀਂ ਹੁੰਦੀ, ਪਰ ਇੱਥੋਂ ਇਹ ਸਾਬਤ ਹੁੰਦਾ ਹੈ ਕਿ ਸਰਕਾਰ ਪਰਾਲੀ ਦੇ ਪ੍ਰਦੂਸ਼ਣ ਨੂੰ ਇੱਕ ਸਮੱਸਿਆ ਚਿਰਾਂ ਤੋਂ ਮੰਨਦੀ ਆਈ ਹੈ। ਬੇਸ਼ੱਕ ਪਰਾਲੀ ਫੂਕਣਾ ਕਿਸਾਨਾਂ ਦੀ ਮਜਬੂਰੀ ਹੈ, ਪਰ ਮੱਚਦੀ ਪਰਾਲੀ ਹਵਾ ਪ੍ਰਦੂਸ਼ਣ ਵਧਾਉਣ 'ਚ ਹਿੱਸਾ ਤਾਂ ਪਾਉਂਦੀ ਹੀ ਹੈ। ਇੱਕ ਸੁਆਲ ਹੋਰ ਪੈਦਾ ਹੁੰਦਾ ਹੈ ਕਿ ਕਿਸਾਨਾਂ, ਖ਼ਾਸ ਕਰ ਪੰਜਾਬ ਦੇ ਕਿਸਾਨਾਂ ਵੱਲੋਂ ਫੈਲਾਏ ਜਾਂਦੇ ਇਸ ਪ੍ਰਦੂਸ਼ਣ 'ਤੇ ਤਾਂ ਸਮਾਜ ਦਾ ਵੱਡਾ ਹਿੱਸਾ, ਸੂਬਾਈ ਅਤੇ ਕੇਂਦਰੀ ਸਰਕਾਰਾਂ ਸਰਬਸੰਮਤੀ ਨਾਲ ਇਹਦੇ ਬਾਬਤ ਗੰਭੀਰ ਹੋ ਜਾਂਦੀਆਂ ਨੇ, ਪਰ ਪੰਜਾਬ ਵਿੱਚ ਸਨਅਤਕਾਰਾਂ ਵੱਲੋਂ ਫੈਲਾਏ ਜਾਂਦੇ ਪ੍ਰਦੂਸ਼ਣ 'ਤੇ ਚੁੱਪ ਵੱਟ ਜਾਂਦੀਆਂ ਨੇ। ਹਾਲਾਂਕਿ ਜੇ ਕਿਸਾਨ ਸਾਲ 'ਚ 10 ਦਿਨ ਪ੍ਰਦੂਸ਼ਣ ਫੈਲਾਉਂਦਾ ਹੈ ਤਾਂ ਉਹਦੀ ਫ਼ਸਲ ਲਗਭਗ 9 ਮਹੀਨੇ ਹਵਾ ਦੀ ਕਾਰਬਨ-ਡਾਈਆਕਸਾਈਡ ਗੈਸ ਖਾ ਕੇ ਹਵਾ 'ਚ ਆਕਸੀਜਨ ਛੱਡਦੀ ਹੈ।

ਇਹਦੇ ਬਦਲੇ ਕਾਰਖ਼ਾਨਿਆਂ ਦਾ ਯੋਗਦਾਨ ਨਿੱਲ ਹੈ। ਪੰਜਾਬ ਦੇ ਲੱਖਾਂ ਕਾਰਖ਼ਾਨੇ ਆਪਣੀ ਹਾਜਤ (ਮਲ-ਮੂਤਰ) ਗੰਧਲੇ ਪਾਣੀ ਅਤੇ ਬਦਬੂਦਾਰ ਗੈਸਾਂ ਅਤੇ ਕਾਲੇ ਧੂੰਏਂ ਨਾਲ ਸੂਬੇ ਦੇ ਵਾਤਾਵਰਨ ਨੂੰ ਸਿਆਹ ਬਣਾਉਂਦੇ ਨੇ। ਪੰਜਾਬ ਦਾ ਕੋਈ ਚੋਅ ਅਤੇ ਡਰੇਨ ਅਜਿਹੀ ਨਹੀਂ, ਜੀਹਦੇ ਵਿੱਚ ਕਾਰਖ਼ਾਨਿਆਂ ਦਾ ਗੰਦ ਨਾ ਡਿਗਦਾ ਹੋਵੇ। ਇਹ ਡਰੇਨਾਂ ਅਤੇ ਨਾਲੇ ਅਗਾਂਹ ਜਾ ਕੇ ਸਾਡੇ ਦਰਿਆਵਾਂ ਵਿੱਚ ਡਿਗਦੇ ਨੇ। ਲੁਧਿਆਣੇ ਤੋਂ ਲਹਿੰਦੇ ਬੰਨੇ ਪਿੰਡ ਵਲੀਪੁਰ ਕਲਾਂ ਕੋਲ ਸਤਲੁਜ ਦਰਿਆ ਵਿੱਚ ਡਿਗਦੇ ਬੁੱਢੇ ਨਾਲੇ ਨੂੰ ਦੇਖ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। ਸਨਅਤੀ ਸ਼ਹਿਰ ਲੁਧਿਆਣੇ ਦੀ ਹਾਜਤ ਚੱਕੀ ਬੁੱਢੇ ਨਾਲੇ ਦਾ ਕਾਲਾ ਪਾਣੀ ਜਦੋਂ ਕੱਚ ਵਰਗੇ ਸਤਲੁਜ ਦੇ ਪਾਣੀ ਵਿੱਚ ਡਿਗਦਾ ਹੈ ਤਾਂ ਏਹਤੋਂ ਅਗਾਂਹ ਸਾਰਾ ਸਤਲੁਜ ਹੀ ਕਾਲਾ ਹੋ ਕੇ ਵਹਿਣ ਲੱਗਦਾ ਹੈ। ਬੁੱਢੇ ਨਾਲੇ ਦੇ ਪਾਣੀ ਨਾਲ ਉਸ ਮੁਕਾਮ 'ਤੇ ਮਰਦੀਆਂ ਸਤਲੁਜ ਦੀਆਂ ਮੱਛੀਆਂ ਪਾਣੀ ਦੇ ਜ਼ਹਿਰ ਦੀ ਸ਼ਿੱਦਤ ਖ਼ੁਦ-ਬਖ਼ੁਦ ਬਿਆਨ ਕਰ ਜਾਂਦੀਆਂ ਹਨ। ਇਹੀ ਜ਼ਹਿਰੀ ਪਾਣੀ ਅਗਾਂਹ ਜਾ ਕੇ ਜ਼ਮੀਨਦੋਜ਼ ਪਾਣੀ ਨੂੰ ਵੀ ਜ਼ਹਿਰੀ ਬਣਾਉਂਦਾ ਜਾਂਦਾ ਹੈ। ਏਹਤੋਂ ਲਗਭਗ 50 ਕਿਲੋਮੀਟਰ ਹੋਰ ਅਗਾਂਹ ਜਾ ਕੇ ਸਨਅਤੀ ਹਾਜਤ ਨਾਲ ਭਰੀ ਕਾਲਾ ਸੰਘਿਆਂ ਡਰੇਨ ਸਤਲੁਜ 'ਚ ਆ ਡਿਗਦੀ ਹੈ।

ਏਸੇ ਤਰ੍ਹਾਂ ਪੰਜਾਬ ਵਿੱਚ ਦੀ ਲਗਭਗ 200 ਕਿਲੋਮੀਟਰ ਦਾ ਘੱਗਰ ਦਰਿਆ ਤਾਂ ਸਿਰਫ਼ ਸਨਅਤੀ ਹਾਜਤ ਢੋਣ ਦਾ ਹੀ ਵਸੀਲਾ ਬਣ ਕੇ ਰਹਿ ਗਿਆ ਹੈ। ਜਿਹੜੀਆਂ ਸਨਅਤਾਂ ਡਰੇਨਾਂ-ਨਾਲਿਆਂ ਦੇ ਕੰਢਿਆਂ 'ਤੇ ਨਹੀਂ ਪੈਂਦੀਆਂ, ਉਹ ਆਪਣਾ ਗੰਦਾ ਪਾਣੀ ਬੋਰ ਕਰ ਕੇ ਧਰਤੀ ਵਿੱਚ ਗ਼ਰਕ ਕਰ ਰਹੀਆਂ ਹਨ। ਕਾਰਖ਼ਾਨਿਆਂ ਵਿੱਚੋਂ ਕੱਢੀ ਸੁਆਹ-ਖੇਹ ਵੀ ਸੜਕਾਂ ਕਿਨਾਰੇ ਜਾਂ ਖ਼ਾਲੀ ਥਾਂਵਾਂ 'ਤੇ ਸੁੱਟ ਦਿੱਤੀ ਜਾਂਦੀ ਹੈ। ਬਹੁਤ ਸਾਰੀਆਂ ਸਨਅਤਾਂ ਵਿੱਚੋਂ ਛੱਡੀਆਂ ਜਾਂਦੀਆਂ ਬਦਬੂਦਾਰ ਗੈਸਾਂ ਦਾ ਅਸਰ ਕਈ-ਕਈ ਮੀਲ ਦੂਰ ਤੱਕ ਜਾਂਦਾ ਹੈ। ਏਹਤੋਂ ਤੰਗ ਹੋਏ ਲੋਕ ਪੰਜਾਬ ਵਿੱਚ ਹਰ ਸਾਲ ਦਰਜਨਾਂ ਅੰਦੋਲਨ ਕਰਦੇ ਨੇ, ਪਰ ਕਦੇ ਸੁਣਨ ਵਿੱਚ ਨਹੀਂ ਆਇਆ ਕਿ ਸਰਕਾਰ ਨੇ ਪ੍ਰਦੂਸ਼ਣ ਵਾਲੀ ਕੋਈ ਇੰਡਸਟਰੀ ਬੰਦ ਕੀਤੀ ਹੋਵੇ ਜਾਂ ਮਾੜਾ ਮੋਟਾ ਵੀ ਐਕਸ਼ਨ ਲਿਆ ਹੋਵੇ। ਬਹੁਤੀ ਥਾਂਈਂ ਕਾਰਖ਼ਾਨਿਆਂ ਵੱਲੋਂ ਛੱਡੀਆਂ ਜ਼ਹਿਰੀ ਗੈਸਾਂ ਕਰ ਕੇ ਫ਼ਸਲਾਂ ਨੂੰ ਹੋਏ ਨੁਕਸਾਨ ਦੀਆਂ ਵੀ ਖ਼ਬਰਾਂ ਆਉਂਦੀਆਂ ਰਹਿੰਦੀਆਂ ਨੇ। ਇਹ ਇੱਕ ਵੱਡਾ ਸੁਆਲ ਹੈ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਕੀਤੇ ਜਾਂਦੇ 10 ਦਿਨਾਂ ਦੇ ਪ੍ਰਦੂਸ਼ਣ ਖ਼ਾਤਰ ਤਾਂ ਜਿਹੜੇ ਲੋਕ ਹਾਲ ਦੁਹਾਈ ਪਾਉਂਦੇ ਨੇ, ਉਹ ਸਨਅਤੀ ਪ੍ਰਦੂਸ਼ਣ 'ਤੇ ਕਿਉਂ ਚੁੱਪ ਨੇ? ਭਾਵ ਕਾਰਖ਼ਾਨੇਦਾਰਾਂ ਅਤੇ ਕਿਸਾਨਾਂ ਬਾਬਤ ਇਨ੍ਹਾਂ ਫ਼ਰਕ ਕਿਉਂ ਕੀਤਾ ਜਾਂਦਾ ਹੈ? ਇਹ ਸਹੀ ਮੌਕਾ ਹੈ ਕਿ ਕਿਸਾਨ ਯੂਨੀਅਨਾਂ ਸਨਅਤੀ ਪ੍ਰਦੂਸ਼ਣ ਬਾਰੇ ਵੀ ਆਪਣਾ ਪੱਖ ਸਰਕਾਰ ਮੂਹਰੇ ਰੱਖਣ।

# ਸੋਸ਼ਲ ਮੀਡੀਆ 'ਤੇ ਪਾਬੰਦੀ ਬਾਰੇ ਇੱਕ ਨਜ਼ਰੀਆ

ਅਹਿਮ ਗੱਲ

ਚੰਦਰਪਾਲ ਅੱਤਰੀ, ਲਾਲੜੂ
ਫੋਨ:+91-7889111988



ਪੰਜਾਬ ਸਰਕਾਰ ਸਮੇਤ ਸਾਰੀਆਂ ਸਰਕਾਰਾਂ ਵੱਲੋਂ ਸੋਸ਼ਲ ਮੀਡੀਆ ਉਤੇ ਪਾਬੰਦੀ ਲਗਾਉਣ ਬਾਰੇ ਸਾਹਮਣੇ ਆਈਆਂ ਕਨਸੋਆਂ ਵੱਡਾ ਧਿਆਨ ਮੰਗਦੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਤਿਹਾਸ ਵਿੱਚ ਮੀਡੀਆ ਨੇ ਸਮਾਜ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਸਮਾਜ ਪੱਖੀ ਪੱਤਰਕਾਰਾਂ ਨੇ ਨਾ ਸਿਰਫ ਸਮਾਜ ਸਗੋਂ ਦੁਨੀਆ ਦੀ ਆਜ਼ਾਦੀ ਵਿੱਚ ਹੋਏ ਅੰਦੋਲਨਾਂ ਵਿੱਚ ਵੀ ਹਾਂ ਪੱਖੀ ਯੋਗਦਾਨ ਪਾਇਆ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪੱਤਰਕਾਰਤਾ ਇੱਕ ਅਜਿਹਾ ਪੇਸ਼ਾ ਹੈ, ਜੋ ਸਰਵ ਉੱਚ ਅਦਾਲਤ ਦੇ ਫੈਸਲੇ ਤੱਕ ਨੂੰ ਵੀ ਘੋਖ ਸਕਦਾ ਹੈ, ਪਰ ਸਮੇਂ ਦੇ ਹਿਸਾਬ ਨਾਲ ਇਸ ਪੇਸ਼ੇ ਵਿੱਚ ਹੋਰਨਾਂ ਪੇਸ਼ਿਆਂ ਵਾਂਗ ਵੱਡੇ ਪੱਧਰ ਉੱਤੇ ਗਿਰਾਵਟ ਵੀ ਆਈ ਹੈ।

ਇਸ ਸਮੇਂ ਪੱਤਰਕਾਰਤਾ ਦੇ ਬੇਹਿਸਾਬ ਰੂਪ ਹਨ। ਇਨ੍ਹਾਂ ਵਿੱਚ ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਮੀਡੀਆ, ਆਨ ਲਾਈਨ ਮੀਡੀਆ ਤੇ ਸੋਸ਼ਲ ਮੀਡੀਆ ਆਦਿ ਮੁੱਖ ਹਨ। ਅੱਗਿਓਂ ਹਰ ਮੀਡੀਆ ਦੇ ਹੋਰ ਛੋਟੇ-ਛੋਟੇ ਰੂਪ ਹਨ। ਭਾਵੇਂ ਮੀਡੀਆ ਵਿੱਚ ਗਿਰਾਵਟ ਆਈ ਹੈ, ਪਰ ਮੀਡੀਆ ਵਿੱਚ ਸੁਧਾਰ ਬਾਰੇ ਮੀਡੀਆ ਵੱਲੋਂ ਹੀ ਕਦਮ ਚੁੱਕੇ ਜਾਣ ਦੀ ਹਮੇਸ਼ਾ ਹੀ ਪ੍ਰੋੜਤਾ ਹੁੰਦੀ ਰਹੀ ਹੈ। ਉਂਝ ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਮੁੱਖ ਮੀਡੀਆ ਦਾ ਸਭ ਤੋਂ ਅਹਿਮ ਰੂਪ ਬਣਿਆ ਹੋਇਆ ਹੈ। ਬਹੁਤ ਪਾਰਟੀਆਂ ਇਸ ਨੂੰ ਵਰਤ ਕੇ ਸੱਤਾ ਦੇ ਮੁਹਾਣ ਤੱਕ ਪਹੁੰਚ ਚੁੱਕੀਆਂ ਹਨ।

ਆਮ ਆਦਮੀ ਪਾਰਟੀ ਦੀ ਸਮੁੱਚੀ ਸਿਆਸਤ ਤੇ ਤਰੱਕੀ ਤਾਂ ਸੋਸ਼ਲ ਮੀਡੀਆ ਦੀ ਹੀ ਦੇਣ ਹੈ। ਸੋਸ਼ਲ ਮੀਡੀਆ ਨੇ ਦਿੱਲੀ ਵਰਗੇ ਅੰਦੋਲਨ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ। ਉਸ ਸਮੇਂ ਜੇ ਇਹ ਮੀਡੀਆ ਨਾ ਹੁੰਦਾ ਤਾਂ ਅੰਦੋਲਨ ਖੇਰੂੰ-ਖੇਰੂੰ ਹੋ ਜਾਣਾ ਸੀ। ਇਸ ਅੰਦੋਲਨ ਨੇ ਜਿੱਥੇ ਘਰ-ਘਰ ਪੱਤਰਕਾਰ ਪੈਦਾ ਕੀਤੇ, ਉੱਥੇ ਕੁੱਝ ਲੋਕਾਂ ਨੇ ਇਸ ਮੀਡੀਆ ਨੂੰ ਆਪਣੇ ਨਿੱਜੀ ਮੁਫਾਦ ਲਈ ਵੀ ਵਰਤਣਾ ਸ਼ੁਰੂ



ਕਰ ਦਿੱਤਾ।

ਇਸ ਸਮੇਂ ਇਹ ਸੋਸ਼ਲ ਮੀਡੀਆ ਨਿੱਜੀ ਦੂਸ਼ਣਬਾਜ਼ੀ ਦਾ ਕੇਂਦਰ ਬਣ ਗਿਆ ਹੈ। ਹਾਲਾਤ ਇਹ ਹਨ ਕਿ ਕੋਈ ਵੀ ਵਿਅਕਤੀ ਕਿਸੇ ਦੀ ਵੀ ਵੀਡੀਓ ਬਣਾ ਕੇ ਉਸ ਨੂੰ ਬਦਨਾਮ ਕਰਨ ਲੱਗ ਜਾਂਦਾ ਹੈ। ਇਸ ਤੋਂ ਇਲਾਵਾ ਇਸ ਮੀਡੀਆ ਰਾਹੀਂ ਤੁਰਤ-ਫੁਰਤ ਜਾਣਕਾਰੀ ਦੇਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਤੁਰਤ-ਫੁਰਤ ਦੀ ਜਾਣਕਾਰੀ ਦੇਣ ਦੇ ਚੱਕਰ ਵਿੱਚ ਨੀਤੀ ਤੇ ਪ੍ਰਮਾਣਿਕਤਾ ਦਾ ਸਵਾਲ ਗੁਆਚ ਹੀ ਜਾਂਦਾ ਹੈ। ਸੋਸ਼ਲ ਮੀਡੀਆ ਰਾਹੀਂ ਤੁਰਤ-ਫੁਰਤ ਬਣੀਆਂ ਵੀਡੀਓਜ਼ ਸਹੀ ਦੇ ਨਾਲ-ਨਾਲ ਗਲਤ ਧਾਰਨਾਵਾਂ ਵੀ ਬਣਾਉਂਦੀਆਂ ਹਨ, ਕਿਉਂਕਿ ਕਿਸੇ ਵਿਅਕਤੀ ਨੂੰ ਪੜ੍ਹਨ ਮੁਕਾਬਲੇ ਵੇਖਣ ਤੇ ਸੁਣਨ ਵਾਲੀ ਗੱਲ ਪਹਿਲਾਂ ਸਮਝ ਆਉਂਦੀ ਹੈ ਅਤੇ ਜੇ ਉਹ ਸ਼ੁਰੂਆਤੀ ਗੱਲ ਹੀ ਤਕਨੀਕੀ ਤੌਰ ਉਤੇ ਗਲਤ ਹੋਵੇ ਤਾਂ ਉਹ ਸਮਾਜ ਵਿੱਚ ਹੋਰ ਗਲਤ ਧਾਰਨਾਵਾਂ ਬਣਾਉਂਦੀ ਹੈ।

ਸੋਸ਼ਲ ਮੀਡੀਆ ਦੇ ਵੱਡੇ ਹਿੱਸੇ ਵਿੱਚ ਕਾਇਦੇ-ਕਾਨੂੰਨ ਨਾਮ ਦੀ ਕੋਈ ਚੀਜ਼ ਨਹੀਂ ਹੈ, ਜਦਕਿ ਮੀਡੀਆ ਹਮੇਸ਼ਾ ਹੀ ਸਥਾਪਤ ਨਿਯਮਾਂ ਉਤੇ ਚੱਲਦਾ ਹੈ। ਸੋਸ਼ਲ ਮੀਡੀਆ ਨੂੰ ਵਰਤਣ ਵੇਲੇ ਜਦੋਂ ਅਸੀਂ ਖੁਦ ਕੋਈ ਨਿਯਮ ਜਾਂ ਨੈਤਿਕਤਾ ਨਹੀਂ ਵਰਤਦੇ ਤਾਂ ਫਿਰ ਜੇ ਸਰਕਾਰ ਸੋਸ਼ਲ ਮੀਡੀਆ ਉਤੇ ਕਾਰਵਾਈ ਕਰਦੀ ਹੈ ਤਾਂ ਸਾਨੂੰ ਵੀ ਵਿਰੋਧ ਕਰਨ ਦਾ ਕੋਈ ਹੱਕ ਨਹੀਂ। ਫਿਲਹਾਲ ਇਸ ਮਾਮਲੇ ਵਿੱਚ ਭਾਵੇਂ ਪੰਜਾਬ ਸਰਕਾਰ ਜਾਂ ਕਿਸੇ ਵੀ ਸਰਕਾਰ ਦੇ ਫੈਸਲੇ ਨੂੰ ਦਰੁਸਤ ਨਹੀਂ ਠਹਿਰਾਇਆ ਜਾ ਸਕਦਾ, ਪਰ ਸੋਸ਼ਲ ਮੀਡੀਆ ਵਾਲੇ ਫਰਜ਼ੀ ਪੱਤਰਕਾਰ ਕਦੋਂ ਤੱਕ ਆਪਣੀ ਮਨਮਾਨੀ ਕਰਦੇ ਰਹਿਣਗੇ ਤੇ ਇਸ ਮਾਮਲੇ ਵਿੱਚ ਖੁਦ ਸਥਾਪਤ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣਗੇ? ਇਹ ਵੀ ਨਹੀਂ ਕਿ ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਮੀਡੀਆ ਤੇ ਆਨ ਲਾਈਨ ਮੀਡੀਆ ਵਿੱਚ ਸਭ ਕੁੱਝ ਸਹੀ ਹੈ, ਪਰ ਉੱਥੇ ਕੁੱਝ ਹੱਦ ਤੱਕ ਕਿਸੇ ਨਾ ਕਿਸੇ ਪੱਧਰ ਉਤੇ ਕਿਸੇ ਨਾ ਕਿਸੇ ਦੀ ਕੋਈ ਜਵਾਬਦੇਹੀ ਤਾਂ ਹੈ ਤੇ ਇਹੋ ਜਵਾਬਦੇਹੀ ਸੋਸ਼ਲ ਮੀਡੀਆ ਦੇ ਪੱਧਰ ਉਤੇ ਵੀ ਹੋਣੀ ਜ਼ਰੂਰੀ ਹੈ।

ਜੇ ਸਮਾਂ ਰਹਿੰਦਿਆਂ ਸੋਸ਼ਲ ਮੀਡੀਆ ਦੇ ਧੁਰੰਦਰਾਂ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਸਮਾਜ ਲਈ ਅਹਿਮ ਮੰਨਿਆ ਜਾਂਦਾ ਮੀਡੀਆ ਦਾ ਇਹ ਰੂਪ ਹੌਲੀ-ਹੌਲੀ ਨਾ ਸਿਰਫ ਆਪਣੀ ਹੋਂਦ ਹੀ ਗੰਵਾ ਲਵੇਗਾ, ਸਗੋਂ ਇਹ ਜ਼ਰੂਰ ਕਿਸੇ ਨਾ ਕਿਸੇ ਵੱਡੀ ਸਮੱਸਿਆ ਵਿੱਚ ਫਸ ਜਾਵੇਗਾ। ਇਸ ਲਈ ਸਾਡੇ ਸੋਸ਼ਲ ਮੀਡੀਆ ਦੇ ਸਹਿਯੋਗੀਆਂ ਨੂੰ ਸੋਸ਼ਲ ਮੀਡੀਆ ਦੇ ਲੰਮੇਰੇ ਭਵਿੱਖ ਲਈ ਇਸ ਦੀ ਵਰਤੋਂ ਕਰਨ ਵੇਲੇ ਤੱਥ, ਜ਼ਿੰਮੇਵਾਰੀ ਤੇ ਸੰਜਮ ਨਾਲ ਕੰਮ ਲੈਣ ਨੂੰ ਤਰਜੀਹ ਦੇਣੀ ਬਣਦੀ ਹੈ।

## ਚੀਸ

-ਸਰਬਜੀਤ ਬਾਬਾ

ਪੰਜਾਬ ਨੂੰ ਕੀ ਹੋ ਗਿਆ ਹੈ?
ਨਾ ਸੁਣਦਾ ਹੈ, ਨਾ ਸਮਝਦਾ ਹੈ,
ਨਾ ਮੰਨਦਾ ਹੈ

ਬਸ ਲੜਨ ਲਈ ਬਹਾਨੇ ਲੱਭਦਾ ਹੈ
ਜੰਗ ਦਾ ਐਲਾਨ ਕਰਦਾ ਹੈ
ਡੋਗਰੇ ਸਰਦਾਰਾਂ ਨੂੰ
ਸੈਨਾਪਤੀ ਬਣਾਉਂਦਾ ਹੈ
ਸਦਾ ਹੀ ਹਾਰ ਆਉਂਦਾ ਹੈ

ਹੁਣ ਤਾਂ ਹੱਦ ਹੋ ਗਈ
ਇਹ ਚੰਘਿਆੜਨ ਲੱਗਾ ਹੈ
ਆਪਣੇ ਆਪ ਨੂੰ ਮਾਰਨ ਲੱਗਾ ਹੈ
ਕੂਕਣ ਲੱਗਾ ਹੈ
ਆਪਣਿਆਂ ਨੂੰ ਫੂਕਣ ਲੱਗਾ ਹੈ

ਮਖੌਟੇ ਪਾ ਚੁੱਕਾ ਹੈ, ਅਕਲਾਂ ਲਾਹ ਚੁੱਕਾ ਹੈ

ਉਜੜਨ ਲਈ ਕਾਹਲ ਕਰੇ
ਜਲਾਵਤਨੀ ਭਾਲਦਾ ਹੈ
ਪਰਦੇਸੀਂ ਜਾ ਵੱਸਣ ਲਈ
ਬੇਗਾਨੀ ਧਰਤ 'ਤੇ ਹੱਸਣ ਲਈ
ਜ਼ਿੱਦ ਕਰਦਾ
ਭੜਕਦਾ, ਤੜਫਦਾ
ਹਟਕੋਰੇ ਭਰਦਾ ਹੈ

ਮੇਰੇ ਵੇਖਦੇ ਹੀ ਭੁਬਾਂ ਮਾਰ ਕੇ
ਰੋਣ ਲੱਗਾ ਹੈ
ਮੇਰੇ ਗੁਲਾਬ ਦੇ ਫੁੱਲ ਦਾ
ਅੰਤ ਕਿਹਾ ਹੋਣ ਲੱਗਾ ਹੈ।



# ਸਮੂਹ ਪੰਜਾਬੀਆਂ ਨੂੰ ਸਾਲ 2024 ਮੁਬਾਰਕ

ਅਕਾਲ ਪੁਰਖ ਦੀ ਮਿਹਰ ਨਾਲ ਨਵਾਂ ਵਰ੍ਹਾ ਸਭਨਾਂ ਲਈ ਸੁੱਖ-ਸਾਂਦ ਭਰਿਆ ਰਹੇ
ਕਾਮਨਾ ਕਰਦੇ ਹਾਂ ਕਿ ਵਾਹਿਗੁਰੂ ਸਭ ਨੂੰ ਤਰੱਕੀਆਂ ਅਤੇ ਖੁਸ਼ਹਾਲੀ ਬਖਸ਼ੇ

May New Year be filled with new adventures and good fortunes


## ਸਿੰਘ ਡੀਜ਼ਲ ਸਰਵਿਸਿਜ਼ ਐਲ.ਐਲ.ਸੀ.




ਟਾਇਰ, ਬਰੇਕ, ਕਲੱਚ, ਆਇਲ-ਚੇਂਜ ਅਤੇ ਹੋਰ ਬਹੁਤ ਕੁਝ...
ਅਸੀਂ ਮੁਰੰਮਤ ਸਬੰਧੀ ਸੜਕ ਕਿਨਾਰੇ ਸੇਵਾਵਾਂ ਵੀ ਮੁਹੱਈਆ ਕਰਦੇ ਹਾਂ

## SINGH DIESEL SERVICES LLC

210 SENATE DR, MONROE, OH 45050



**Truck & Trailer Repair**

Tires, Breaks, Clutch,
Oil-Change and more...
Roadside services

**CALL: Gary 513-313-8700 OR Raj 513-795-9395**

Email: singhdiesel2@gmail.com

## ਸਿਹਤ ਲਈ ਜਾਣਕਾਰੀ

ਡਾ. ਹਰਬੰਸ ਕੌਰ ਦਿਓਲ

### ਜੁਗ ਜੁਗ ਜੀਓ... (5)

# ਅਣਮੁੱਲੇ ਨੁਸਖੇ ਤੁਹਾਡੀ ਸਿਹਤ ਬਾਰੇ

"ਦੀਦੀ, ਜਿਹੜੀ ਆਪਾਂ ਨੇ ਪਿਛਲੀ ਬਾਰੀ ਗੱਲਬਾਤ ਕੀਤੀ ਸੀ, ਉਹ ਜ਼ਰਾ ਸੰਖੇਪ ਤਰੀਕੇ ਨਾਲ ਦੱਸ ਦੇਵੋ, ਇੱਕ ਵਾਰ ਫੇਰ।"

"ਕਿਉਂ ਬਈ, ਤੇਰਾ ਧਿਆਨ ਕਿੱਥੇ ਸੀ?"

"ਧਿਆਨ ਤਾਂ ਉੱਥੇ ਹੀ ਸੀ, ਪਰ ਗੱਲਾਂ ਬਹੁਤ ਜ਼ਰੂਰੀ ਹਨ। ਦੁਹਰਾਉਣ ਨਾਲ ਥੋੜ੍ਹੀ ਜਿਹੀ ਜ਼ਿਆਦਾ ਸਮਝ ਆ ਜਾਂਦੀ ਏ।"

"ਅੱਛਾ! ਤਾਂ ਸੁਣ, ਆਪਾਂ ਨੇ ਸਪਲੀਮੈਂਟਸ ਬਾਰੇ ਗੱਲਾਂ ਕੀਤੀਆਂ ਸਨ। ਸਭ ਤੋਂ ਜ਼ਿਆਦਾ ਜ਼ਰੂਰੀ ਹੈ ਕਿ ਸੰਤੁਲਿਤ ਖੁਰਾਕ ਖਾਣੀ ਚਾਹੀਦੀ ਹੈ, ਪਰ ਕਿਸੇ ਕਾਰਨ ਕਰ ਕੇ ਜਾਂ ਕਿਸੇ ਬਿਮਾਰੀ ਦੇ ਕਾਰਨ ਤੁਹਾਡੀ ਜ਼ਰੂਰਤ ਜ਼ਿਆਦਾ ਹੈ ਤਾਂ ਇਹ ਚੀਜ਼ਾਂ ਚੰਗੀ ਖੁਰਾਕ ਦੇ ਨਾਲ ਵੀ ਲੈਣੀਆਂ ਪੈਂਦੀਆਂ ਹਨ:

1. ਵਿਟਾਮਿਨ ਸੀ (C) ਸਾਡਾ ਸਰੀਰ ਬਣਾਉਣ ਦੇ ਅਸਮਰੱਥ ਹੈ, ਇੱਕ ਐਨਜ਼ਾਈਮ (Enzyme) ਦੀ ਘਾਟ ਕਰ ਕੇ ਇਸ ਲਈ ਇਹ ਹਰ ਇੱਕ ਨੂੰ ਬਾਹਰੋਂ ਹੀ ਲੈਣਾ ਪੈਂਦਾ ਹੈ। ਖੁਰਾਕ ਵਿੱਚੋਂ ਇਸ ਦੀ ਜ਼ਰੂਰਤ ਪੂਰੀ ਨਹੀਂ ਹੁੰਦੀ, ਖਾਸ ਕਰ ਕੇ ਜੇ ਕੋਈ ਇਨਫੈਕਸ਼ਨ ਹੋਵੇ- ਕਿਸੇ ਹਾਦਸੇ ਤੋਂ ਬਾਅਦ ਜਾਂ ਸਰਜਰੀ ਤੋਂ ਬਾਅਦ, ਕਿਉਂਕਿ ਇਹ ਸਰੀਰ ਦੀ ਰਿਪੇਅਰ ਕਰਨ ਵਿੱਚ ਬਹੁਤ ਮਦਦ ਕਰਦਾ ਹੈ। ਇਹ 1000mg time release ਫਾਰਮ ਵਿੱਚ ਦਿਨ ਵਿੱਚ ਦੋ ਵਾਰੀ ਪਾਣੀ ਨਾਲ ਲਵੋ।

2. ਵਿਟਾਮਿਨ ਡੀ (D) ਵੀ ਲੈਣਾ ਪੈਂਦਾ ਹੈ, ਕਿਉਂਕਿ ਆਪਾਂ ਹਰ ਰੋਜ਼ 30 ਮਿੰਟ ਲਈ 365 ਦਿਨ ਬਾਹਰ ਸੂਰਜ ਦੀ ਰੌਸ਼ਨੀ ਵਿੱਚ ਬਿਨਾ ਸਨਸਕਰੀਨ ਦੇ ਨਹੀਂ ਜਾ ਸਕਦੇ ਜਾਂ ਤਾਂ ਬਹੁਤੀ ਠੰਡ ਹੁੰਦੀ ਏ ਜਾਂ ਜ਼ਿਆਦਾ ਗਰਮੀ ਅਤੇ ਉਤੋਂ ਚਮੜੀ ਦੇ ਕੈਂਸਰ ਦਾ ਡਰ। ਇਸ ਕਰ ਕੇ ਬਹੁਤਾ ਸਮਾਂ ਚਮੜੀ ਨੂੰ ਕੱਪੜਿਆਂ ਨਾਲ ਹੀ ਢਕਿਆ ਰੱਖਣਾ ਪੈਂਦਾ। ਇਸ ਕਰ ਕੇ ਆਪਣੀ ਚਮੜੀ ਉਨਾ ਵਿਟਾਮਿਨ 'ਡੀ' ਨਹੀਂ ਬਣਾ ਸਕਦੀ, ਜਿੰਨੇ ਦੀ ਆਪਾਂ ਨੂੰ ਜ਼ਰੂਰਤ ਹੈ ਅਤੇ ਖੁਰਾਕ ਤੋਂ ਵੀ ਪੂਰਾ ਨਹੀਂ ਹੁੰਦਾ। ਇਸ ਲਈ ਇਹ 5000-7000 ਯੂਨਿਟ ਫੈਟੀ ਖੁਰਾਕ ਨਾਲ ਹਰ ਰੋਜ਼ ਲੈਣਾ ਚਾਹੀਦਾ ਹੈ। ਸਾਲ ਵਿੱਚ 1-2 ਵਾਰੀ ਇਸ ਦੀ ਮਿਕਦਾਰ ਖੂਨ ਵਿੱਚ ਦੇਖ ਲੈਣੀ ਚਾਹੀਦੀ ਹੈ।

3. ਜੇ ਤੁਸੀਂ ਮੱਛੀ ਨਹੀਂ ਖਾਂਦੇ, ਘੱਟੋ ਘੱਟ ਹਫਤੇ ਵਿੱਚ ਦੋ ਵਾਰੀ ਤਾਂ ਤੁਹਾਨੂੰ ਫਿਸ਼ ਆਇਲ ਵੀ ਲੈਣਾ ਚਾਹੀਦਾ ਹੈ, ਚੰਗੀ ਕਿਸਮ ਦਾ। ਦੇਖ ਲੈਣਾ ਉਸ 'ਤੇ ਲਿਖਿਆ ਹੋਇਆ ਜਾਂ ਸਟੈਂਪ ਲੱਗੀ ਹੋਈ ਹੈ ਕਿ ਇਸ ਨੂੰ ਧਾਤਾਂ ਲਈ ਚੈੱਕ ਕੀਤਾ ਹੋਇਆ ਹੈ ਅਤੇ ਇਸ ਵਿੱਚ ਮਰਕਰੀ ਘੱਟ ਹੈ। ਇਹ ਤਾਂ ਬਹੁਤ ਹੀ ਜ਼ਰੂਰੀ ਹੈ। ਤੁਸੀਂ ਓਮੇਗਾ-3 ਲੈ ਸਕਦੇ ਹੋ, ਪਰ ਫਿਸ਼ ਤੇਲ ਬਿਹਤਰ ਹੈ।

4. ਵਿਟਾਮਿਨ $K_2$ ($K_1$ ਨਹੀਂ) 200mg ਹਰ ਰੋਜ਼ ਫੈਟੀ ਖੁਰਾਕ ਨਾਲ ਦਿਨ ਵਿੱਚ ਇੱਕ ਵਾਰ ਲੈਣ ਦੀ ਜ਼ਰੂਰਤ ਹੈ- ਵੱਡੀ ਉਮਰ ਵਿੱਚ ਹੱਡੀਆਂ ਅਤੇ ਜੋੜਾਂ ਲਈ, ਕਿਉਂਕਿ ਇਹ ਆਪਣੇ ਜੋੜੀਦਾਰ ਮੈਗਨੀਸੀਅਮ ਨਾਲ ਮਿਲ ਕੇ ਖੂਨ, ਸਰੀਰ ਦੇ ਟਿਸ਼ੂ ਅਤੇ ਖੂਨ ਦੀਆਂ ਨਾੜੀਆਂ ਵਿੱਚੋਂ ਫਾਲਤੂ ਕੈਲਸੀਅਮ ਲੈ ਕੇ ਹੱਡੀਆਂ ਵਿੱਚ ਪਾਉਂਦਾ ਹੈ।"

"ਦੀਦੀ, ਤੁਸੀਂ ਦੱਸਿਆ ਸੀ ਇੱਕ ਵਾਰ ਕਿ ਸਟੈਂਡਰਡ ਅਮਰੀਕੀ ਖੁਰਾਕ (SAD) ਵਿੱਚ ਮੈਗਨੀਸੀਅਮ ਘੱਟ ਹੁੰਦਾ ਹੈ, ਪਰ ਸਾਨੂੰ ਮੈਗਨੀਸੀਅਮ ਨਾਲ ਭਰਪੂਰ ਖੁਰਾਕ ਖਾਣੀ ਚਾਹੀਦੀ ਹੈ, ਜਿਵੇਂ ਨਟਸ, ਸੀਡਸ, ਹੋਲ ਗਰੇਨਜ਼, ਐਵਾਕਾਡੋ, ਪੱਤਿਆਂ ਵਾਲੀਆਂ ਸਬਜ਼ੀਆਂ, ਦੁੱਧ, ਦਹੀਂ, ਦਾਲਾਂ।"




"ਜੇ ਫੇਰ ਵੀ ਕਾਫੀ ਨਾ ਹੋਵੇ ਤਾਂ 300-400 ਮਿਲੀਗ੍ਰਾਮ ਤੱਕ ਬਾਹਰੋਂ ਸਪਲੀਮੈਂਟ ਤੌਰ 'ਤੇ ਲੈ ਸਕਦੇ ਹੋ। ਮੈਗਨੀਸੀਅਮ ਔਕਸਾਈਡ (mag. oxide) ਪਾਣੀ ਵਿੱਚ ਚੰਗੀ ਤਰ੍ਹਾਂ ਘੁਲਦਾ ਨਹੀਂ, ਉਹ ਨਾ ਲਵੋ, ਪਰ ਮੈਗਨੀਸੀਅਮ ਸਿਟਰੇਟ (mag. citrate) ਜੇ ਕਬਜ ਹੋਵੇ ਜਾਂ ਮੈਗਨੀਸੀਅਮ ਗਲਾਈਸੀਨੇਟ (mag. glycinate) ਜਿਹੜਾ ਦਿਮਾਗ ਲਈ ਚੰਗਾ ਹੈ, ਲੈ ਲਵੋ। ਮੈਗਨੀਸੀਅਮ ਦਿਮਾਗ, ਹੱਡੀਆਂ, ਸ਼ੂਗਰ ਮੈਟਾਬੋਲਿਜ਼ਮ ਇਮੂਨਿਟੀ, ਮਸਲਜ਼ ਤੇ ਦਿਲ ਦੀ ਤੰਦਰੁਸਤੀ ਲਈ ਬਹੁਤ ਹੀ ਅਹਿਮੀਅਤ ਰੱਖਦਾ ਹੈ।"

"ਦੀਦੀ, ਤੁਹਾਡਾ ਵਿਟਾਮਿਨ ਈ (E) ਬਾਰੇ ਕੀ ਖਿਆਲ ਹੈ?"

"ਪ੍ਰੀਤ, ਆਮ ਤੌਰ 'ਤੇ ਇਸ ਦੀ ਜ਼ਰੂਰਤ ਨਹੀਂ ਪੈਂਦੀ, ਖੁਰਾਕ ਵਿੱਚੋਂ ਮਿਲ ਜਾਂਦੈ, ਪਰ ਮਰੀਜਾਂ ਵਿੱਚ ਜਿਨ੍ਹਾਂ ਦਾ ਦਿਲ ਦਾ ਕੈਲਸ਼ੀਅਮ ਸਕੋਰ ਜ਼ਿਆਦਾ ਹੋਵੇ, ਉਨ੍ਹਾਂ ਨੂੰ ਵਿਟਾਮਿਨ 'ਈ' ਦਿੰਦੇ ਹਾਂ, ਵਿਟਾਮਿਨ $K_2$ ਅਤੇ ਮੈਗਨੀਸੀਅਮ ਦੇ ਨਾਲ। ਇਸ ਨੂੰ ਟੋਕੋਟਰੀਨੋਲ (tocotrienol) ਦੀ ਫਾਰਮ ਵਿੱਚ ਹੀ ਲੈਣਾ ਚਾਹੀਦੈ, ਫੈਟੀ ਖੁਰਾਕ ਨਾਲ।

ਅਤੇ ਪੈਪਟਾਈਡ ਕੌਲੇਜਨ (peptide collagen) ਬਜ਼ੁਰਗਾਂ ਲਈ ਅੱਛਾ ਹੈ, ਕਿਉਂਕਿ ਖੁਰਾਕ ਵਿੱਚੋਂ ਜ਼ਰੂਰਤ ਜਿੰਨੇ ਪ੍ਰੋਟੀਨ ਨਹੀਂ ਮਿਲਦੇ। ਪ੍ਰੋਟੀਨ ਵਾਲੀ ਖੁਰਾਕ ਹੈ:

ਬੀਫ (grass fed)- 22 ਗ੍ਰਾਮ/3 ਔਂਸ ਵਿੱਚ; ਚਿਕਨ (free range)- 27 ਗ੍ਰਾਮ/3 ਔਂਸ ਵਿੱਚ; ਅੰਡੇ- 6 ਗ੍ਰਾਮ ਇੱਕ ਅੰਡੇ ਵਿੱਚ; ਮੱਛੀ- 19 ਗ੍ਰਾਮ/3 ਔਂਸ ਵਿੱਚ; ਪਿਨਟ ਬਟਰ- 7 ਗ੍ਰਾਮ/2 ਚੱਮਚ; ਦਾਲਾਂ- 18 ਗ੍ਰਾਮ/ਇੱਕ ਕੱਪ ਵਿੱਚ ਰਿੱਝੀ ਹੋਈ ਅਤੇ ਚੀਜ਼ ਵਿਸ਼ੇਸ਼ ਕਰਕੇ ਕੌਟੇਜ (cottage) ਚੀਜ਼- 12 ਗ੍ਰਾਮ/ਅੱਧੇ ਕੱਪ ਵਿੱਚ।"

"ਕਮਾਲ ਦੀ ਗੱਲ ਹੈ! ਇਹ ਤਾਂ ਵਧੀਆ ਮਿਕਦਾਰ ਹੈ ਪ੍ਰੋਟੀਨ ਦੀ ਇਨ੍ਹਾਂ ਖੁਰਾਕਾਂ ਵਿੱਚ। ਤੁਸੀਂ ਕਿਹਾ ਕਿ ਵਿਟਾਮਿਨ E, $K_2$ ਅਤੇ ਮੈਗਨੀਸੀਅਮ ਰਲ ਕੇ ਫਾਲਤੂ ਕੈਲਸੀਅਮ ਨੂੰ ਟਿਸ਼ੂ ਅਤੇ ਖੂਨ ਦੀਆਂ ਨਾੜੀਆਂ ਵਿੱਚੋਂ ਬਾਹਰ ਕੱਢਣ ਦਾ ਕੰਮ ਕਰਦੇ ਨੇ। ਪਤਾ ਕਿਵੇਂ ਲੱਗੇ ਕਿ ਤੁਹਾਡੇ ਵਿੱਚ ਜ਼ਿਆਦਾ ਕੈਲਸੀਅਮ ਹੈ?"

"ਇਸ ਲਈ ਕੈਲਸੀਅਮ ਸਕੋਰ ਦਿਲ ਦੀ ਸਕੈਨ ਕਰਦੇ ਹਾਂ।"


"ਦੀਦੀ, ਉਹ ਕੈਲਸੀਅਮ ਤਾਂ ਗੰਢਾਂ ਬਣ ਕੇ ਚੁਭਦਾ ਹੋਣੈ?"

"ਨਹੀਂ ਕਮਲੀਏ, ਉਹ ਤਾਂ ਬਹੁਤ ਹੀ ਛੋਟਾ ਜਿਹਾ ਹੁੰਦੈ, ਮਾਈਕਰੋਸਕੋਪਿਕ ਅਤੇ ਉਹ ਦਿਲ ਦੀਆਂ ਨਾੜੀਆਂ ਵਿੱਚ ਵੀ ਹੁੰਦਾ ਏ। ਹੋਰ ਨਾੜੀਆਂ ਵਿੱਚ ਵੀ ਹੋ ਸਕਦੈ। ਇਹ ਉਮਰ ਵਧਣ ਨਾਲ ਹੌਲੀ ਹੌਲੀ ਜਮ੍ਹਾਂ ਹੋਣਾ ਸ਼ੁਰੂ ਹੋ ਜਾਂਦੈ। ਜ਼ਿਆਦਾ ਕਰ ਕੇ ਉਨ੍ਹਾਂ ਵਿੱਚ, ਜਿਨ੍ਹਾਂ ਦੇ ਟੱਬਰ ਵਿੱਚ ਕਿਸੇ ਨੂੰ ਦਿਲ ਦੀ ਬਿਮਾਰੀ ਹੋਈ ਹੋਵੇ। ਇਹ ਸਕੈਨ 'ਤੇ ਚਿੱਟੇ ਚਮਕੀਲੇ ਸਪਾਟ ਦਿਸਦੇ ਨੇ ਅਤੇ ਇਹ ਜੇ ਮਾਮੂਲੀ ਤੋਂ ਜ਼ਿਆਦਾ ਹੋਣ ਤਾਂ ਫਿਕਰ ਵਾਲੀ ਗੱਲ ਹੈ, ਕਿਉਂਕਿ ਇਹ ਚਿੰਨ੍ਹ ਹੈ ਇੱਕ ਖਤਰਨਾਕ ਬਿਮਾਰੀ ਦਾ, ਜਿਸ ਨੂੰ ਐਥੀਰੋਸਕਲੀਰੋਸਿਸ (atherosclerosis) ਕਹਿੰਦੇ ਹਨ। ਇਸ ਵਿੱਚ ਕੋਲੈਸਟਰੋਲ ਅਤੇ ਕਈ ਤਰ੍ਹਾਂ ਦੇ ਸੈੱਲ ਖੂਨ ਦੀ ਅੰਦਰ ਵਾਲੀ ਤਰਫ ਜੰਮ ਜਾਂਦੇ ਹਨ ਅਤੇ ਖੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਤੇ ਬਿਲਕੁਲ ਬੰਦ ਵੀ ਹੋ ਸਕਦੀਆਂ ਨੇ, ਜਿਸ ਨਾਲ ਦਿਲ ਦਾ ਦੌਰਾ ਅਤੇ ਸਟਰੋਕ (stroke) ਹੁੰਦਾ ਏ।"

"ਦੀਦੀ, ਇਹ ਤਾਂ ਬਹੁਤ ਡਰਨ ਵਾਲੀ ਗੱਲ ਲੱਗਦੀ ਏ, ਕਿਉਂ ਨਾ ਆਪਾਂ ਚਾਚੀ ਜੀ ਦਾ ਇਹ ਟੈਸਟ ਕਰਵਾ ਲਈਏ। ਮੈਂ ਚਾਹੁੰਨੀ ਆਂ ਆਪਾਂ ਬੈਠ ਕੇ ਵਿਸਥਾਰ ਨਾਲ ਇਸ ਬਾਰੇ ਚਰਚਾ ਕਰੀਏ।"

"ਹਾਂ, ਅਗਲੀ ਵਾਰੀ ਸਹੀ, ਉਦੋਂ ਤੱਕ ਚਾਚੀ ਜੀ ਦੀ ਸਕੈਨ ਦੀ ਰਿਪੋਰਟ ਵੀ ਆ ਜਾਵੇਗੀ ਅਤੇ ਚਾਚੀ ਜੀ ਨੂੰ ਕੋਲ ਬਿਠਾ ਕੇ ਗੱਲਾਂ ਕਰਾਂਗੇ। ਠੀਕ ਹੈ?"

"ਹਾਂ ਜ਼ਰੂਰ। ਦੀਦੀ, ਇੱਕ ਹੋਰ ਵੱਡੀ ਸਮੱਸਿਆ ਹੈ ਮੇਰੀ ਕਿ ਮੇਰੇ ਵਾਲ ਬਹੁਤ ਝੜਦੇ ਨੇ ਅਤੇ ਖੁਸ਼ਕ



ਐਥੀਰੋਸਕਲੀਰੋਸਿਸ (atherosclerosis) ਵਿੱਚ ਕੋਲੈਸਟਰੋਲ ਅਤੇ ਕਈ ਤਰ੍ਹਾਂ ਦੇ ਸੈੱਲ ਖੂਨ ਦੀ ਅੰਦਰ ਵਾਲੀ ਤਰਫ ਜੰਮ ਜਾਂਦੇ ਹਨ ਅਤੇ ਖੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਤੇ ਬਿਲਕੁਲ ਬੰਦ ਵੀ ਹੋ ਸਕਦੀਆਂ ਨੇ, ਜਿਸ ਨਾਲ ਦਿਲ ਦਾ ਦੌਰਾ ਅਤੇ ਸਟਰੋਕ ਹੁੰਦਾ ਏ।

ਜਿਹੇ ਨੇ, ਸਿੱਕਰੀ ਵੀ ਹੈ ਬਹੁਤ ਦੇਰ ਤੋਂ। ਇਨ੍ਹਾਂ ਦਾ ਕੀ ਕਾਰਨ ਹੈ?"

"ਪ੍ਰੀਤ, ਇਸ ਦੇ ਕਈ ਕਾਰਨ ਹੋ ਸਕਦੇ ਹਨ। ਉਮਰ ਵਧਣ ਨਾਲ ਖਾਸ ਕਰ ਕੇ 50 ਤੋਂ ਬਾਅਦ ਔਰਤਾਂ ਦੇ ਵਾਲ ਡਿੱਗਣ ਲੱਗ ਜਾਂਦੇ ਹਨ, ਹਾਰਮੋਨਜ਼ ਵਿੱਚ ਤਬਦੀਲੀਆਂ ਆਉਣ ਕਰ ਕੇ DHEA 10-15mg ਰੋਜ਼ਾਨਾ ਲੈਣ ਨਾਲ ਫਾਇਦਾ ਹੁੰਦੈ। ਇਹ ਥਾਇਰੁਐਡ (thyroid) ਦੀ ਘਾਟ ਕਰਕੇ ਅਤੇ ਵਿਟਾਮਿਨ 'ਡੀ' (D) ਦੀ ਘਾਟ ਕਰ ਕੇ ਵੀ ਹੁੰਦਾ ਹੈ ਅਤੇ ਇਲਾਜ ਸੌਖਾ ਏ। ਇਨ੍ਹਾਂ ਦੀ ਘਾਟ ਪੂਰੀ ਕਰਨ ਨਾਲ ਸਮੱਸਿਆ ਠੀਕ ਹੋ ਜਾਂਦੀ ਹੈ। ਜੇ ਪ੍ਰੈਗਨੈਂਸੀ ਜਾਂ ਬਰਥ ਕੰਟਰੋਲ ਦੀਆਂ ਗੋਲੀਆਂ ਨਾਲ ਵਾਲ ਝੜਦੇ ਹੋਣ ਤਾਂ ਫੋਲੇਟ ਅਤੇ $B_6$ ਲੈਣ ਨਾਲ ਮਸਲਾ ਹੱਲ ਹੋ ਜਾਂਦੈ। ਹਫਤੇ ਵਿੱਚ ਦੋ ਵਾਰੀ ਤੇਲ ਲਾ ਕੇ ਸਿਰ ਦੀ ਮਾਲਸ਼ ਕਰੋ। ਕੋਈ ਵੀ ਇਲਾਜ ਕਰੋ, ਉਸ ਦਾ ਨਤੀਜਾ ਦੇਖਣ ਲਈ 3 ਕੁ ਮਹੀਨੇ ਲੱਗ ਜਾਂਦੇ ਨੇ, ਕਿਉਂਕਿ ਵਾਲਾਂ ਦੇ ਵਧਣ ਦਾ ਸਮਾਂ (growth cycle) ਤਿੰਨ ਮਹੀਨੇ ਹੈ। ਲੋਅ ਲੈਵਲ ਲੇਜ਼ਰ (low level laser) ਜਿਸ ਨੂੰ ਰੈਡ ਲਾਈਟ ਵੀ ਕਹਿੰਦੇ ਹਨ, ਉਹ ਘਰ ਇਸਤੇਮਾਲ ਕਰਨ ਵਾਲੀਆਂ ਮਿਲ ਜਾਂਦੀਆਂ ਹਨ। ਇਨ੍ਹਾਂ ਦੇ ਇਸਤੇਮਾਲ ਕਰਨ ਨਾਲ ਵਾਲਾਂ ਨੂੰ ਖੁਰਾਕ ਜ਼ਿਆਦਾ ਮਿਲ ਜਾਂਦੀ ਐ, ਕਿਉਂਕਿ ਸਿਰ ਦੀ ਚਮੜੀ ਵਿੱਚ ਖੂਨ ਦਾ ਦੌਰਾ (circulation) ਜ਼ਿਆਦਾ ਹੋ ਜਾਂਦੈ। ਜ਼ਿਆਦਾ ਪ੍ਰੋਟੀਨ ਖੁਰਾਕ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ। ਕਈ ਵਾਰ ਖੁਰਾਕ ਚੰਗੀ ਤਰ੍ਹਾਂ ਹਜਮ ਨਹੀਂ ਹੁੰਦੀ, ਕਿਉਂਕਿ ਤੁਹਾਡੇ ਮਿਹਦੇ ਵਿੱਚ ਐਸਿਡ ਨਹੀਂ ਬਣਦਾ ਚੰਗੀ ਤਰ੍ਹਾਂ, ਇਸ ਕਰ ਕੇ ਅਮੀਨੋ ਐਸਿਡਜ਼ ਦੀ ਘਾਟ ਹੋ ਜਾਂਦੀ ਹੈ ਅਤੇ ਔਰਤਾਂ ਦੇ ਜੁਆਨੀ ਵਿੱਚ ਹੀ ਵਾਲ ਝੜਨ ਲੱਗ ਜਾਂਦੇ ਨੇ। ਤੁਸੀਂ ਮਿਹਦੇ ਦਾ ਐਸਿਡ ਟੈਸਟ ਵੀ ਕਰਵਾ ਸਕਦੇ ਹੋ ਜਾਂ ਐਪਲ ਸਾਈਡਰ ਵਿਨੇਗਰ ਅਤੇ ਫਰਮੈਂਟਡ ਖੁਰਾਕ ਖਾ ਕੇ ਦੇਖ ਲਵੋ, ਜੋ ਕਰਨਾ ਸੌਖਾ ਈ ਹੈ। ਜੇ ਵਾਲ ਖੁਸ਼ਕ ਹੋਣ ਤਾਂ ਵਿਟਾਮਿਨ $B_6$ ਅਤੇ ਫਿਸ਼ ਆਇਲ ਜਾਂ ਓਮੇਗਾ-3 ਮਦਦ ਕਰਦੇ ਨੇ।"

"ਦੀਦੀ, ਜੇ ਸਿਰ ਦੀ ਚਮੜੀ ਬਹੁਤ ਸੈਨਸਟਿਵ ਹੋਵੇ ਕਿ ਵਾਲ ਵਾਹੁਣ ਨਾਲ ਕਾਫੀ ਤਕਲੀਫ ਹੁੰਦੀ ਹੋਵੇ ਜਾਂ ਹੱਥ ਲਾਉਣ ਨਾਲ ਵੀ ਦਰਦ ਹੋਵੇ, ਇਸ ਦਾ ਕੀ ਕਾਰਨ ਹੋ ਸਕਦਾ ਏ?"

"ਇਹ ਵਿਟਾਮਿਨ 'ਡੀ' (D) ਦੀ ਘਾਟ ਕਰਕੇ ਹੁੰਦਾ ਹੈ। ਇਸ ਲਈ ਵਿਟਾਮਿਨ 'ਡੀ' ਲੈ ਲਵੋ ਜਾਂ ਇੱਕ ਚੱਮਚ ਕੌਡ ਲਿਵਰ ਆਇਲ (cod liver oil) ਜਿਸ ਵਿੱਚ ਵਿਟਾਮਿਨ 'ਡੀ' ਅਤੇ ਓਮੇਗਾ-3, ਦੋਨੋਂ ਚੀਜ਼ਾਂ ਹੁੰਦੀਆਂ ਹਨ। ਸਿੱਕਰੀ (dandruff) ਲਈ ਤੁਹਾਨੂੰ ਖੁਰਾਕ ਸੁਧਾਰਨੀ ਪਏਗੀ। ਮਿੱਠਾ ਅਤੇ ਰੀਫਾਈਂਡ ਕਾਰਬ ਬੰਦ ਕਰ ਕੇ ਉਨ੍ਹਾਂ ਦੀ ਥਾਂ ਨੱਟਸ, ਸੀਡਸ, ਅੰਡੇ, ਮੱਛੀ ਦਾ ਤੇਲ, ਔਰਗੈਨਿਕ ਮੀਟ, ਵਿਟਾਮਿਨ $B_6$ ਅਤੇ ਸਲੇਨੀਅਮ 200 ਮਾਈਕਰੋਗ੍ਰਾਮ ਰੋਜ਼ਾਨਾ ਲਵੋ, ਫਿਰ ਦੇਖੋ ਇਨ੍ਹਾਂ ਦਾ ਅਸਰ!"

"ਦੀਦੀ, ਉਹ ਜਿਹੜਾ ਬੱਚਿਆਂ ਦੇ ਸਿਰ ਵਿੱਚ ਕਾਲਾ ਕਾਲਾ ਕੁਝ ਜਮ ਜਾਂਦੈ, ਉਹ ਕੀ ਚੀਜ਼ ਹੁੰਦੀ ਏ?"

"ਉਹ ਵੀ ਸਿੱਕਰੀ ਹੀ ਹੁੰਦੀ ਏ, ਮਾਂ ਨੂੰ ਉਪਰ ਦੱਸੀਆਂ ਚੀਜ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਬੱਚੇ ਨੂੰ ਵੀ ਰੋਜ਼ 5mg ਬਾਇਓਟੀਨ (biotin) ਦੀ ਜ਼ਰੂਰਤ ਹੁੰਦੀ ਹੈ ਤੇ ਬੱਚੇ ਦੇ ਸਿਰ 'ਤੇ ਫਲੈਕਸਸੀਡ ਤੇਲ ਦੀ ਮਾਲਸ਼ ਕਰਨੀ ਚਾਹੀਦੀ ਹੈ।"

ਜੇ ਤੁਹਾਡੇ ਕੰਨਾਂ ਦੇ ਪਿੱਛੇ ਚਮੜੀ ਵਿੱਚ ਚੀਰੇ ਜਿਹੇ ਆ ਜਾਣ, ਇਹਦੇ ਲਈ ਜਿੰਕ ਵਾਲੀ ਖੁਰਾਕ ਖਾਣ ਦੀ ਜ਼ਰੂਰਤ ਹੈ, ਜਿਵੇਂ ਨੱਟਸ, ਸੀਡਸ ਖਾਸ ਕਰ ਕੇ ਪੰਮਕਿਨ ਅਤੇ ਸਨ ਫਲਾਵਰ ਸੀਡਸ। ਤੁਸੀਂ ਸਪਲੀਮੈਂਟ ਦੇ ਤੌਰ 'ਤੇ ਵੀ ਜਿੰਕ ਲੈ ਸਕਦੇ ਹੋ। ਜਿੰਕ ਪਿਕੋਲੀਨੇਟ (zinc picolinate) 30mg ਨਿੱਤ, ਇੱਕ ਬਾਰੀ ਕੁਝ ਮਹੀਨਿਆਂ ਲਈ। ਜੇ ਜ਼ਿਆਦਾ ਦੇਰ ਲੈਣ ਦੀ ਜ਼ਰੂਰਤ ਪਵੇ ਤਾਂ ਕੌਪਰ (copper) ਵੀ ਲੈਣਾ ਪੈਂਦਾ ਹੈ। ਨਹੀਂ ਤਾਂ ਉਸ ਦੀ ਘਾਟ ਹੋ ਜਾਂਦੀ ਹੈ, ਉਹ ਤਾਂ ਸਿਰਫ 1mg ਹੀ ਲੈਣਾ ਹੁੰਦਾ ਹੈ।"

"ਦੀਦੀ, ਜੇ ਕੰਨਾਂ 'ਚ ਵੈਕਸ ਦੀ ਤਕਲੀਫ ਹੋਵੇ ਤਾਂ ਕੀ ਕਰੀਏ?"

"ਤੁਹਾਨੂੰ ਈਸੈਂਸ਼ਲ ਫੇਟੀ ਐਸਿਡ (essential fatty acids) ਜਿਸ ਵਿੱਚ ਓਮੇਗਾ-3 ਅਤੇ ਓਮੇਗਾ-6 ਹੁੰਦੇ ਨੇ, ਵਾਲੀ ਖੁਰਾਕ ਖਾਣੀ ਚਾਹੀਦੀ ਹੈ, ਜਿਵੇਂ ਮੱਛੀ ਦਾ ਤੇਲ, ਨੱਟਸ ਅਤੇ ਫਲੈਕਸਸੀਡਸ ਵਗੈਰਾ।"

"ਦੀਦੀ, ਇੱਕ ਹੋਰ ਸਵਾਲ ਅੱਜ ਦਾ, ਪਿਛਲੀ ਵਾਰੀ ਜਦੋਂ ਚਾਚੀ ਜੀ ਡਾਕਟਰ ਕੋਲ ਗਏ ਤਾਂ ਡਾਕਟਰ ਨੇ ਬਲੱਡ ਪ੍ਰੈਸ਼ਰ ਚੈੱਕ ਕਰਨ ਤੋਂ ਬਾਅਦ ਪਹਿਲਾਂ ਅੱਖਾਂ ਤੇ ਫਿਰ ਕੰਨਾਂ ਨੂੰ ਬੜੇ ਧਿਆਨ ਨਾਲ ਖਿੱਚ ਕੇ ਦੇਖਿਆ। ਮੈਨੂੰ ਸਮਝ ਨਾ ਆਈ ਉਹ ਚਾਚੀ ਦੇ ਕੰਨ ਕਿਉਂ ਪੁੱਟ ਰਿਹਾ ਸੀ?"

"ਉਹ ਕੰਨ ਚੈੱਕ ਕਰ ਰਿਹਾ ਸੀ, ਪੁੱਟ ਨਹੀਂ ਸੀ ਰਿਹਾ। ਹੋ ਸਕਦੈ ਬਲੱਡ ਪ੍ਰੈਸ਼ਰ ਥੋੜ੍ਹਾ ਜ਼ਿਆਦਾ ਹੋਵੇ ਅਤੇ ਅੱਖਾਂ ਚੈੱਕ ਕਰ ਕੇ ਦੇਖਦੇ ਹਨ ਕਿ ਬਲੱਡ ਪ੍ਰੈਸ਼ਰ ਦਾ ਅਸਰ ਖੂਨ ਦੀਆਂ ਨਾੜੀਆਂ 'ਤੇ ਨਾ ਪੈ ਰਿਹਾ ਹੋਵੇ। ਕਈ ਵਾਰੀ ਅੱਖ ਵਿੱਚ ਬਲੀਡਿੰਗ ਹੋ ਜਾਂਦੀ ਹੈ, ਜ਼ਿਆਦਾ ਬਲੱਡ ਪ੍ਰੈਸ਼ਰ ਕਾਰਨ। ਕਈ ਵਾਰੀ ਕੰਨ ਦੀ ਪੇਪੜੀ 'ਤੇ ਇੱਕ ਲਾਈਨ ਬਣ ਜਾਂਦੀ ਹੈ ਅਤੇ ਉਹ ਨਿਸ਼ਾਨੀ ਹੁੰਦੀ ਹੈ, ਦਿਲ ਦੀ ਬਿਮਾਰੀ ਦੀ। ਜੇਕਰ ਕਿਸੇ ਦੇ ਇਹ ਲਾਈਨ ਹੋਵੇ, ਉਹਨੂੰ ਦਿਲ ਦੇ ਟੈਸਟ ਕਰਵਾਉਣੇ ਚਾਹੀਦੇ ਨੇ। ਕੋਲੈਸਟਰੋਲ ਪੈਨਲ ਦੇ ਨਾਲ ਹੋਮੋਸਿਸਟੀਨ (homocystine) ਫਾਈਬਰਿਨੋਜਨ (fibrinogen) ਅਤੇ ਸੀ.ਆਰ.ਪੀ. (CRP).

ਕਈ ਵਾਰ ਇੱਕ ਦਮ ਕੰਨ ਲਾਲ ਹੋ ਜਾਂਦੈ ਅਤੇ ਮੁੜ ਮੁੜ ਕੇ ਕੰਨ ਵਿੱਚ ਇਨਫੈਕਸ਼ਨ ਹੁੰਦੀ ਏ। ਇਹ ਆਮ ਤੌਰ 'ਤੇ ਬੱਚਿਆਂ ਵਿੱਚ ਹੁੰਦਾ ਏ ਅਤੇ ਖੁਰਾਕ ਦੀ ਐਲਰਜੀ ਕਰਕੇ ਹੁੰਦਾ ਏ। ਇਸ ਲਈ ਐਲਰਜੀ ਕਰਨ ਵਾਲੀ ਖੁਰਾਕ ਬੱਚੇ ਨੂੰ ਨਾ ਦੇਵੋ।

ਕਈ ਵਾਰ ਦੇਖਿਐ ਕਿ ਸਰੀਰ ਵਿੱਚ ਅਤੇ ਸਿਰ ਵਿੱਚ ਖੁਜਲੀ ਹੁੰਦੀ ਏ। ਕੋਈ ਕਾਰਨ ਨਹੀਂ ਦਿਖਾਈ ਦਿੰਦਾ, ਤਾਂ ਤੁਸੀਂ ਓਮੇਗਾ-3 ਅਤੇ ਵਿਟਾਮਿਨ 'ਡੀ' ਕੁਝ ਮਹੀਨਿਆਂ ਲਈ ਲੈ ਕੇ ਦੇਖੋ, ਬਹੁਤੀ ਵਾਰੀ ਇਸ ਤੋਂ ਆਰਾਮ ਆ ਜਾਂਦੈ...।

ਮੇਰਾ ਖਿਆਲ ਐ ਪ੍ਰੀਤ, ਅੱਜ ਲਈ ਇੰਨਾ ਹੀ ਕਾਫੀ ਹੈ। ਆਪਾਂ ਅਗਲੀ ਵਾਰੀ ਕੈਲਸੀਅਮ ਸਕੋਰ ਦਿਲ ਦੀ ਸਕੈਨ ਬਾਰੇ ਗੱਲਾਂ ਕਰਾਂਗੇ। ਹੁਣ ਚੱਲਦੇ ਆਂ, ਫਿਰ ਮਿਲਾਂਗੇ।"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਨਸਲ ਤਾਂ ਹੀ ਬਚੇਗੀ ਜੇ ਅਸਲ ਬਚੇਗਾ

ਲੋਕਤੰਤਰ ਦੇ ਚਾਰ ਥੰਮ ਗਿਣੇ ਜਾਂਦੇ ਹਨ- ਵਿਧਾਨ ਪਾਲਿਕਾ ਜੋ ਲੋਕ ਚੁਣਦੇ ਹਨ, ਕਾਰਜ ਪਾਲਿਕਾ ਜੋ ਵਿਧਾਨ ਪਾਲਿਕਾ ਅਨੁਸਾਰ ਕੰਮ ਕਰਦੀ ਹੈ, ਨਿਆਂ ਪਾਲਿਕਾ ਜਿਸਦਾ ਜਿੰਮਾ ਇਨਸਾਫ਼ ਦੇਣਾ ਹੁੰਦਾ ਅਤੇ ਮੀਡੀਆ ਜਿਸਦਾ ਕੰਮ ਉੱਪਰਲੇ ਤਿੰਨੇ ਥੰਮਾਂ ਦੇ ਕੰਮ ਕਾਜ ਉੱਤੇ ਨਜ਼ਰ ਰੱਖਣਾ ਹੁੰਦਾ। ਇਨ੍ਹਾਂ ਚਾਰਾਂ ਥੰਮਾਂ 'ਚੋਂ ਇੱਕ ਵੀ ਥੰਮ ਕੰਮ ਨਾ ਕਰੇ ਤਾਂ ਲੋਕਤੰਤਰ ਦੀ ਇਮਾਰਤ ਹਿੱਲਦੀ ਹੈ। ਜੇ ਵਧੀਆ ਕੰਮ ਕਰਨ ਤਾਂ ਮਜਬੂਤੀ ਆਉਂਦੀ ਹੈ।

ਕਾਰਜ ਪਾਲਿਕਾ ਨੂੰ ਹੀ ਲੈ ਲਵੋ! ਜਦੋਂ ਕੋਈ ਅਫ਼ਸਰ ਆਪਣੀ ਡਿਊਟੀ ਅਨੁਸਾਰ ਜਾਂ ਡਿਊਟੀ ਤੋਂ ਵੱਧ ਕੇ ਕੰਮ

ਗੁਰਬਿੰਦਰ ਸਿੰਘ ਬਾਜਵਾ

ਕਰਦਾ ਤਾਂ ਲੋਕਾਂ ਦਾ ਕਲਿਆਣ ਹੁੰਦਾ, ਪਰ ਕੰਮ ਓਹੀ ਅਫ਼ਸਰ ਕਰੇਗਾ ਜਿਸਦੀ ਪੜ੍ਹਾਈ, ਸਿਖਲਾਈ, ਕਾਬਲੀਅਤ, ਨੀਅਤ ਅਤੇ ਦੂਰ ਦ੍ਰਿਸ਼ਟੀ ਉੱਚੀ ਅਤੇ ਸੁੱਚੀ ਹੋਵੇ। ਸਮਾਜ ਨਾਲ ਖੜ੍ਹਨ ਵਾਲੇ ਅਜਿਹੇ ਅਧਿਕਾਰੀਆਂ ਨੂੰ ਕੀਮਤ ਵੀ ਚੁਕਾਉਣੀ ਪੈਂਦੀ ਹੈ, ਪਰ ਸਮਾਜ ਵੀ ਨਾਲ ਨਹੀਂ ਖੜ੍ਹਦਾ। ਫਿਰ ਵੀ ਲੱਗੇ ਰਹਿੰਦੇ ਹਨ। ਖੈਰ! ਸਾਰੇ ਸਿਸਟਮ ਦੀ ਖ਼ੂਬਸੂਰਤੀ ਅਤੇ ਵਿਸ਼ਵਾਸ ਅਜਿਹੇ ਕੁਝ ਯੋਧਿਆਂ ਦੇ ਸਿਰ ਉੱਤੇ ਹੀ ਕਾਇਮ ਹੈ।

ਹੁਸ਼ਿਆਰਪੁਰ ਦੇ ਜ਼ਿਲ੍ਹਾ ਸਿਹਤ ਅਫ਼ਸਰ (ਡੀ.ਐੱਚ.ਓ.) ਡਾ. ਲਖਵੀਰ ਸਿੰਘ ਅਜਿਹੇ ਯੋਧਿਆਂ 'ਚੋਂ ਇੱਕ ਹਨ। ਬਕੌਲ ਡਾ. ਗੁਰਦੇਵ ਸਿੰਘ ਉਹ ਕੋਈ ਵੱਖਰਾ ਕੰਮ ਨਹੀਂ ਕਰ ਰਹੇ, ਬੱਸ ਆਪਣੀ ਡਿਊਟੀ ਅਤੇ ਮਿਲ ਰਹੀ ਤਨਖਾਹ ਮੁਤਾਬਿਕ ਕੰਮ ਕਰ ਰਹੇ ਹਨ। ਫਿਰ ਸਵਾਲ ਇਹ ਵੀ ਉੱਠਦਾ ਕੇ ਬਾਕੀ ਜ਼ਿਲ੍ਹਿਆਂ ਦੇ ਅਧਿਕਾਰੀ ਆਪਣੀ ਤਨਖਾਹ ਅਤੇ ਡਿਊਟੀ ਅਨੁਸਾਰ ਕਿਉਂ ਨਹੀਂ ਕੰਮ ਕਰ ਰਹੇ? ਜਾਂ ਤਾਂ ਉਹ ਕਾਬਿਲ ਨਹੀਂ ਹਨ ਜਾਂ ਉਨ੍ਹਾਂ 'ਚ ਕੋਈ ਕਾਣ ਹੈ?

ਮਿਲਾਵਟ ਬਹੁਤ ਵੱਡਾ ਅਤਿਵਾਦ ਹੈ। ਨਸ਼ਿਆਂ, ਝਗੜਿਆਂ ਤੋਂ ਵੀ ਖਤਰਨਾਕ ਖਾਮੋਸ਼ ਕਾਤਿਲ, ਜੋ ਮੌਜੂਦਾ ਨਸਲ ਦੇ ਨਾਲ ਨਾਲ ਆਉਣ ਵਾਲੀ ਨਸਲ ਉੱਤੇ ਵੀ ਪ੍ਰਸ਼ਨ ਚਿੰਨ ਲਾ ਰਿਹਾ ਹੈ। ਫਿਰ ਵੀ ਸਾਡੀ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਇਸਨੂੰ ਲੈ ਕੇ ਗੰਭੀਰ ਕਿਉਂ ਨਹੀਂ? ਮਿਲਾਵਟਖੋਰਾਂ ਨੂੰ ਗੋਲੀ ਮਾਰਨ ਜਾਂ ਫਾਂਸੀ ਦੇਣ ਦੀ ਥਾਂ ਕਾਲੇ ਪਾਣੀ 'ਚ ਸੁੱਟਣਾ ਚਾਹੀਦਾ ਅਤੇ ਮਿਲਾਵਟ ਵਾਲਾ ਭੋਜਨ ਦੇਣਾ ਚਾਹੀਦਾ, ਪਰ ਕੋਈ ਚੈੱਕ ਐਂਡ ਬੇਲੈਂਸ ਹੀ ਨਹੀਂ!

ਜਦੋਂ ਕੋਈ ਅਫ਼ਸਰ ਆਪਣੀ ਡਿਊਟੀ ਕਰਦਾ ਤਾਂ ਉਸਦਾ ਅਸਰ ਕੀ ਪੈਂਦਾ, ਇਹ ਡਾ. ਗੁਰਦੇਵ ਸਿੰਘ ਦੀ ਕਰਵਾਈ ਤੋਂ ਬਾਅਦ ਪ੍ਰਤੱਖ ਨਜ਼ਰ ਆਉਂਦਾ, ਖਾਸ ਕਰ ਗੁੜ੍ਹ ਦੇ ਮਾਮਲੇ 'ਚ। ਪਿੱਛਲੇ ਕੁਝ ਇੱਕ ਸਾਲਾਂ 'ਚ ਮਿਲਾਵਟਖੋਰਾਂ ਵੱਲੋਂ ਗੰਦਾ ਤੇ ਨਕਲੀ ਗੁੜ੍ਹ ਬਣਾ ਕੇ ਸਸਤਾ ਵੇਚਣ ਨਾਲ ਪੰਜਾਬ ਦੇ ਅਸਲੀ ਗੁੜ੍ਹ ਬਣਾਉਣ ਵਾਲੇ ਗੁੜ੍ਹ ਹੀ ਬਣਾਉਣਾ ਛੱਡ ਗਏ। ਪੱਛਮੀ ਯੂ.ਪੀ. ਦੀ ਗੰਨਾ ਬੈਲਟ ਵਿੱਚ ਬੇਖੌਫ ਹੋ ਕੇ ਨਕਲੀ ਗੁੜ੍ਹ ਬਣਾਉਣ ਵਾਲੇ ਪੰਜਾਬ ਦੇ ਸ਼ਾਹ ਰਾਹਾਂ ਉੱਤੇ ਵੀ ਲੋਕਾਂ ਨੂੰ ਮੌਤ ਵੰਡਣ ਤੁਰ ਪਏ। ਪਹਿਲਾਂ ਸ. ਕਾਹਨ ਸਿੰਘ ਪੰਨੂ ਨੇ ਇਨ੍ਹਾਂ ਨੂੰ ਨੱਥ ਪਾਈ, ਫਿਰ ਉਨ੍ਹਾਂ ਦੇ ਰਿਟਾਇਰ ਹੋਣ ਤੋਂ ਬਾਅਦ ਓਹੀ ਪਹਿਲਾਂ ਵਾਲਾ ਕੰਮ ਸ਼ੁਰੂ ਹੋ ਗਿਆ। ਜਦੋਂ ਤੋਂ ਡਾ. ਗੁਰਦੇਵ ਸਿੰਘ ਨੇ ਮਿਲਾਵਟ ਖੋਰਾਂ ਖਿਲਾਫ ਕਰਵਾਈ ਆਰੰਭੀ ਹੈ ਤਾਂ ਉਸਦਾ ਪੰਜਾਬ ਦੇ ਅਸਲੀ ਗੁੜ੍ਹ ਬਣਾਉਣ ਵਾਲੇ ਕਿਸਾਨਾਂ ਨੂੰ ਬਹੁਤ ਫਾਇਦਾ ਹੋਇਆ ਹੈ।

ਇੱਕ ਤਾਂ ਲੋਕਾਂ ਨੂੰ ਪਤਾ ਲੱਗਾ ਕਿ ਉਹ ਕੀ ਕੀ ਗੰਦ ਖਾ ਰਹੇ ਹਨ? ਦੂਜਾ ਇਹ ਕਿ ਅਸਲੀ ਗੁੜ੍ਹ ਹੁੰਦਾ ਕੀ ਹੈ ਜਾਂ ਗੁੜ੍ਹ ਦੀ ਫਿਲਾਸਫੀ ਕੀ ਹੁੰਦੀ ਹੈ! ਤਿੰਨ ਨੰਬਰ ਦੀ ਖੰਡ, ਬਿਮਾਰੀ ਵਾਲਾ ਕੱਚਾ ਗੰਨਾ ਅਤੇ ਕਈ ਤਰ੍ਹਾਂ ਦੇ ਜ਼ਹਿਰੀਲੇ ਕੈਮੀਕਲ ਪਾ ਕੇ ਹੀ ਇਹ ਪਰਵਾਸੀ ਲੋਕ ਗੁੜ੍ਹ-ਸ਼ੱਕਰ 35 ਤੋਂ 45 ਰੁਪਏ ਪ੍ਰਤੀ ਕਿੱਲੋ ਵੇਚ ਰਹੇ ਸਨ, ਜਦਕਿ ਅਸਲੀ ਗੁੜ੍ਹ ਬਣਾਉਣ ਦੀ ਕੁਦਰਤੀ ਲਾਗਤ ਹੀ 45 ਰੁਪਏ ਕਿੱਲੋ ਹੈ। ਸਹੀ ਸਮਾਂ, ਮਰਿਆਦਾ, ਸਫਾਈ, ਮਾਪਦੰਡਾਂ ਅਤੇ ਕਾਨੂੰਨ ਦੇ ਡੰਡੇ ਦੀ ਕੋਈ ਪ੍ਰਵਾਹ ਹੀ ਨਹੀਂ। ਸਰਕਾਰ ਘਰੇਲੂ ਦੇਸੀ ਸ਼ਰਾਬ ਉੱਤੇ ਕਿੰਨੀ ਸਖਤੀ ਕਰਦੀ ਹੈ, ਪਰ ਨਵੰਬਰ ਦੀ ਬਜਾਏ ਸਤੰਬਰ 'ਚ ਹੀ ਗੁੜ੍ਹ ਬਣਾਉਣ ਵਾਲੇ ਕਿਵੇਂ ਨਜ਼ਰ ਤੋਂ ਬਚ ਜਾਂਦੇ, ਸਮਝ ਤੋਂ ਬਾਹਰ ਹੈ!

ਸਭ ਤੋਂ ਵੱਧ ਮਿਲਾਵਟ ਖੇਤੀ ਉਪਜਾਂ ਜਾਂ ਕਹਿ ਲਵੋ ਖਾਣ-ਪੀਣ ਦੀਆਂ ਚੀਜ਼ਾਂ 'ਚ ਹੁੰਦੀ, ਪਰ ਮਿਲਾਵਟ ਨੂੰ ਫੜ੍ਹਨ ਵਾਲੇ ਮਹਿਕਮੇ ਜਾਂ ਖੇਤੀ ਨਾਲ ਸਬੰਧਤ ਮਹਿਕਮਿਆਂ ਦੇ ਦਫਤਰ ਫ਼ੀਲਡ ਦੀ ਬਜਾਏ ਸ਼ਹਿਰਾਂ 'ਚ ਕਿਉਂ ਹਨ? ਖੈਰ ਇੱਕ ਅਫ਼ਸਰ ਨੇ ਡਿਊਟੀ ਕੀਤੀ ਤਾਂ ਲੋਕਾਂ ਨੂੰ ਮਾੜੇ ਅਨਸਰਾਂ ਦਾ ਤਾਂ ਪਤਾ ਲੱਗਿਆ ਹੀ, ਪਰ ਜਿਹੜੇ ਚੰਗੇ ਕਿਸਾਨ ਵਧੀਆ ਤਰੀਕੇ ਨਾਲ ਅਸਲੀ ਗੁੜ੍ਹ ਬਣਾ ਰਹੇ ਹਨ, ਉਨ੍ਹਾਂ ਦੀ ਪੁੱਛ ਪ੍ਰਤੀਤ ਵੀ ਵਧੀ ਹੈ।


ਬ੍ਰਿਕਸ ਮੀਟਰ/ਰਿਫਰੈਕਟੋਮੀਟਰ, ਥਰਮਾਮੀਟਰ, ਪੀ.ਐਚ. ਲੈਵਲ ਚੈੱਕ ਤਕਨੀਕ, ਵੇਲਣੇ ਦੇ ਚੰਗੇ ਸੈੱਟ-ਅੱਪ, ਸਫਾਈ ਅਤੇ ਪੈਕਿੰਗ ਦੇ ਮਹੱਤਵ ਦਾ ਪਤਾ ਲੱਗਾ ਹੈ। ਇਨ੍ਹਾਂ ਸ਼ਾਨਦਾਰ ਮਾਪਦੰਡਾਂ ਨਾਲ ਗੁੜ੍ਹ ਬਣਾਉਣ ਵਾਲੇ ਕਿਸਾਨ ਮਿੱਤਰ ਜਿਵੇਂ ਬਰਗਾੜੀ ਗੁੜ੍ਹ, ਖਾਲਸਾ ਗੁੜ੍ਹ, ਸੰਤੋਖ ਗੁੜ੍ਹ, ਸਰਦਾਰ ਗੁੜ੍ਹ, ਰਾਵੀ ਗੁੜ੍ਹ, ਜੈਗਰਕੈਨ, ਰਾਜਨਵੀਰ ਸੰਧਵਾਂ, ਕੁਲਦੀਪ ਬਖਤਪੁਰ, ਕੁਲਜਿੰਦਰ ਬਟਾਲਾ ਅਤੇ ਹੋਰ ਬਹੁਤ ਸਾਰੇ ਕਿਸਾਨ ਵੀਰ ਜੋ ਰਵਾਇਤੀ ਤੇ ਤਕਨੀਕ ਦੇ ਸੁਮੇਲ ਨਾਲ ਜ਼ਹਿਰਮੁਕਤ ਦੇਸੀ ਗੁੜ੍ਹ ਬਣਾ ਕੇ ਲੋਕਾਂ ਦੇ ਤੱਤ ਪੂਰੇ ਕਰ ਰਹੇ ਹਨ, ਸਾਰਿਆਂ ਨੂੰ ਡਾ. ਗੁਰਦੇਵ ਸਿੰਘ ਦੀ ਮੁਹਿੰਮ ਦਾ ਫਾਇਦਾ ਮਿਲਿਆ ਹੈ।


ਹੁਸ਼ਿਆਰਪੁਰ ਦੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਲਖਵੀਰ ਸਿੰਘ

ਕੀਤੀ ਤੇ ਡਾ. ਗੁਰਦੇਵ ਸਿੰਘ ਨੇ ਆਪਣੀ ਡਿਊਟੀ ਹੀ ਹੈ। ਇਸੇ ਤਰ੍ਹਾਂ ਬਾਕੀ ਸਰਕਾਰੀ ਮਹਿਕਮਿਆਂ 'ਚ ਜਦੋਂ ਕੋਈ ਅਫ਼ਸਰ ਆਪਣੀ ਡਿਊਟੀ ਕਰਦਾ ਹੈ ਤਾਂ ਲੋਕ ਮਨਾਂ 'ਚ ਤਾਂ ਉੱਤਰਦਾ ਹੀ ਹੈ! ਜੇ ਸਾਰੇ ਅਫ਼ਸਰ ਆਪਣਾ ਕੰਮ ਕਰਨ ਤਾਂ ਜੋ ਅੱਜ ਗੁੜ੍ਹ ਦੀ ਮਿਲਾਵਟ 'ਚ ਫਰਕ ਪਿਆ ਤਾਂ ਕੱਲ ਨੂੰ ਦੁੱਧ ਉਤਪਾਦਾਂ, ਦਾਲਾਂ, ਮਸਾਲਿਆਂ, ਤੇਲਾਂ ਅਤੇ ਖੇਤੀ 'ਚ ਵਰਤੀਆਂ ਜਾਣ ਵਾਲੀਆਂ ਰੇਹਾਂ-ਸਪਰੇਆਂ ਦੀ ਕਵਾਲਿਟੀ ਵੀ ਸਹੀ ਹੋ ਸਕਦੀ ਹੈ। ਆਪੇ ਲੋਕ ਬਿਮਾਰੀਆਂ ਤੋਂ ਬਚ ਜਾਣਗੇ।

ਇਨਸਾਨ ਦੇ ਲਾਲਚ ਦੀ ਕੋਈ ਹੱਦ ਨਹੀਂ। ਉਸਨੂੰ ਹੱਦ 'ਚ ਰੱਖਣ ਲਈ ਹੀ ਨਿਜ਼ਾਮ ਬਣਾਇਆ ਗਿਆ ਸੀ, ਪਰ ਜੇ ਨਿਜ਼ਾਮਦਾਰ ਹੀ ਢਿੱਲ੍ਹੇ ਹੋਣ ਤਾਂ ਇਲਜ਼ਾਮ ਤਾਂ ਆਵੇਗਾ। ਸਰਕਾਰਾਂ ਦਾ ਕੰਮ ਲੋਕਾਂ ਨੂੰ ਸਿੱਖਿਆ, ਸਿਹਤ ਅਤੇ ਰੋਜ਼ਗਾਰ ਦੇਣਾ ਹੈ, ਨਾ ਕਿ ਕੁਝ ਕੁ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਨਿਕੰਮੇ ਅਤੇ ਬੁੱਧੂ ਬਣਾਉਣਾ। ਜੇ ਤਰਕੀਬ ਅਤੇ ਤਰਤੀਬ ਵਿਗੜੀ ਹੈ ਤਾਂ ਨਿਜ਼ਾਮ ਹੀ ਜ਼ਿੰਮੇਵਾਰ ਹੈ।

ਦਸੰਬਰ ਮਹੀਨੇ ਅਸੀਂ ਗੁਰੂ ਤੇਗ ਬਹਾਦੁਰ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ, ਪਰਿਵਾਰ ਵਿਛੋੜੇ, ਬੇਅੰਤ ਸਿੰਘਾਂ-ਸਿੰਘਣੀਆਂ ਦੀਆਂ ਸ਼ਹੀਦੀਆਂ, ਸਾਡੀ ਧਾਰਮਿਕ ਤੇ ਸਾਹਿਤਕ ਵਿਰਾਸਤ ਦੇ ਨੁਕਸਾਨ ਅਤੇ ਖਾਲਸਾ ਰਾਜ ਨੂੰ ਬਚਾਉਣ ਲਈ ਜਾਨ ਹੂਲ ਕੇ ਲੜੇ ਸੂਰਮਿਆਂ ਦੀ ਬਹਾਦੁਰੀ ਦੇ ਇਤਿਹਾਸ ਦੇ ਸਨਮੁੱਖ ਹਾਂ। ਵੈਰਾਗ 'ਚ ਹਾਂ, ਮਾਣ 'ਚ ਹਾਂ। ...ਪਰ ਆਪਣੀ ਡਿਊਟੀ ਨਾ ਨਿਭਾਉਣ ਵਾਲੇ, ਸੁੱਖ ਰਹਿਣੇ, ਲਾਲਚੀ ਅਤੇ ਗੱਦਾਰਾਂ ਦੇ ਹਿੱਸੇ ਬੱਸ ਨਫਰਤ ਅਤੇ ਲਾਹਨਤਾਂ ਹੀ ਰਹਿ ਜਾਂਦੀਆਂ ਹਨ। ਭਾਰਤੀ ਲੋਕਤੰਤਰ ਨਿਜ਼ਾਮ ਦੀ ਇਮਾਰਤ ਦੇ ਚਾਰੇ ਥੰਮਾਂ ਦੀਆਂ ਚੂਲਾਂ ਹਿੱਲ ਚੁੱਕੀਆਂ ਹਨ। ਇਮਾਰਤ ਬੱਸ ਚੰਦ ਕੁ ਇਮਾਨਦਾਰ ਅਤੇ ਕਰਮਸ਼ੀਲ ਇਨਸਾਨਾਂ ਜਾਂ ਰੱਬ ਆਸਰੇ ਹੀ ਹੈ। ...ਤੇ ਰੱਬ ਕਿਸੇ ਨੇ ਵੇਖਿਆ ਨਹੀਂ, ਪਰ ਜੋ ਚੰਦ ਬੰਦੇ ਲੋਕਾਂ ਖਾਤਿਰ ਜੂਝ ਰਹੇ ਹਨ, ਉਨ੍ਹਾਂ ਨੂੰ ਬਚਾਉਣਾ ਤੇ ਉਨ੍ਹਾਂ ਦਾ ਸਾਥ ਦੇਣਾ ਬਹੁਤ ਜਰੂਰੀ ਹੈ। ਨਸਲ ਤਾਂ ਹੀ ਬਚੇਗੀ ਜੇ ਅਸਲ ਬਚੇਗਾ। ...ਕੋਈ ਹਰਿਆ ਬੂਟਾ ਰਹਿਓ ਰੀ...।




# ਕੁਸ਼ਤੀ ਵਿੱਚ ਕਮਾਲਾਂ ਕਰਨ ਵਾਲਾ ਕਰਤਾਰ ਸਿੰਘ

## ਖਿਡਾਰੀ ਪੰਜ-ਆਬ ਦੇ (7)

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



**ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਇਸ ਕਾਲਮ ਵਿੱਚ ਨਾਮੀ ਪਹਿਲਵਾਨ ਕਰਤਾਰ ਸਿੰਘ ਦੀਆਂ ਕਮਾਲਾਂ ਦਾ ਜ਼ਿਕਰ ਕੀਤਾ ਹੈ।**



ਕੁਸ਼ਤੀ ਵਿੱਚ ਕਰਤਾਰ ਸਿੰਘ ਨੇ ਕਮਾਲਾਂ ਹੀ ਕੀਤੀਆਂ ਹਨ। ਸੁਰ ਸਿੰਘ ਤੋਂ ਸਿਓਲ ਤੱਕ ਉਸ ਦੀ ਗੁੱਡੀ ਅਜਿਹੀ ਚੜ੍ਹੀ ਕਿ ਅੱਜ ਉਹ ਭਾਰਤੀ ਕੁਸ਼ਤੀ ਦੇ ਚੋਟੀ ਦੇ ਭਲਵਾਨਾਂ ਵਿੱਚ ਸ਼ਮਾਰ ਹੋ ਗਿਆ। ਦੋ ਵਾਰ ਏਸ਼ਿਆਈ ਖੇਡਾਂ ਦਾ ਚੈਂਪੀਅਨ ਬਣਨ ਵਾਲਾ ਉਹ ਇਕਲੌਤਾ ਭਾਰਤੀ ਪਹਿਲਵਾਨ ਹੈ। ਵੀਹ ਵਾਰ ਵੈਟਰਨ ਵਿਸ਼ਨ ਚੈਂਪੀਅਨ ਬਣਨ ਦਾ ਵਿਸ਼ਵ ਰਿਕਾਰਡ ਵੀ ਉਸ ਦੇ ਨਾਂ ਦਰਜ ਹੈ। ਪੰਜਾਬ ਕੇਸਰੀ ਤੋਂ ਰੁਸਤਮ-ਏ-ਜਮਾਂ, ਜ਼ਿਲ੍ਹਾ ਸਕੂਲੀ ਖੇਡਾਂ ਤੋਂ ਵਿਸ਼ਵ ਚੈਂਪੀਅਨਸ਼ਿਪ ਤੱਕ ਉਸ ਨੇ ਆਪਣੇ ਜ਼ੋਰ ਦਾ ਲੋਹਾ ਮਨਵਾਇਆ। ਵਿਸ਼ਵ ਚੈਂਪੀਅਨਸ਼ਿਪ ਵਿੱਚ ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗਾ, ਏਸ਼ਿਆਈ ਖੇਡਾਂ ਵਿੱਚ ਦੋ ਸੋਨੇ ਤੇ ਇੱਕ ਚਾਂਦੀ ਦਾ ਤਮਗਾ, ਰਾਸ਼ਟਰਮੰਡਲ ਖੇਡਾਂ ਵਿੱਚ ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗਾ, ਏਸ਼ੀਅਨ ਚੈਂਪੀਅਨਸ਼ਿਪ ਵਿੱਚ ਇੱਕ ਸੋਨੇ ਤੇ ਦੋ ਚਾਂਦੀ ਦੇ ਤਮਗੇ ਜਿੱਤੇ। ਚਾਲੀ ਵਰ੍ਹਿਆਂ ਦੀ ਉਮਰੇ ਜਦੋਂ ਭਲਵਾਨ ਹੱਡ-ਗੋਡਿਆਂ ਦੀਆਂ ਰਗੜਾਂ ਤੋਂ ਬਾਅਦ ਮੰਜੇ ਨੂੰ ਜੁੜ ਜਾਂਦੇ ਹਨ ਤਾਂ ਕਰਤਾਰ ਨੇ ਹੋਰ ਵੀ ਨਿੱਠ ਕੇ ਘੁਲਣਾ ਸ਼ੁਰੂ ਕਰ ਦਿੱਤਾ। ਕੁੱਲ ਦੁਨੀਆਂ ਵਿੱਚ ਕੋਈ ਵੀ ਅਜਿਹਾ ਭਲਵਾਨ ਨਹੀਂ, ਜੋ ਉਸ ਜਿੰਨਾ ਘੁਲਿਆ ਹੋਵੇ। ਕਰਤਾਰ ਨੂੰ ਇੱਕੋ ਰੰਜ ਓਲੰਪਿਕ ਤਮਗੇ ਦਾ ਹੈ, ਜੋ ਉਹ ਨਹੀਂ ਜਿੱਤ ਸਕਿਆ। ਕਰਤਾਰ ਨੇ ਤਿੰਨ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਇੱਕ ਵਾਰ ਉਹ 1984 ਵਿੱਚ ਲਾਸ ਏਂਜਲਸ ਓਲੰਪਿਕਸ ਵਿੱਚ ਪੰਜਵੇਂ ਸਥਾਨ 'ਤੇ ਰਿਹਾ। ਕਰਤਾਰ ਸਿੰਘ ਦੀ ਇਹ ਰੀਝ 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵੇਲੇ ਉਸ ਸਮੇਂ ਪੂਰੀ ਹੋਈ, ਜਦੋਂ ਸੁਸ਼ੀਲ ਨੇ ਕਾਂਸੀ ਦਾ ਤਮਗਾ ਜਿੱਤਿਆ ਤਾਂ ਕਰਤਾਰ ਸਿੰਘ ਭਾਰਤੀ ਕੁਸ਼ਤੀ ਟੀਮ ਦਾ ਮੈਨੇਜਰ ਸੀ। ਕਰਤਾਰ ਦੇ ਮੈਨੇਜਰ ਹੁੰਦਿਆਂ ਸੁਸ਼ੀਲ ਨੇ ਮਾਸਕੋ ਵਿਖੇ ਵਿਸ਼ਵ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਿਆ ਸੀ।

ਕਰਤਾਰ ਅਜਿਹਾ ਵਾਹਦ ਭਲਵਾਨ ਹੈ, ਜਿਸ ਨੇ ਹਰ ਤਰ੍ਹਾਂ ਦੀ ਕੁਸ਼ਤੀ ਲੜੀ ਹੈ। ਮੈਟ ਉਤੇ ਫਰੀ ਸਟਾਈਲ ਅਤੇ ਗਰੀਕੋ ਰੋਮਨ- ਦੋਵਾਂ ਵਿੱਚ ਹੀ ਉਹ ਏਸ਼ੀਆ ਦਾ ਚੈਂਪੀਅਨ ਬਣਿਆ। ਮਿੱਟੀ ਦੀਆਂ ਕੁਸ਼ਤੀਆਂ ਦੇ ਵੀ ਉਸ ਨੇ ਵੱਡੇ ਦੰਗਲ ਜਿੱਤੇ। ਦਾਰਾ ਸਿੰਘ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਨੁਮਾਇਸ਼ੀ ਫਰੀ ਸਟਾਈਲ ਕੁਸ਼ਤੀਆਂ ਵੀ ਲੜੀਆਂ। ਵੱਡੀ ਉਮਰੇ ਉਸ ਨੇ ਵੈਟਰਨ ਮੁਕਾਬਲਿਆਂ ਵਿੱਚ ਸਰਦਾਰੀ ਕੀਤੀ। ਭਲਵਾਨੀ ਦਾ ਜਨੂੰਨ ਹਾਲੇ ਵੀ ਉਸ ਵਿੱਚ ਸਿਖਾਂਦਰੂਆਂ ਵਰਗਾ ਹੈ। 70 ਵਰ੍ਹਿਆਂ ਦੀ ਉਮਰੇ ਵੀ ਕਰਤਾਰ ਰੋਜ਼ਾਨਾ ਦੋ ਘੰਟੇ ਜ਼ੋਰ ਕਰਦਾ ਹੈ। ਹੁਣ ਉਹ ਕੁਸ਼ਤੀ ਮੁਕਾਬਲੇ ਕਰਵਾਉਣ ਅਤੇ ਛਿੰਝ ਅਖਾੜਿਆਂ ਦਾ ਸਰਪ੍ਰਸਤ ਹੈ। ਕਰਤਾਰ ਨੇ ਪਹਿਲਾਂ ਦਾਰਾ ਸਿੰਘ ਨੂੰ ਗੁਰੂ ਧਾਰਿਆ ਅਤੇ ਫੇਰ ਦਾਰਾ ਸਿੰਘ ਦੀ ਪ੍ਰੇਰਨਾ ਨਾਲ ਹੀ ਗੁਰੂ ਹਨੂੰਮਾਨ ਦੀ ਦਸ ਵਰ੍ਹੇ ਸ਼ਾਗਿਰਦੀ ਕੀਤੀ। ਕਰਤਾਰ ਦੇ ਦੋਵੇਂ ਗੁਰੂਆਂ ਨੂੰ ਆਪਣੇ ਇਸ ਚੇਲੇ ਉਤੇ ਮਾਣ ਰਿਹਾ।

ਕੌਮੀ ਪੱਧਰ 'ਤੇ ਡੇਢ ਦਹਾਕਾ ਉਸ ਦੇ ਜੋੜ ਦਾ ਕੋਈ ਭਲਵਾਨ ਨਹੀਂ ਹੋਇਆ। 15 ਸਾਲ ਲਗਾਤਾਰ ਉਹ ਕੌਮੀ ਚੈਂਪੀਅਨ ਅਤੇ 13 ਸਾਲ ਆਲ ਇੰਡੀਆ ਪੁਲਿਸ ਖੇਡਾਂ ਦਾ ਚੈਂਪੀਅਨ ਰਿਹਾ। ਦੇਸ਼ ਦਾ ਕੋਈ ਚੋਟੀ ਦਾ ਦੰਗਲ ਜਾਂ ਛਿੰਝ ਨਹੀਂ, ਜਿੱਥੇ ਕਰਤਾਰ ਨੇ ਆਪਣੀ ਝੰਡੀ ਨਾ ਗੱਡੀ ਹੋਵੇ।

ਪੰਜਾਬ ਕੇਸਰੀ, ਭਾਰਤ ਕੁਮਾਰ, ਭਾਰਤ ਕੇਸਰੀ, ਮੋਤੀ ਲਾਲ ਨਹਿਰੂ ਟਰਾਫੀ, ਮਹਾਂਪੌਰ ਕੇਸਰੀ, ਬੰਬੇ ਮਹਾਂਪੌਰ ਕੇਸਰੀ, ਭਾਰਤ ਮੱਲ ਸਮਰਾਟ, ਰੁਸਤਮ-ਏ-ਹਿੰਦ, ਰੁਸਤਮ-ਏ-ਜਮਾਂ ਸਭ ਖਿਤਾਬ ਕਰਤਾਰ ਨੇ ਜਿੱਤੇ। ਕੁਸ਼ਤੀ ਦੇ ਸਿਰ 'ਤੇ ਉਹ ਪੰਜਾਬ ਪੁਲਿਸ ਦੇ ਆਈ.ਜੀ. ਦੇ ਅਹੁਦੇ ਤੱਕ ਪੁੱਜਿਆ। ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਅਤੇ ਪੰਜਾਬ ਕੁਸ਼ਤੀ ਸੰਘ ਦਾ ਪ੍ਰਧਾਨ ਤੇ ਭਾਰਤੀ ਕੁਸ਼ਤੀ ਸੰਘ ਦਾ ਜਨਰਲ ਸਕੱਤਰ ਬਣਿਆ। ਪਹਿਲੇ ਏਸ਼ਿਆਈ ਖੇਡਾਂ ਦੇ ਸੋਨ ਤਮਗੇ ਨਾਲ ਉਹ ਬੀ.ਐੱਸ.ਐੱਫ. ਵਿੱਚ



ਇੰਸਪੈਕਟਰ ਤੋਂ ਡੀ.ਐੱਸ.ਪੀ. ਬਣਿਆ ਅਤੇ ਦੂਜੇ ਏਸ਼ਿਆਈ ਖੇਡਾਂ ਦੇ ਸੋਨ ਤਮਗੇ ਨਾਲ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਤੋਂ ਡੀ.ਐੱਸ.ਪੀ. ਬਣਿਆ। ਇੰਝ ਉਸ ਨੇ ਆਪਣੇ ਭਲਵਾਨੀ ਦੇ ਜ਼ੋਰ ਨਾਲ ਡੀ.ਐੱਸ.ਪੀ. ਦੀ ਪੋਸਟ ਹਾਸਲ ਕੀਤੀ।

ਭਾਰਤ ਸਰਕਾਰ ਨੇ ਕਰਤਾਰ ਸਿੰਘ ਨੂੰ ਪਦਮਸ੍ਰੀ ਤੇ ਅਰਜੁਨਾ ਐਵਾਰਡ ਨਾਲ ਸਨਮਾਨਿਆ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ। 1986 ਵਿੱਚ ਦੂਜੀ ਵਾਰ ਏਸ਼ਿਆਈ ਖੇਡਾਂ ਦਾ ਚੈਂਪੀਅਨ ਬਣ ਕੇ ਆਇਆ ਤਾਂ ਉਸ ਨੂੰ ਇਨਾਮ ਵਿੱਚ ਕਾਰ ਮਿਲੀ। ਕਰਤਾਰ ਭਾਰਤੀ ਖੇਡਾਂ ਵਿੱਚ ਦੰਦ ਕਥਾਵਾਂ ਦਾ ਪਾਤਰ ਹੈ, ਜਿਸ ਦਾ ਨਾਂ ਜ਼ੋਰ ਤੇ ਤਾਕਤ ਦੇ ਸੂਚਕ ਵਜੋਂ ਲਿਆ ਜਾਂਦਾ ਹੈ। ਕਰਤਾਰ ਨੇ ਸਾਧ ਬਣ ਕੇ ਅਖਾੜਿਆਂ ਵਿੱਚ ਤਪੱਸਿਆ ਕੀਤੀ ਅਤੇ ਆਪਣੇ ਜ਼ੋਰ ਤੇ ਜੁਗਤ ਨਾਲ ਕੁੱਲ ਦੁਨੀਆਂ ਜਿੱਤੀ। ਭਾਰਤੀ ਕੁਸ਼ਤੀ ਅੰਬਰ ਦਾ ਉਹ ਚਮਕਦਾ ਸਿਤਾਰਾ ਹੈ, ਜਿਸ ਉਤੇ ਪੂਰੇ ਮੁਲਕ ਨੂੰ ਮਾਣ ਹੈ।

ਕਰਤਾਰ ਸਿੰਘ ਮਾਝੇ ਦੇ ਮਸ਼ਹੂਰ ਪਿੰਡ ਸੁਰ ਸਿੰਘ ਦਾ ਜੰਮਪਲ ਹੈ। ਭਾਈ ਬਿਧੀ ਚੰਦ ਇਸੇ ਪਿੰਡ ਦੇ ਰਹਿਣ ਵਾਲੇ ਸਨ। ਕਰਤਾਰ ਦਾ ਜਨਮ 15 ਜਨਵਰੀ 1953 ਨੂੰ ਕਰਨੈਲ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਕਾਗਜ਼ਾਂ ਵਿੱਚ ਕਰਤਾਰ ਦੀ ਜਨਮ ਤਰੀਕ 7 ਅਕਤੂਬਰ 1953 ਹੈ। ਕਰਤਾਰ ਦੀ ਅਸਲ ਜਨਮ ਤਰੀਕ ਬਾਰੇ ਉਸ ਦੀ ਮਾਤਾ ਵੱਲੋਂ ਦੱਸੇ ਦੇਸੀ ਤਰੀਕੇ ਨਾਲ ਪਤਾ ਲੱਗਦਾ ਹੈ। ਕਰਤਾਰ ਦੀ ਮਾਤਾ ਦੱਸਦੀ ਹੁੰਦੀ ਸੀ ਕਿ ਮਾਘੀ ਤੋਂ ਤੀਜੇ ਦਿਨ ਤਾਰੇ ਦਾ ਜਨਮ ਹੋਇਆ ਸੀ। ਉਸ ਸਾਲ ਲੋਹੜੀ 12 ਜਨਵਰੀ ਤੇ ਮਾਘੀ 13 ਜਨਵਰੀ ਦੀ ਸੀ, ਜਿਸ ਕਾਰਨ ਕਰਤਾਰ ਦਾ ਜਨਮ 15 ਜਨਵਰੀ ਨੂੰ ਮਨਾਇਆ ਜਾਂਦਾ ਹੈ। ਕਰਤਾਰ ਹੋਰੀਂ ਪੰਜ ਭਰਾ ਤੇ ਦੋ ਭੈਣਾਂ ਹਨ। ਕਰਤਾਰ ਨੂੰ ਪਹਿਲਵਾਨੀ ਦਾ ਜਾਗ ਆਪਣੇ ਤਾਏ ਦੇ ਮੁੰਡੇ ਜੋਗਿੰਦਰ ਸਿੰਘ ਨੂੰ ਦੇਖ ਕੇ ਲੱਗਿਆ। ਛੋਟਾ ਹੁੰਦਾ ਉਹ ਆਸ਼ਾ ਸਿੰਘ ਸ਼ਾਹ ਦੀ ਹਵੇਲੀ ਵਿੱਚ ਜੋਗਿੰਦਰ ਕੋਲ ਜੋੜ ਕਰਿਆ ਕਰਦਾ ਸੀ।

ਕਰਤਾਰ ਦਾ ਸਭ ਤੋਂ ਵੱਡੇ ਭਰਾ ਗੁਰਦਿਆਲ ਸਿੰਘ ਤੇ ਅਮਰ ਸਿੰਘ ਪਿਤਾ ਨਾਲ ਖੇਤੀਬਾੜੀ ਵਿੱਚ ਹੱਥ ਵੰਡਾਉਂਦੇ। ਅਮਰ ਸਿੰਘ ਅਖਾੜੇ ਵਿੱਚ ਵੀ ਕਰਤਾਰ ਨੂੰ ਜ਼ੋਰ ਕਰਵਾਉਂਦਾ ਰਿਹਾ। ਕਰਤਾਰ ਆਪਣੇ ਤੋਂ ਵੱਡੇ ਗੁਰਚਰਨ ਦੀ ਦੇਖ-ਰੇਖ ਵਿੱਚ ਹੀ ਸਕੂਲੇ ਪਾਇਆ ਅਤੇ ਉਹ ਹੀ ਉਸ ਨੂੰ ਦੇਸ਼-ਵਿਦੇਸ਼ ਦੇ ਮੁਕਾਬਲਿਆਂ ਵਿੱਚ ਲੈ ਕੇ ਜਾਂਦਾ। ਕਰਤਾਰ ਨੂੰ ਦੇਖੋ-ਦੇਖ ਸਭ ਤੋਂ ਛੋਟੇ ਸਰਵਣ ਸਿੰਘ ਨੇ ਵੀ ਕੁਸ਼ਤੀ ਸ਼ੁਰੂ ਕੀਤੀ, ਜੋ ਬਾਅਦ ਵਿੱਚ ਸ਼ੇਰ-ਏ-ਹਿੰਦ ਬਣਿਆ। ਕਰਤਾਰ ਤੋਂ ਵੱਡਾ ਗੁਰਚਰਨ ਸਿੰਘ ਚੰਗਾ ਕੁਸ਼ਤੀ ਕੋਚ ਅਤੇ ਰੈਫਰੀ ਬਣਿਆ, ਜਿਸ ਨੇ 1984 ਦੀਆਂ ਲਾਸ ਏਂਜਲਸ ਓਲੰਪਿਕ ਖੇਡਾਂ ਵਿੱਚ ਬਤੌਰ ਆਫੀਸ਼ਲ ਡਿਊਟੀ ਨਿਭਾਈ। ਕਰਤਾਰ ਦਾ ਭਤੀਜਾ ਤੇ ਅਮਰ ਸਿੰਘ ਦਾ ਬੇਟਾ ਰਣਧੀਰ ਧੀਰਾ ਕੁਸ਼ਤੀ ਵਿੱਚ ਜੂਨੀਅਰ ਵਿਸ਼ਵ ਚੈਂਪੀਅਨ ਬਣਿਆ। ਚਾਚੇ-ਭਤੀਜੇ ਦੀ ਜੋੜੀ ਦੀ ਇੱਕ ਹੋਰ ਸਾਂਝ ਵੀ ਹੈ। ਦੋਵੇਂ ਹੀ ਅਰਜੁਨਾ ਐਵਾਰਡੀ ਹਨ ਅਤੇ ਦੋਵਾਂ ਨੇ ਹੀ ਇਕੱਠਿਆਂ ਵੈਟਰਨ ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ ਵੱਖ-ਵੱਖ ਉਮਰ ਤੇ ਭਾਰ ਵਰਗ ਵਿੱਚ ਵਿਸ਼ਵ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਿਆ। ਕਰਤਾਰ ਦੇ ਪੁੱਤਰ ਗੁਰਪ੍ਰੀਤ ਸਿੰਘ (ਜੀ.ਪੀ.) ਨੇ ਵੀ ਪਹਿਲਵਾਨੀ ਕੀਤੀ ਅਤੇ ਜੂਨੀਅਰ ਵਰਗ ਵਿੱਚ ਸਿੰਗਾਪੁਰ ਵਿਖੇ ਹੋਏ ਮੁਕਾਬਲੇ ਵਿੱਚ ਤਮਗਾ ਜਿੱਤਿਆ, ਪਰ ਉਹ ਆਪਣੇ ਪਿਤਾ ਵਾਂਗ ਕੁਸ਼ਤੀ ਅੱਗੇ ਜਾਰੀ ਨਾ ਰੱਖ ਸਕਿਆ। ਕਰਤਾਰ ਦਾ ਛੋਟਾ ਭਤੀਜਾ ਅਤੇ ਸਰਵਣ ਸਿੰਘ ਦਾ ਪੁੱਤਰ ਗੁਰਪਾਲ ਸਿੰਘ ਵੀ ਨੈਸ਼ਨਲ ਚੈਂਪੀਅਨ ਬਣਿਆ। ਕਰਤਾਰ ਦਾ ਭਤੀਜ ਜੁਆਈ ਜਗਜੀਤ ਸਿੰਘ ਵੀ ਰੁਸਤਮ-ਏ-ਹਿੰਦ ਬਣਿਆ। ਪੂਰਾ ਪਰਿਵਾਰ ਹੀ ਕੁਸ਼ਤੀ ਵਿੱਚ ਗੜੁੱਚ ਹੈ।

ਕਰਤਾਰ ਸਿੰਘ 1968 ਵਿੱਚ 15 ਵਰ੍ਹਿਆਂ ਦੀ ਉਮਰੇ ਅਖਾੜੇ ਵਿਚ ਕੁੱਦਿਆ ਸੀ। ਉਸੇ ਸਾਲ ਉਸ ਨੇ ਸੁੱਖੀ ਨਗਰੀਆ ਨੂੰ ਹਰਾ ਕੇ ਆਪਣੀ ਪਹਿਲੀ ਕੁਸ਼ਤੀ ਜਿੱਤੀ ਸੀ, ਜਿਸ ਤੋਂ ਅਗਲੇ ਦਿਨ ਉਸ ਦੇ ਭਤੀਜੇ ਧੀਰੇ ਦਾ ਜਨਮ ਹੋਇਆ ਸੀ। ਪਰਿਵਾਰ ਵਿੱਚ ਦੋਹਰੀ ਖੁਸ਼ੀ ਦਾ ਮਾਹੌਲ ਸੀ। ਜ਼ੋਨ ਖੇਡਾਂ ਵਿੱਚ ਕਰਤਾਰ ਨੇ ਸਾਰੀਆਂ ਖੇਡਾਂ ਵਿੱਚ ਹੀ ਨਾਂ ਲਿਖਵਾ ਦਿੱਤਾ। ਕੁਸ਼ਤੀ ਤਾਂ ਉਸ ਨੇ ਜਿੱਤ ਹੀ ਲਈ, ਲੱਗਦੇ ਹੱਥ ਹੀ ਸ਼ਾਟਪੁੱਟ ਤੇ ਹੈਮਰ ਥਰੋਅ ਵਿੱਚ ਵੀ ਜਿੱਤ ਗਿਆ। 1500 ਮੀਟਰ ਵਿੱਚ ਉਹ ਹੱਫ ਜਾਣ ਕਾਰਨ ਤਮਗਾ ਜਿੱਤਣ ਤੋਂ ਖੁੰਝ ਗਿਆ। ਫੇਰ ਉਸ ਨੂੰ ਅਹਿਸਾਸ ਹੋਇਆ ਕਿ ਇਕੱਲੀ ਕੁਸ਼ਤੀ ਵੱਲ ਧਿਆਨ ਦਿੱਤਾ ਜਾਵੇ। ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਵਿਖੇ ਹੋਈਆਂ ਜ਼ਿਲ੍ਹਾ ਖੇਡਾਂ ਵਿੱਚ ਹਿੱਸਾ ਲੈਣ ਗਏ ਕਰਤਾਰ ਨੇ ਪਹਿਲੀ ਵਾਰ ਅੰਮ੍ਰਿਤਸਰ ਸ਼ਹਿਰ ਦੇਖਿਆ। ਉਥੇ ਉਹ ਫਾਈਨਲ ਵਿੱਚ ਪਰਗਟ ਨਾਂ ਦੇ ਭਲਵਾਨ ਤੋਂ ਹਾਰ ਗਿਆ।

ਪਹਿਲੀ ਹਾਰ ਨੇ ਕਰਤਾਰ ਨੂੰ ਬਹੁਤ ਝੰਜੋੜਿਆ। ਫੇਰ ਉਹ ਵਾਪਸ ਆ ਕੇ ਸਾਰਾ ਦਿਨ ਜ਼ੋਰ ਹੀ ਕਰਦਾ ਰਹਿੰਦਾ। ਘਰ ਵਾਲੇ ਉਸ ਦੀ ਖੁਰਾਕ ਦਾ ਧਿਆਨ ਰੱਖਦੇ। ਸਕੂਲੇ ਗੁਰਚਰਨ ਉਸ ਦਾ ਖਿਆਲ ਰੱਖਦਾ। ਪੇਂਡੂ ਛਿੰਝਾਂ ਵਿੱਚ ਉਸ ਨੇ ਆਪਣੇ ਤੋਂ ਵੱਡੇ ਵਜ਼ਨ ਦੇ ਰੋਡੇ ਭਲਵਾਨ ਨੂੰ ਚਿੱਤ ਕਰਕੇ ਇਲਾਕੇ ਵਿੱਚ ਬੱਲੇ-ਬੱਲੇ ਕਰਵਾਈ। 1970 ਵਿੱਚ ਉਹ ਜ਼ਿਲ੍ਹਾ, ਸਟੇਟ ਚੈਂਪੀਅਨ ਬਣਦਾ ਹੋਇਆ ਸਿੱਧਾ ਨੈਸ਼ਨਲ ਚੈਂਪੀਅਨ ਬਣਿਆ।

ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਡੀ.ਪੀ.ਈ. ਅਜਾਇਬ ਸਿੰਘ ਦੀ ਅਗਵਾਈ ਹੇਠ ਪਹਿਲਾਂ ਯੂਨੀਵਰਸਿਟੀ ਤੇ ਫੇਰ ਆਲ ਇੰਡੀਆ ਇੰਟਰ 'ਵਰਸਿਟੀ ਚੈਂਪੀਅਨ ਬਣ ਗਿਆ ਸੀ। 1973 ਵਿੱਚ ਹੀ ਕਰਤਾਰ ਨੇ ਮਾਸਕੋ ਵਿਖੇ ਹੋਈਆਂ ਵਿਸ਼ਵ ਯੂਨੀਵਰਸਿਟੀ ਖੇਡਾਂ ਵਿੱਚ ਹਿੱਸਾ ਲਿਆ। ਇਹ ਉਸ ਦਾ ਪਹਿਲਾ ਇੰਟਰਨੈਸ਼ਨਲ ਟੂਰ ਸੀ। 1974 ਵਿੱਚ ਹੀ ਕਰਤਾਰ ਨੇ ਦਿੱਲੀ ਜਾ ਕੇ ਗੁਰੂ ਹਨੂੰਮਾਨ ਦੇ ਅਖਾੜੇ ਵਿੱਚ ਦਾਖਲਾ ਲੈ ਲਿਆ, ਜਿੱਥੇ ਉਸ ਨੇ 10 ਸਾਲ ਅਖਾੜੇ ਵਿੱਚ ਜ਼ੋਰ ਕੀਤਾ। ਇਸ ਦੌਰਾਨ ਕਰਤਾਰ ਨੇ ਟਰਾਇਲਾਂ ਵਿੱਚ ਭਾਰਤ ਦੇ ਪ੍ਰਸਿੱਧ ਪਹਿਲਵਾਨ ਮੁਰਾਰੀ ਨੂੰ ਹਰਾ ਕੇ ਸਨਸਨੀ ਫੈਲਾ ਦਿੱਤੀ। ਮੁਰਾਰੀ 84 ਕਿਲੋ ਭਾਰ 'ਚ ਘੁਲਦਾ ਸੀ ਤੇ ਕਰਤਾਰ 74 ਕਿਲੋ ਵਿੱਚ। ਦੋਵਾਂ ਨੇ 82 ਕਿਲੋ ਵਿੱਚ ਕੁਸ਼ਤੀ ਲੜੀ। ਕਰਤਾਰ ਦਾ ਕਹਿਣਾ ਹੈ ਕਿ ਇੱਥੋਂ ਹੀ ਉਸ ਦੀ ਲਾਈਨ ਬਦਲ ਗਈ। 1980 ਵਿੱਚ ਕਰਤਾਰ ਨੇ ਸੋਵੀਅਤ ਰੂਸ ਦੇ ਸ਼ਹਿਰ ਮਿੰਸਕ ਵਿਖੇ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਅਤੇ 1982 ਵਿੱਚ ਮੰਗੋਲੀਆ ਵਿਖੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਿਆ। 1978 ਦੀਆਂ ਬੈਂਕਾਕ ਤੇ 1986 ਦੀਆਂ ਸਿਓਲ ਏਸ਼ਿਆਈ ਖੇਡਾਂ ਵਿੱਚ ਉਸ ਨੇ ਸੋਨੇ ਦਾ ਤਮਗਾ ਜਿੱਤਿਆ। ਰਾਸ਼ਟਰਮੰਡਲ ਖੇਡਾਂ ਦੇ ਮੁਕਾਬਲਿਆਂ ਦੀ ਗੱਲ ਕਰੀਏ ਤਾਂ ਕਰਤਾਰ ਨੇ 1978 ਵਿੱਚ ਐਡਮਿੰਟਨ ਵਿਖੇ ਕਾਂਸੀ ਤੇ 1982 ਵਿਚ ਬ੍ਰਿਸਬੇਨ ਵਿਖੇ ਚਾਂਦੀ ਦਾ ਤਮਗਾ ਜਿੱਤਿਆ। 1979 ਵਿੱਚ ਸ਼ੁਰੂ ਹੋਈ ਪਹਿਲੀ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਉਸ ਨੇ ਸੱਟ ਲੱਗਣ ਦੇ ਬਾਵਜੂਦ ਚਾਂਦੀ ਦਾ ਤਮਗਾ ਜਿੱਤਿਆ। ਕਰਤਾਰ ਸਿੰਘ ਨੇ ਤਿੰਨ ਓਲੰਪਿਕ ਖੇਡਾਂ ਵਿੱਚ ਭਾਰਤ ਕੁਸ਼ਤੀ ਟੀਮ ਦੀ ਅਗਵਾਈ ਕੀਤੀ। 1988 ਦੀਆਂ ਸਿਓਲ ਓਲੰਪਿਕ ਖੇਡਾਂ ਵਿੱਚ ਤਾਂ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਸੀ।

1992 ਵਿੱਚ ਚਾਲੀ ਵਰ੍ਹਿਆਂ ਨੂੰ ਢੁੱਕੇ ਕਰਤਾਰ ਨੇ ਵੈਟਰਨ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ। ਪਹਿਲੇ ਹੀ ਸਾਲ ਕਰਤਾਰ ਵਿਸ਼ਵ ਚੈਂਪੀਅਨ ਬਣ ਗਿਆ। ਕਰਤਾਰ ਵੀਹ ਵਾਰ ਵਿਸ਼ਵ ਚੈਂਪੀਅਨ ਬਣਿਆ। ਕਰਤਾਰ ਸਿੰਘ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ ਉਤੇ ਕੌਮਾਂਤਰੀ ਕੁਸ਼ਤੀ ਟੂਰਨਾਮੈਂਟ ਸ਼ੁਰੂ ਕਰਵਾਇਆ। ਉਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਕੁਸ਼ਤੀਆਂ, ਮੰਨਣਹਾਣੇ ਦੀ ਛਿੰਝ ਦੀ ਵੀ ਸਰਪ੍ਰਸਤੀ ਕਰਦਾ। ਪੁਰੇਵਾਲ ਖੇਡਾਂ ਦੌਰਾਨ ਕੁਸ਼ਤੀਆਂ ਮੁਕਾਬਲੇ ਉਸ ਦੀ ਦੇਖ-ਰੇਖ ਹੇਠ ਹੁੰਦੇ ਹਨ। ਸੁਰ ਸਿੰਘ ਉਹ ਸਾਲ ਵਿੱਚ ਦੋ ਵਾਰ ਦੰਗਲ ਕਰਵਾਉਂਦਾ ਹੈ।

ਕਰਤਾਰ ਸਿੰਘ ਦੀਆਂ ਕੁਸ਼ਤੀਆਂ ਨੇ ਚੋਟੀ ਦੇ ਕਹਾਣੀਕਾਰ ਵਰਿਆਮ ਸੰਧੂ ਨੂੰ ਵੀ ਕੀਲ ਲਿਆ। ਕਰਤਾਰ ਦੇ ਗਰਾਈਂ ਵਰਿਆਮ ਸਿੰਘ ਸੰਧੂ ਨੇ ਕਰਤਾਰ ਸਿੰਘ ਦੀ ਜੀਵਨੀ 'ਕੁਸ਼ਤੀ ਦਾ ਧਰੂ ਤਾਰਾ' ਲਿਖੀ। ਹਾਲਾਂਕਿ ਵਰਿਆਮ ਸੰਧੂ ਖਿਡਾਰੀਆਂ ਬਾਰੇ ਲਿਖਣ ਨੂੰ ਤਰਜੀਹ ਨਹੀਂ ਦਿੰਦੇ ਸਨ, ਪਰ ਕਰਤਾਰ ਸਿੰਘ ਅੱਗੇ ਉਹ ਛੇਤੀ ਢਹਿ ਗਏ। ਕਰਤਾਰ ਸਿੰਘ ਦੀ ਜੀਵਨੀ ਉਨ੍ਹਾਂ ਨੇ ਅਜਿਹੀ ਸਾਹਿਤਕ ਰੰਗ ਵਿੱਚ ਲਿਖੀ ਕਿ ਅੱਜ ਇਹ ਜੀਵਨੀ ਸਾਹਿਤਕ ਹਲਕਿਆਂ ਵਿੱਚ ਖੇਡ ਹਲਕਿਆਂ ਜਿੰਨੀ ਹੀ ਸ਼ਿੱਦਤ ਨਾਲ ਪੜ੍ਹੀ ਜਾਂਦੀ ਹੈ। ਕਰਤਾਰ ਸਿੰਘ ਅੱਜ ਵੀ ਕੁਸ਼ਤੀ ਅਖਾੜਿਆਂ ਵਿੱਚ ਕੁੱਦਿਆ ਹੋਇਆ ਹੈ। ਕਰਤਾਰ ਸਿੰਘ ਦਾ ਸਮੁੱਚਾ ਖੇਡ ਜੀਵਨ ਨਵੀਂ ਉਮਰ ਦੇ ਭਲਵਾਨਾਂ ਲਈ ਪ੍ਰੇਰਨਾ ਸ੍ਰੋਤ ਹੈ। ਉਨ੍ਹਾਂ ਤੋਂ ਵੱਡਾ ਕੋਈ ਭਲਵਾਨ ਨਹੀਂ ਹੋਇਆ ਅਤੇ ਕਰਤਾਰ ਸਿੰਘ ਦੇ ਸੋਹਲੇ ਜੁੱਗੋ-ਜੁੱਗ ਗਾਏ ਜਾਂਦੇ ਰਹਿਣਗੇ।



# ਪੁਰਾਣੀ ਸਾਂਝ ਦੇ ਬਾਵਜੂਦ ਫ਼ਰਾਂਸ ਵਿੱਚ ਸੰਘਰਸ਼ਸ਼ੀਲ ਹੀ ਰਹੇ ਹਨ ਪੰਜਾਬੀ

ਬੋਲਦੇ ਪੰਨੇ


ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



**ਪਰਵਾਸ ਲਈ ਪਰਵਾਜ਼ ਭਰਨ ਵਾਲੇ ਪੰਜਾਬੀਆਂ ਨੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਜਾ ਕੇ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਪੱਗ ਦਾ ਸ਼ਮਲਾ ਉੱਚਾ ਕੀਤਾ ਹੈ। ਫ਼ਰਾਂਸ ਨਾਲ ਵੀ ਪੰਜਾਬੀਆਂ ਦੀ ਸਾਂਝ ਬਹੁਤ ਪੁਰਾਣੀ ਹੈ। ਫ਼ਰਾਂਸ ਦੇ ਫ਼ੌਜੀ ਜਰਨੈਲਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਚੰਗੀ ਸਾਂਝ ਸੀ। ਕਹਿੰਦੇ ਹਨ ਕਿ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਹੀ ਮੁਹਿੰਮਾਂ।' ਫ਼ਰਾਂਸ ਵਿੱਚ ਵੀ ਪੰਜਾਬੀ ਸੰਘਰਸ਼ਸ਼ੀਲ ਰਹੇ ਹਨ। ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਦੀ ਫ਼ਰਾਂਸ ਵਿੱਚ ਆਮਦ ਵੀਹਵੀਂ ਸਦੀ ਦੇ ਆਰੰਭ ਵਿੱਚ ਹੋਈ ਸੀ। ਪੇਸ਼ ਹੈ, ਇਸ ਬਾਰੇ ਇਹ ਲੇਖ...**

ਫ਼ਰਾਂਸ ਨਾਲ ਪੰਜਾਬੀਆਂ ਦੀ ਸਾਂਝ ਬਹੁਤ ਪੁਰਾਣੀ ਹੈ, ਪਰ ਇੰਗਲੈਂਡ, ਅਮਰੀਕਾ, ਆਸਟਰੇਲੀਆ ਤੇ ਕੈਨੇਡਾ ਦੇ ਮੁਕਾਬਲੇ ਫ਼ਰਾਂਸ ਵਿੱਚ ਰਹਿਣ ਵਾਲੇ ਪੰਜਾਬੀਆਂ ਦੀ ਸੰਖਿਆ ਕਾਫੀ ਘੱਟ ਹੈ। ਫ਼ਰਾਂਸ ਸਰਕਾਰ ਵੱਲੋਂ ਕੁਝ ਸਾਲ ਪਹਿਲਾਂ ਸਿੱਖਾਂ ਦੇ ਦਸਤਾਰ ਬੰਨ੍ਹਣ 'ਤੇ ਲਗਾਈ ਗਈ ਪਾਬੰਦੀ ਨੇ ਫ਼ਰਾਂਸ ਦੇ ਅੰਦਰ ਤੇ ਬਾਹਰ ਰਹਿ ਰਹੇ ਸਿੱਖਾਂ ਅੰਦਰ ਰੋਹ ਜਗਾ ਦਿੱਤਾ ਸੀ ਅਤੇ ਸਮੁੱਚੀ ਦੁਨੀਆ ਦਾ ਧਿਆਨ ਇਸ ਮੁੱਦੇ ਵੱਲ ਖਿੱਚਿਆ ਸੀ।

ਮਹਾਨ ਸਿੱਖ ਸ਼ਾਸਕ ਤੇ ਸੂਰਬੀਰ ਯੋਧੇ ਮਹਾਰਾਜਾ ਰਣਜੀਤ ਸਿੰਘ ਦੇ ਸੁਚੱਜੇ ਅਤੇ ਤਾਕਤਵਰ ਰਾਜ ਭਾਗ ਦੀਆਂ ਗੱਲਾਂ ਅੱਜ ਵੀ ਦੁਨੀਆ ਭਰ ਵਿੱਚ ਹੁੰਦੀਆਂ ਹਨ। ਅੰਗਰੇਜ਼ਾਂ ਵੱਲੋਂ ਧੋਖੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਨੂੰ ਢਾਹ ਲਗਾਉਣ ਅਤੇ ਉਸਦੇ



**ਫ਼ਰਾਂਸ ਵਿੱਚ ਹੀ ਬੌਬਗਿਨੀ ਨਿਵਾਸੀ ਸਰਦਾਰ ਰਣਜੀਤ ਸਿੰਘ ਗੋਰਾਇਆ ਨੂੰ ਬੌਬਗਿਨੀ ਦੇ ਪਹਿਲੇ ਸਿੱਖ ਡਿਪਟੀ ਮੇਅਰ ਹੋਣ ਦਾ ਸਰਫ਼ ਹਾਸਿਲ ਹੋਇਆ ਸੀ। ਉਹ ਕੇਵਲ ਬੌਬਗਿਨੀ ਹੀ ਨਹੀਂ, ਸਗੋਂ ਸਮੁੱਚੇ ਫ਼ਰਾਂਸ ਵਿੱਚ ਡਿਪਟੀ ਮੇਅਰ ਚੁਣੇ ਜਾਣ ਵਾਲੇ ਪਹਿਲੇ ਸਿੱਖ ਸਨ।**

ਪਰਿਵਾਰ ਨੂੰ ਖੇਰੂੰ-ਖੇਰੂੰ ਕਰਨ ਦੀ ਗਾਥਾ ਬਹੁਤੇ ਪੰਜਾਬੀਆਂ ਨੂੰ ਪਤਾ ਹੈ, ਪਰ ਬਹੁਤ ਘੱਟ ਪੰਜਾਬੀ ਜਾਣਦੇ ਹਨ ਕਿ ਫ਼ਰਾਂਸ ਦੇ ਫ਼ੌਜੀ ਜਰਨੈਲਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਚੰਗੀ ਸਾਂਝ ਸੀ। ਜ਼ਿਕਰਯੋਗ ਹੈ ਕਿ ਫ਼ਰਾਂਸ ਦੇ ਜਨਰਲ ਜੀਨ ਫ੍ਰੈਂਕੋਇਸ ਅਲਾਰਡ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਸਿੱਖ ਫ਼ੌਜਾਂ ਦੀ ਕਮਾਨ ਸੰਭਾਲੀ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਪਹਿਲਾ ਵਿਦੇਸ਼ੀ ਜਰਨੈਲ ਹੋਣ ਦਾ ਸ਼ਰਫ਼ ਵੀ ਰੱਖਦਾ ਸੀ ਤੇ ਮਹਾਰਾਜਾ ਨਾਲ ਉਸਦੀ ਵੱਡੀ ਸਾਂਝ ਦਾ ਸਬੂਤ ਫ਼ਰਾਂਸ ਦੇ ਸੇਂਟ ਟ੍ਰੋਪੇਜ਼ ਨਾਮਕ ਸ਼ਹਿਰ ਦੇ ਪਾਰਕ ਵਿੱਚ ਸਥਾਪਿਤ ਮਹਾਰਾਜਾ ਰਣਜੀਤ ਸਿੰਘ ਅਤੇ ਜਨਰਲ ਅਲਾਰਡ ਦਾ ਬੁੱਤ ਹੈ, ਜੋ ਸੰਨ 2016 ਵਿੱਚ ਪੰਜਾਬ ਸਰਕਾਰ ਵੱਲੋਂ ਭੇਟ ਕੀਤਾ ਗਿਆ ਸੀ। ਚੇਤੇ ਰਹੇ, ਜਨਰਲ ਅਲਾਰਡ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ 'ਫ਼ੌਜ-ਏ-ਖ਼ਾਸ' ਨਾਂ ਦੀ ਇੱਕ ਸੁਚੱਜੇ ਢਾਂਚੇ ਵਾਲੀ ਬ੍ਰਿਗੇਡ ਤਿਆਰ ਕੀਤੀ ਸੀ, ਜਿਸਨੇ ਪਹਿਲੀ ਐਂਗਲੋ-ਸਿੱਖ ਜੰਗ ਵਿੱਚ ਸਿੱਖਾਂ ਦੇ ਜੇਤੂ ਰਹਿਣ ਵਿੱਚ ਵੱਡਾ ਯੋਗਦਾਨ ਪਾਇਆ ਸੀ। ਦਿਲਚਸਪ ਤੱਥ ਹੈ ਕਿ ਜਨਰਲ ਅਲਾਰਡ ਨੇ ਇਹ ਬ੍ਰਿਗੇਡ ਨੇਪੋਲੀਅਨ ਦੀ ਫੌਜ ਤੋਂ ਪ੍ਰੇਰਨਾ ਲੈ ਕੇ ਤਿਆਰ ਕੀਤੀ ਸੀ।

ਵੀਹਵੀਂ ਸਦੀ ਦੇ ਆਰੰਭ ਵਿੱਚ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਆਮਦ ਫ਼ਰਾਂਸ ਵਿੱਚ ਹੋਈ ਸੀ। ਉਸ ਵੇਲੇ ਫ਼ਰਾਂਸ ਦੀਆਂ ਦੱਖਣ-ਪੂਰਬੀ ਏਸ਼ੀਆ ਵਿੱਚ ਕਈ ਬਸਤੀਆਂ ਸਨ। ਬਹੁਤੇ ਪੰਜਾਬੀਆਂ ਨੇ ਉਸ ਵੇਲੇ ਵੀਅਤਨਾਮ, ਲਾਓਸ ਅਤੇ ਕੰਬੋਡੀਆ ਜਿਹੀਆਂ ਫ਼ਰਾਂਸੀਸੀ ਬਸਤੀਆਂ ਵਿੱਚ ਜਾ ਕੇ ਬਤੌਰ ਸੈਨਿਕ ਜਾਂ ਮਜ਼ਦੂਰ ਸੇਵਾ ਨਿਭਾਈ ਸੀ। ਪਹਿਲੇ ਵਿਸ਼ਵ ਯੁੱਧ ਵਿੱਚ ਫ਼ਰਾਂਸੀਸੀ ਫ਼ੌਜ ਵੱਲੋਂ ਲੜ੍ਹਨ ਵਾਲੇ ਅਨੇਕਾਂ ਸਿੱਖ ਸੈਨਿਕਾਂ ਨੇ ਵਾਪਿਸ ਭਾਰਤ ਪਰਤਣ ਦੀ ਥਾਂ ਫਰਾਂਸ ਵਿੱਚ ਹੀ ਵੱਸ ਜਾਣ ਦੀ ਚੋਣ ਕੀਤੀ ਸੀ। ਇਹ ਪੰਜਾਬੀ ਸਿੱਖ ਪੈਰਿਸ ਅਤੇ ਇੱਕ ਜਾਂ ਦੋ ਹੋਰ ਸ਼ਹਿਰਾਂ ਦੇ ਨੇੜੇ-ਤੇੜੇ ਵੱਸ ਗਏ ਸਨ। ਇਨ੍ਹਾਂ ਸਿੱਖ ਪੰਜਾਬੀਆਂ ਨੂੰ ਇੱਥੇ ਭਾਸ਼ਾਈ ਅਤੇ ਸੱਭਿਆਚਾਰਕ ਭਿੰਨਤਾ ਦੇ ਪੱਖ ਤੋਂ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਇਰਾਦੇ ਦੇ ਪੱਕੇ ਪੰਜਾਬੀਆਂ ਨੇ ਇਥੇ ਗੁਰੂਘਰਾਂ ਦੀ ਸਥਾਪਨਾ ਕਰਕੇ ਹੌਲ੍ਹੀ-ਹੌਲ੍ਹੀ ਫ਼ਰਾਂਸ ਦੇ ਲੋਕਾਂ ਅਤੇ ਸੱਭਿਆਚਾਰ ਵਿੱਚ ਆਪਣੀ ਥਾਂ ਆਖ਼ਿਰ ਬਣਾ ਹੀ ਲਈ ਤੇ ਵੀਹਵੀਂ ਸਦੀ ਤੇ ਮੱਧ ਵਿੱਚ ਹੋਈ ਭਾਰਤ-ਪਾਕਿਸਤਾਨ ਵੰਡ ਪਿੱਛੋਂ ਪੰਜਾਬੀ ਲੋਕ ਕਈ ਮੁਲਕਾਂ ਵੱਲ ਚਲੇ ਗਏ ਸਨ, ਜਿਨ੍ਹਾਂ ਵਿੱਚ ਫ਼ਰਾਂਸ ਵੀ ਸ਼ਾਮਿਲ ਸੀ।

ਵੀਹਵੀਂ ਸਦੀ ਦੇ ਛੇਵੇਂ ਤੇ ਸਤਵੇਂ ਦਹਾਕੇ ਵਿੱਚ ਫ਼ਰਾਂਸ ਅੰਦਰ ਮਿਲਣ ਵਾਲੇ ਕਈ ਆਰਥਿਕ ਮੌਕਿਆਂ ਦੇ ਚਲਦਿਆਂ ਅਨੇਕਾਂ ਪੰਜਾਬੀਆਂ ਨੇ ਪੰਜਾਬ ਛੱਡ ਕੇ ਫਰਾਂਸ ਦਾ ਰੁਖ਼ ਕਰ ਲਿਆ ਸੀ। ਇਹ ਪੰਜਾਬੀ ਲੋਕ ਪਹਿਲਾਂ ਜਰਮਨੀ ਤੇ ਬੈਲਜੀਅਮ ਪੁੱਜੇ ਸਨ ਤੇ ਫਿਰ ਫ਼ਰਾਂਸ ਵੱਲ ਨੂੰ ਹੋਏ ਸਨ। ਸਾਲ 2004 ਦੇ ਅੰਕੜਿਆਂ ਅਨੁਸਾਰ ਫਰਾਂਸ ਵਿੱਚ ਉਸ ਵੇਲੇ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਸੰਖਿਆ ਅੱਠ ਹਜ਼ਾਰ ਦੇ ਕਰੀਬ ਸੀ, ਜਿਨ੍ਹਾਂ ਵਿੱਚੋਂ ਪੰਜ ਹਜ਼ਾਰ ਸਿੱਖ ਤਾਂ ਸਿਰਫ ਪੈਰਿਸ 'ਚ ਹੀ ਰਹਿੰਦੇ ਸਨ, ਪਰ ਸਾਲ 2012 ਦੀ ਜਨਗਣਨਾ ਅਨੁਸਾਰ ਫ਼ਰਾਂਸ ਵਿੱਚ ਪੰਜਾਬੀ ਸਿੱਖਾਂ ਦੀ ਸੰਖਿਆ 30,000 ਤੋਂ ਵੱਧ ਸੀ।

ਫ਼ਰਾਂਸ ਵਿਖੇ ਪੰਜਾਬੀਆਂ ਨੇ ਅਨੇਕਾਂ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕੀਤੀ ਹੋਈ ਹੈ, ਜਿਨ੍ਹਾਂ ਵਿੱਚ ਗੁਰਦੁਆਰਾ ਸਿੰਘ ਸਭਾ ਬੌਬਿਗਨੀ, ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਪੈਰਿਸ, ਗੁਰਦੁਆਰਾ ਗੁਰੂ ਤੇਗ ਬਹਾਦਰ ਬੌਂਡੀ, ਗੁਰਦੁਆਰਾ ਸਾਹਿਬ ਬੌਰਗੇਟ, ਗੁਰਦੁਆਰਾ ਸੰਤ ਬਾਬਾ ਪ੍ਰੇਮ ਸਿੰਘ ਜੀ ਲਾ ਕਾਰਨੇਵ ਆਦਿ ਦੇ ਨਾਂ ਪ੍ਰਮੁੱਖ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬੀਆਂ ਨੇ ਇੱਥੇ ਕਈ ਤਰ੍ਹਾਂ ਦੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਤੇ ਸੰਗਠਨਾਂ ਦੀ ਸਥਾਪਨਾ ਕੀਤੀ ਹੋਈ ਹੈ, ਜਿਨ੍ਹਾਂ ਵਿੱਚ ਸਿੱਖ ਕੌਂਸਲ, ਚੜ੍ਹਦੀ ਕਲਾ ਸੇਵਕ ਜਥਾ, ਨੌਜਵਾਨ ਸਿੱਖ ਸਭਾ, ਇਟਰਨੈਸ਼ਨਲ ਸਿੱਖ ਚੈਰਿਟੀ, ਇੰਟਰਨੈਸ਼ਨਲ ਸਿੱਖ ਕੌਂਸਲ, ਸਿੰਘ ਸਭਾ ਪੈਰਿਸ ਅਤੇ ਸਿੱਖਸ ਡੀ ਫ਼ਰਾਂਸ ਆਦਿ ਦੇ ਨਾਂ ਪ੍ਰਮੁੱਖ ਹਨ। ਪੰਜਾਬੀਆਂ ਦੀ ਬਹੁਤੀ ਆਬਾਦੀ ਪੈਰਿਸ, ਬੌਬਿਗਨੀ ਅਤੇ ਸੇਂਟ ਡੈਨਿਸ ਆਦਿ ਇਲਾਕਿਆਂ ਵਿੱਚ ਵੱਸਦੀ ਹੈ।

ਫ਼ਰਾਂਸ ਸਰਕਾਰ ਨੇ ਸੰਨ 2004 ਵਿੱਚ ਸਿੱਖਾਂ ਦੇ ਦਸਤਾਰ ਸਜਾਉਣ 'ਤੇ ਪਾਬੰਦੀ ਲਗਾ ਦਿੱਤੀ ਸੀ, ਜਿਸਦਾ ਭਾਰੀ ਵਿਰੋਧ ਦੁਨੀਆ ਭਰ ਦੇ ਸਿੱਖਾਂ ਨੇ ਕੀਤਾ ਸੀ। ਪੈਰਿਸ ਦੇ ਸਕੂਲਾਂ ਵਿੱਚੋਂ ਸਿੱਖ ਬੱਚਿਆਂ ਨੂੰ ਪੱਗ ਬੰਨ੍ਹੀ ਹੋਣ ਕਰ ਕੇ ਕੱਢ ਦਿੱਤਾ ਗਿਆ ਸੀ। ਸਿੱਖ ਸੰਗਠਨਾਂ ਨੇ ਇਸ ਪਾਬੰਦੀ ਨੂੰ ਵਾਪਿਸ ਲੈਣ ਲਈ ਫ਼ਰਾਂਸ ਸਰਕਾਰ ਖ਼ਿਲਾਫ਼ ਅਦਾਲਤ ਵਿੱਚ ਵੱਖ-ਵੱਖ ਪਟੀਸ਼ਨਾਂ ਵੀ ਦਾਇਰ



ਗੁਰਦੁਆਰਾ ਸਿੰਘ ਸਭਾ ਬੌਬਿਗਨੀ ਵਿਖੇ ਵਿਸਾਖੀ ਮੌਕੇ ਇਕੱਤਰ ਹੋਏ ਸਿੱਖ

ਕੀਤੀਆਂ ਸਨ ਤੇ ਸਰਕਾਰ ਤੇ ਅਦਾਲਤ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਦਸਤਾਰ ਸਿੱਖਾਂ ਦਾ ਪਛਾਣ ਚਿੰਨ੍ਹ ਹੈ ਅਤੇ ਇਸ ਦਾ ਸਿੱਖੀ ਜੀਵਨ ਵਿੱਚ ਇੱਕ ਮਾਣਮੱਤਾ ਇਤਿਹਾਸ ਤੇ ਵਿਸ਼ੇਸ਼ ਮਹੱਤਵ ਹੈ। ਇਹ ਵੀ ਦੱਸਿਆ ਗਿਆ ਸੀ ਕਿ ਪੱਗ/ਪਗੜੀ ਸਿਰਫ ਪੰਜਾਬੀਆਂ ਲਈ ਹੀ ਨਹੀਂ, ਸਗੋਂ ਭਾਰਤ ਅੰਦਰ ਵੱਸਦੇ ਵੱਖ-ਵੱਖ ਧਰਮਾਂ, ਜਾਤਾਂ ਤੇ ਨਸਲਾਂ ਦੇ ਲੋਕਾਂ ਲਈ ਇੱਜ਼ਤ ਅਤੇ ਸਨਮਾਨ ਦਾ ਪ੍ਰਤੀਕ ਹੈ। ਜ਼ਿਕਰਯੋਗ ਹੈ ਕਿ ਫ਼ਰਾਂਸ 'ਚ ਹੀ ਬੌਬਗਿਨੀ ਨਿਵਾਸੀ ਸਰਦਾਰ ਰਣਜੀਤ ਸਿੰਘ ਗੋਰਾਇਆ ਨੂੰ ਬੌਬਗਿਨੀ ਦੇ ਪਹਿਲੇ ਸਿੱਖ ਡਿਪਟੀ ਮੇਅਰ ਹੋਣ ਦਾ ਸਰਫ਼ ਹਾਸਿਲ ਹੋਇਆ ਸੀ। ਉਹ ਕੇਵਲ ਬੌਬਗਿਨੀ ਹੀ ਨਹੀਂ, ਸਗੋਂ ਸਮੁੱਚੇ ਫ਼ਰਾਂਸ ਵਿੱਚ ਡਿਪਟੀ ਮੇਅਰ ਚੁਣੇ ਜਾਣ ਵਾਲੇ ਪਹਿਲੇ ਸਿੱਖ ਸਨ।

## 'ਬ੍ਰਾਈਟ ਸਟਾਰ ਆਫ਼ ਪੰਜਾਬ': ਜੀਨ ਫ੍ਰੈਂਕੋਇਸ ਐਲਾਰਡ


ਸੇਂਟ ਟ੍ਰੋਪਜ਼ ਦੇ ਮੂਲ ਨਿਵਾਸੀ ਜੀਨ ਫ੍ਰੈਂਕੋਇਸ ਐਲਾਰਡ ਦਾ ਜਨਮ 1785 ਵਿੱਚ ਹੋਇਆ ਸੀ। ਫੌਜੀ ਜੀਵਨ ਵਿੱਚ ਸਿਖਲਾਈ ਪ੍ਰਾਪਤ ਐਲਾਰਡ ਨੇ ਨੈਪੋਲੀਅਨ ਦੀ ਫੌਜ ਵਿੱਚ ਸਿਪਾਹੀ ਵਜੋਂ ਸੇਵਾ ਕੀਤੀ। ਆਪਣੇ ਅਫਸਰ ਮਾਰਸ਼ਲ ਬਰੂਨ ਦੀ ਮੌਤ ਤੋਂ ਬਾਅਦ ਉਹ ਅਮਰੀਕਾ ਜਾਣ ਦੇ ਵਿਚਾਰ ਨਾਲ ਲੈਗ-ਹੌਰਨ ਚਲਾ ਗਿਆ, ਪਰ ਇੱਕ ਇਤਾਲਵੀ ਅਫਸਰ ਨੇ ਉਸਨੂੰ ਆਪਣੇ ਨਾਲ ਮਿਸਰ ਜਾਣ ਲਈ ਮਨਾ ਲਿਆ।

ਜੌਨ ਗੋਰਟਨ ਦੁਆਰਾ 'ਏ ਜਨਰਲ ਬਾਇਓਗ੍ਰਾਫੀਕਲ ਡਿਕਸ਼ਨਰੀ' (ਭਾਗ-4) ਅਨੁਸਾਰ ਐਲਾਰਡ ਮਿਸਰ ਵਿੱਚ ਚੰਗੀ ਕਿਸਮਤ ਨਾ ਮਿਲਣ ਤੋਂ ਬਾਅਦ ਪਰਸ਼ੀਆ ਲਈ ਰਵਾਨਾ ਹੋਇਆ ਅਤੇ ਅੱਬਾਸ ਮਿਰਜ਼ਾ ਨੂੰ ਮਿਲਣ ਗਿਆ। ਫਿਰ ਉਹ ਕਾਬੁਲ ਲਈ ਰਵਾਨਾ ਹੋਇਆ, ਜਿੱਥੇ ਉਸ ਦਾ ਸਨਮਾਨ ਕੀਤਾ ਗਿਆ ਸੀ। ਇੱਥੇ ਹੀ ਉਸਨੇ ਲਾਹੌਰ ਵਿੱਚ ਇੱਕ ਦਲੇਰ ਸਰਦਾਰ (ਮਹਾਰਾਜਾ ਰਣਜੀਤ ਸਿੰਘ) ਬਾਰੇ ਸੁਣਿਆ, ਜੋ ਇੱਕ ਰਾਜ ਦੀ ਸਥਾਪਨਾ ਵਿੱਚ ਵਿਅਸਤ ਸੀ।


ਮਹਾਰਾਜਾ ਰਣਜੀਤ ਸਿੰਘ ਦਾ ਜੀਨ ਫ੍ਰੈਂਕੋਇਸ ਐਲਾਰਡ ਨਾਲ ਸਬੰਧ 1822 ਦਾ ਹੈ, ਜਦੋਂ ਉਹ ਸਿੱਖ ਬਾਦਸ਼ਾਹ ਦੀਆਂ ਸੇਵਾਵਾਂ ਵਿਚ ਦਾਖਲ ਹੋਇਆ ਸੀ। ਐਲਾਰਡ ਨੂੰ ਆਪਣੇ ਸਾਥੀ ਜਨਰਲ ਵੈਨਟੂਰਾ (ਇਟਾਲੀਅਨ) ਦੇ ਨਾਲ ਫੌਜ-ਏ-ਖਾਸ ਨੂੰ ਵਧਾਉਣ ਦੇ ਕੰਮ ਨਾਲ ਨਿਯੁਕਤ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਜਨਰਲ ਦਾ ਦਰਜਾ ਦਿੱਤਾ ਗਿਆ ਸੀ।


ਗੋਰਟਨ ਦੀ ਕਿਤਾਬ ਦੇ ਅਨੁਸਾਰ ਜਨਰਲ ਐਲਾਰਡ ਨੂੰ ਪਹਿਲਾਂ ਕੁਝ ਆਦਮੀਆਂ ਨੂੰ ਅਨੁਸ਼ਾਸਨ ਦੇਣ ਲਈ ਸੈੱਟ ਕੀਤਾ ਗਿਆ ਸੀ, ਜਿਨ੍ਹਾਂ ਨੂੰ ਦੂਜਿਆਂ ਲਈ ਇੰਸਟ੍ਰਕਟਰ ਬਣਾਇਆ ਜਾਣਾ ਸੀ। ਇਸ ਤੋਂ ਬਾਅਦ ਉਸਨੇ ਇੱਕ ਰੈਜੀਮੈਂਟ, ਫਿਰ ਇੱਕ ਬ੍ਰਿਗੇਡ ਅਤੇ ਬਾਅਦ ਵਿੱਚ ਇੱਕ ਡਵੀਜ਼ਨ ਦਾ ਆਯੋਜਨ ਕੀਤਾ। ਫੌਜ ਦੇ ਗਠਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨਾਲ ਸੱਤਾ ਨੂੰ ਲੈ ਕੇ ਵਿਵਾਦ ਕਰਨ ਵਾਲੇ ਵਿਰੋਧੀ ਸਰਦਾਰਾਂ 'ਤੇ ਲਗਾਤਾਰ ਹਮਲਾ ਕੀਤਾ ਗਿਆ। ਜਨਰਲ ਐਲਾਰਡ ਦੇ ਯੋਗਦਾਨ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਾਦਸ਼ਾਹ ਨੇ ਉਸ ਨੂੰ ਸਨਮਾਨਾਂ ਨਾਲ ਲੱਦ ਦਿੱਤਾ। ਕੈਰੀ ਬ੍ਰਾਊਨ ਦੀ ਕਿਤਾਬ 'ਸਿੱਖ ਆਰਟ ਐਂਡ ਲਿਟਰੇਚਰ' ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਜਨਰਲ ਐਲਾਰਡ ਨੂੰ 'ਬ੍ਰਾਈਟ ਸਟਾਰ ਆਫ਼ ਪੰਜਾਬ' ਨਾਲ ਸਨਮਾਨਿਤ ਕੀਤਾ, ਜਿਸ ਨੂੰ ਉਸਨੇ ਬੜੇ ਮਾਣ ਨਾਲ ਆਪਣੇ 'ਲੀਜਨ ਆਫ਼ ਆਨਰ' ਤੋਂ ਉੱਪਰ ਪਹਿਨਿਆ ਸੀ, ਜੋ ਉਸਨੂੰ ਨੈਪੋਲੀਅਨ ਬੋਨਾਪਾਰਟ ਦੁਆਰਾ ਸਨਮਾਨਿਤ ਕੀਤਾ ਗਿਆ ਸੀ।

ਜਨਰਲ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਲਈ 1836 ਵਿਚ ਫਰਾਂਸ ਲਈ ਰਵਾਨਾ ਹੋਇਆ, ਪਰ ਰਣਜੀਤ ਸਿੰਘ ਨਾਲ ਕੀਤੇ ਵਾਅਦੇ ਨੂੰ ਮੰਨਦਿਆਂ ਭਾਰਤ ਵਾਪਸ ਆ ਗਿਆ। ਉਹ 1839 ਵਿੱਚ ਟਾਈ ਲੈਟਰ ਦੀ ਮੌਤ ਤੱਕ ਸਿੱਖ ਬਾਦਸ਼ਾਹ ਦੀ ਸੇਵਾ ਕਰਦਾ ਰਿਹਾ। ਜਨਰਲ ਐਲਾਰਡ ਦੀ 1840 ਵਿੱਚ ਸੰਖੇਪ ਬਿਮਾਰੀ ਤੋਂ ਬਾਅਦ ਮੌਤ ਹੋ ਗਈ।



ਚਿੱਤਰ ਵਿੱਚ ਮਹਾਰਾਜਾ ਰਣਜੀਤ ਸਿੰਘ ਨਾਲ ਜੀਨ ਫ੍ਰੈਂਕੋਇਸ ਐਲਾਰਡ, ਜੋ ਨੈਪੋਲੀਅਨ ਦੀ ਫੌਜ ਵਿੱਚ ਵੀ ਸਿਪਾਹੀ ਰਿਹਾ








ਚਿੱਤਰਕਾਰ ਤ੍ਰਿਲੋਕ ਸਿੰਘ ਵੱਲੋਂ ਬਣਾਏ ਗਏ ਗੁਰੂ ਨਾਨਕ ਦੇਵ ਜੀ ਦੇ ਵੱਖ-ਵੱਖ ਕਾਲਪਨਿਕ ਚਿੱਤਰ

ਜੈਤੇਗ ਸਿੰਘ ਅਨੰਤ
ਫੋਨ: 778-385-8141
jaiteganant@yahoo.com



# ਚਿੱਤਰਕਲਾ ਦੀ ਬੇਨਿਆਜ਼ ਹਸਤੀ

## ਤ੍ਰਿਲੋਕ ਸਿੰਘ ਚਿੱਤਰਕਾਰ ਉਰਫ 'ਚਿੱਤਰਲੋਕ ਪਟਿਆਲਾ'

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਅਨੇਕਾਂ ਚਿੱਤਰਕਾਰ, ਮੁਸਬਰ ਸਰਗਰਮ ਸਨ। ਇਨ੍ਹਾਂ ਵਿੱਚ ਸਨ- ਸ. ਕੇਹਰ ਸਿੰਘ (1820-1882) ਤੇ ਸ. ਕ੍ਰਿਸ਼ਨ ਸਿੰਘ (1836-1895), ਜਿਨ੍ਹਾਂ ਨੇ ਸਿੱਖ ਸਭਿਆਚਾਰ ਨਾਲ ਜੁੜੇ ਅਨੇਕਾਂ ਯਾਦਗਾਰੀ ਸ਼ਾਹਕਾਰਾਂ ਨੂੰ ਸਿਰਜ ਕੇ ਸਿੱਖ ਕਾਲ ਦੀ ਕਲਾ ਵਿੱਚ ਇੱਕ ਕਵੀ ਅਧਿਆਏ ਸੁਰਜੀਤ ਕੀਤਾ। ਵੀਹਵੀਂ ਸਦੀ ਵਿੱਚ ਪੰਜਾਬ ਦੇ ਦੋ ਹੋਰ ਮਹਾਨ ਚਿੱਤਰਕਾਰਾਂ- ਐਸ.ਜੀ. ਠਾਕਰ ਸਿੰਘ ਤੇ ਅੰਮ੍ਰਿਤਾ ਸ਼ੇਰਗਿੱਲ ਨੇ ਵੀ ਅੰਤਰਰਾਸ਼ਟਰੀ ਕਲਾ ਜਗਤ ਵਿੱਚ ਪਹਿਲੇ ਦੋ ਵੱਕਾਰੀ ਐਵਾਰਡ ਲੈ ਕੇ ਪੰਜਾਬ ਦੀ ਕਲਾ ਦਾ ਸਿਰ ਉੱਚਾ ਕੀਤਾ। ਇਸੇ ਤਰ੍ਹਾਂ ਪੰਜਾਬ ਦੇ ਕਲਾ ਪਿੜ ਵਿੱਚ ਸ. ਸੋਭਾ ਸਿੰਘ, ਸ. ਕ੍ਰਿਪਾਲ ਸਿੰਘ, ਸ. ਜਸਵੰਤ ਸਿੰਘ, ਸ੍ਰੀ ਬੋਧ ਰਾਜ, ਮਾਸਟਰ ਗੁਰਦਿੱਤ ਸਿੰਘ, ਜੀ.ਐਸ. ਸੋਹਨ ਸਿੰਘ ਤੇ ਦਵਿੰਦਰ ਸਿੰਘ ਅਜਿਹੇ ਚਿੱਤਰਕਾਰ ਹੋਏ ਜਿਨ੍ਹਾਂ ਨੇ ਸਿੱਖ ਇਤਿਹਾਸ, ਸ਼ਹੀਦ ਸੂਰਮੇ ਯੋਧੇ, ਸੂਰਬੀਰਾਂ ਦੇ ਜੀਵਨ ਦੇ ਅਨੇਕਾਂ ਬਚਿੱਤਰ ਤੇ ਪ੍ਰਭਾਵਸ਼ਾਲੀ ਚਿੱਤਰ ਸਿਰਜ ਕੇ ਆਪਣੀ ਅਮਿੱਟ ਛਾਪ ਛੱਡੀ ਹੈ।

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਨ੍ਹਾਂ ਚਿੱਤਰਕਾਰਾਂ ਨੇ ਜੋ ਕੁਝ ਵੀ ਚਿਤਾਰਿਆ ਹੈ, ਉਸ ਵਿੱਚ ਬਹੁਤ 'ਕਮਿਸ਼ਨਡ ਵਰਕ' ਜਾਂ ਆਡਰ ਦਾ ਕੰਮ ਕਿਹਾ ਜਾ ਸਕਦਾ ਹੈ, ਜਿਸ ਨੂੰ ਵੱਖ-ਵੱਖ ਸੰਸਥਾਵਾਂ ਦੀ ਲੋੜ ਤੇ ਮੰਗ ਅਨੁਸਾਰ ਦਿੱਤੇ ਆਡਰ ਦੀ ਪੂਰਤੀ ਹਿੱਤ ਕੀਤਾ ਗਿਆ ਸੀ -ਭਾਵੇਂ ਉਹ ਸਿੱਖ ਅਜਾਇਬ ਘਰ ਅੰਮ੍ਰਿਤਸਰ, ਸ੍ਰੀ ਗੁਰੂ ਤੇਗ ਬਹਾਦਰ ਅਜਾਇਬ ਘਰ ਆਨੰਦਪੁਰ ਸਾਹਿਬ, ਸਿੱਖ ਅਜਾਇਬ ਘਰ ਬੰਗਲਾ ਸਾਹਿਬ ਜਾਂ ਪ੍ਰਕਾਸ਼ਨ ਵਿਭਾਗ ਪੰਜਾਬ ਸਿੰਘ ਬੈਂਕ ਨਵੀਂ ਦਿੱਲੀ।

ਪਰ ਇਨ੍ਹਾਂ ਦੇ ਇੱਕ ਸਮਕਾਲੀ ਸ. ਤ੍ਰਿਲੋਕ ਸਿੰਘ ਚਿੱਤਰਕਾਰ, ਜਿਸ ਨੂੰ ਚਿੱਤਰਲੋਕ ਪਟਿਆਲਾ ਵੀ ਆਖਦੇ ਹਨ, ਦੀ ਨਿਵੇਕਲੀ, ਵਿਲੱਖਣ ਤੇ ਵਚਿੱਤਰ ਪਹਿਚਾਣ ਹੈ। ਉਹ ਇੱਕ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਕਲਾ ਜਗਤ ਵਿੱਚ ਉਹ ਇੱਕ ਅਤਿ ਸਤਿਕਾਰ ਹਸਤੀ ਹੋਏ ਹਨ। ਜੋ ਨਾਮਬਾਣੀ ਦੇ ਰਸੀਏ, ਗੁਰਮਤਿ ਮਾਰਗ ਦੇ ਪਾਂਧੀ, ਸਦਾ ਗੁਰ ਸ਼ਬਦ ਦੇ ਗੂੜ੍ਹੇ ਰੰਗਾਂ ਵਿੱਚ ਰੰਗੇ ਅਤੇ ਗੁਰਮਤਿ ਜੀਵਨ ਦੇ ਧਾਰਨੀ ਸਨ। ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਸੱਚ ਅਤੇ ਹੱਕ ਉਤੇ ਪਹਿਲਾ ਦਿੱਤਾ, ਲੋੜਵੰਦ ਗਰੀਬਾਂ, ਮਜ਼ਲੂਮਾਂ ਦੀ ਬਾਂਹ ਫੜੀ। ਉਹ ਇੱਕ ਸੱਚੇ ਸੁੱਚੇ ਨਿਸ਼ਕਾਮ ਸੇਵਾ ਭਾਵਨਾ ਵਾਲੇ ਰੰਗਲੇ ਸੱਜਣ ਸਨ। ਉਹ ਇੱਕ ਸਿਦਕ, ਸਿਰੜ੍ਹ, ਮੂਰਤ, ਨਿਰਮਲ ਤੇ ਨਿਰਛਲ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦਾ ਦਗ ਦਗ ਕਰਦਾ ਰੂਹਾਨੀ ਤੇ ਗੋਰਾ ਚਿੱਟਾ ਚਿਹਰਾ, ਬੁੱਲ੍ਹਾਂ 'ਤੇ ਹਲਕੀ ਮੁਸਕਾਨ, ਅੱਖਾਂ ਵਿੱਚ ਚਮਕ, ਮਨ ਵਿੱਚ ਗੁਰੂ ਦਾ ਭੈਅ ਪ੍ਰਤੱਖ ਰੂਪ ਵਿੱਚ ਵੇਖਣ ਦਾ ਲੰਮਾ ਸਮਾਂ ਸੁਭਾਗ ਪ੍ਰਤਾਪ ਹੋਇਆ ਹੈ। ਉਹ ਕਲਾ ਦੇ ਪੁੰਜ, ਕਰਮਯੋਗੀ ਰੋਸ਼ਨ ਮੀਨਾਰ ਤੇ ਸਿੱਖ ਕੌਮ ਦੀ ਬੇਨਿਆਜ਼ ਹਸਤੀ ਹੋਏ ਹਨ।

ਚਿੱਤਰਕਾਰ ਤ੍ਰਿਲੋਕ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ ਨਵੰਬਰ 1970 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਦੀਨਾ ਕਾਂਗੜ ਵਿੱਚ 'ਜ਼ਫਰਨਾਮਾ ਕਾਨਫਰੰਸ' ਵਿੱਚ ਹੋਈ। ਪਹਿਲੀ ਨਜ਼ਰ ਵਿੱਚ ਹੀ ਮੈਂ ਉਨ੍ਹਾਂ ਦੀ ਸਾਦਗੀ ਅਤੇ ਫਕੀਰੀ 'ਤੇ ਕਾਇਲ ਹੋ ਗਿਆ। ਉਨ੍ਹਾਂ ਦੀ ਪ੍ਰਤਿਭਾ ਦਾ ਮੇਰੇ 'ਤੇ ਚੰਗਾ ਪ੍ਰਭਾਵ ਪਿਆ, ਜਿਸ ਤੋਂ ਸਾਡੀ ਦੋਸਤੀ ਦਾ ਮੁੱਢ ਬੱਝਾ। ਉਨ੍ਹਾਂ ਦਾ ਜਨਮ 10 ਦਸੰਬਰ 1914 ਨੂੰ ਪਿੰਡ ਜੜਤੌਲੀ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਗੁਰਦਿੱਤ ਸਿੰਘ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਨੇ ਮੇਉ ਕਾਲਜ ਲਾਹੌਰ ਵਿੱਚੋਂ ਸਿਵਲ ਇੰਜੀਨੀਅਰਿੰਗ ਕੀਤੀ। ਮਾਤਾ ਜਦੋਂ ਰੱਬ ਨੂੰ ਪਿਆਰੀ ਹੋ ਗਈ ਤਾਂ ਉਹ ਆਪਣੇ ਦਾਦਾ ਦਯਾ ਸਿੰਘ ਜੀ ਕੋਲ ਪਿੰਡ ਜੜਤੌਲੀ ਆ



ਗਏ। ਸੰਨ 1929 ਵਿੱਚ ਦਾਦਾ ਜੀ ਦਾ ਦੇਹਾਂਤ ਹੋ ਗਿਆ। ਜ਼ਿੰਦਗੀ ਵਿੱਚ ਅਨੇਕਾਂ ਉਤਰਾਅ-ਚੜ੍ਹਾਅ ਆਏ, ਪਰ ਉਹ ਡੋਲੇ ਨਹੀਂ ਤੇ ਗੁਰੂ ਦਾ ਮਿੱਠਾ ਭਾਣਾ ਮੰਨ ਕੇ ਆਪਣਾ ਰਸਤਾ ਖੁਦ ਲੱਭਦੇ ਰਹੇ।

ਸੰਨ 1931 ਵਿੱਚ ਕਲੱਕਤਾ (ਬੰਗਾਲ) ਵਿਖੇ ਨਾਮਵਾਰ ਚਿੱਤਰਕਾਰ ਐਸ.ਜੀ. ਠਾਕਰ ਸਿੰਘ ਕੋਲ ਚਿੱਤਰਕਾਰੀ ਦੀ ਮੁਢਲੀ ਸਿੱਖਿਆ ਲਈ ਤੇ ਛੇਤੀ ਹੀ ਆਪਣੀ ਮਿਹਨਤ, ਲਗਨ ਤੇ ਹਿੰਮਤ ਨਾਲ ਇੱਕ ਆਰਟ ਸਟੂਡੀਓ 'ਤ੍ਰਿਲੋਕ ਸ਼ਿਲਪ ਅਸਥਾਨ' ਦੀ ਸਥਾਪਨਾ ਕੀਤੀ ਅਤੇ ਸੰਨ 1937 ਤੱਕ ਕਲਾ ਦੇ ਪਿੜ ਵਿੱਚ ਨਿੱਠ ਕੇ ਕੰਮ ਕੀਤਾ। ਸ. ਤ੍ਰਿਲੋਕ ਸਿੰਘ ਨੂੰ ਬਚਪਨ ਤੋਂ ਹੀ ਪੜ੍ਹਨ-ਲਿਖਣ ਦਾ ਸ਼ੌਕ ਸੀ। ਘਾਟ ਘਾਟ ਦਾ ਪਾਣੀ ਪੀਤਾ ਸੀ, ਜਿਸ ਕਾਰਨ ਉਹ ਅਨੇਕਾਂ ਭਾਸ਼ਾਵਾਂ ਦੇ ਗਿਆਤਾ ਸਨ। ਪੰਜਾਬੀ ਤਾਂ ਉਨ੍ਹਾਂ ਦੀ ਮਾਂ ਬੋਲੀ ਸੀ, ਪਰ ਆਸਾਮ ਤੇ ਬੰਗਾਲ ਵਿੱਚ ਰਹਿਣ ਕਾਰਨ ਅਸਾਮੀ, ਬੰਗਾਲੀ ਦਾ ਵੀ ਚੰਗਾ ਚੋਖਾ ਗਿਆਨ ਹੋ ਗਿਆ। ਅੰਗਰੇਜ਼ੀ ਤੋਂ ਉਰਦੂ ਦਾ ਵੀ ਲੋੜ ਅਨੁਸਾਰ ਡੰਗ ਟਪਾ ਲੈਂਦੇ ਸਨ। ਕਲਕੱਤਾ ਪੰਜਾਬੀਆਂ ਤੇ ਦੇਸ਼ ਭਗਤਾਂ ਦਾ ਗੜ੍ਹ ਸੀ ਅਤੇ ਇਨ੍ਹਾਂ ਦੀ ਦੋਸਤੀ ਤੇ ਸਨੇਹ ਭਾਈ ਮੁਨਸ਼ਾ ਸਿੰਘ ਦੁਖੀ, ਸ. ਸੁਦਾਗਰ ਸਿੰਘ ਭਿਖਾਰੀ (ਕਵੀ), ਸ. ਸਾਹਿਬ ਸਿੰਘ ਸਨੇਹੀ ਤੇ ਸ. ਨਿਰੰਜਨ ਸਿੰਘ ਤਾਲਿਬ ਨਾਲ ਹੋ ਗਈ, ਜੋ ਕਲਕੱਤੇ ਦੇ ਪੰਜਾਬ ਭਾਈਚਾਰੇ ਵਿੱਚ ਮੋਢੀ ਤੇ ਮਕਬੂਲ ਸਨ।

ਫਿਰ ਸ. ਤ੍ਰਿਲੋਕ ਸਿੰਘ ਨੂੰ ਸੰਨ 1937 ਤੋਂ 1943 ਤੱਕ ਨਵਗਾਂਵ ਅਤੇ ਸ਼ਿਲਾਂਗ (ਅਸਾਮ) ਤੋਂ ਸੰਨ 1943 ਤੋਂ 1948 ਤੱਕ ਪਿੰਡ ਜੜਤੋਲੀ (ਲੁਧਿਆਣਾ) ਅਤੇ ਕੁਝ ਸਮਾਂ ਮੇਰਠ ਰਹਿਣ ਦਾ ਮੌਕਾ ਮਿਲਿਆ। ਹੁਣ ਤੱਕ ਉਨ੍ਹਾਂ ਦੀ ਕਲਾ ਵਿੱਚ ਕਾਫੀ ਨਿਖਾਰ ਆ ਚੁੱਕਾ ਸੀ। ਇਸ ਸਮੇਂ ਦੌਰਾਨ ਉਨ੍ਹਾਂ ਦੀ ਮੁਲਾਕਾਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਲ ਹੋਈ। ਉਨ੍ਹਾਂ ਦੇ ਦਰਸ਼ਨ ਤੇ ਸੰਗਤ ਸ. ਤ੍ਰਿਲੋਕ ਸਿੰਘ ਲਈ ਸੋਨੇ 'ਤੇ ਸੁਹਾਗਾ ਸਿੱਧ ਹੋਇਆ। ਉਨ੍ਹਾਂ ਭਾਈ ਰਣਧੀਰ ਸਿੰਘ ਦਾ ਨਿਹੰਗੀ ਬਾਣੇ ਸ਼ਸ਼ਤਰ ਵਸਤਰਾਂ ਨਾਲ ਸਾਹਮਣੇ ਖੜ੍ਹਾ ਕਰ ਇੱਕ ਲਾਈਫ ਸਾਈਜ਼ ਪੋਰਟਰੇਟ ਨੂੰ ਆਪਣੇ ਬੁਰਸ਼ ਦੀਆਂ ਛੋਹਾਂ ਨਾਲ ਸਾਕਾਰ ਕੀਤਾ। ਇਹ ਇਨ੍ਹਾਂ ਦੀ ਮੁਢਲੀ ਜ਼ਿੰਦਗੀ ਦਾ ਇੱਕ ਯਾਦਗਾਰੀ, ਮਿਆਰੀ ਤੇ ਇਤਿਹਾਸਕ ਸ਼ਾਹਕਾਰ ਹੈ, ਜਿਸ ਤੋਂ ਖੁਸ਼ ਹੋ ਭਾਈ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ



ਗਿਆਨੀ ਜ਼ੈਲ ਸਿੰਘ ਨੂੰ ਇੱਕ ਚਿੱਤਰ ਭੇਟ ਕਰਦੇ ਹੋਏ ਤ੍ਰਿਲੋਕ ਸਿੰਘ



ਤ੍ਰਿਲੋਕ ਸਿੰਘ ਦੀ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕਰਦਿਆਂ ਗਿਆਨੀ ਜ਼ੈਲ ਸਿੰਘ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120



# ਟਾਫਟਾ



ਕਢਾਈ ਵਾਲਾ ਟਾਫਟਾ

ਕੱਪੜਿਆਂ ਦੀਆਂ ਭਾਂਤ-ਭਾਂਤ ਦੀਆਂ ਕਿਸਮਾਂ ਪੁਰਾਣੇ ਸਮਿਆਂ ਵਿੱਚ ਪ੍ਰਚਲਤ ਸਨ, ਜਿਨ੍ਹਾਂ ਵਿੱਚ ਦਸੂਤੀ, ਟੈਰਾਲੀਨ, ਟੈਰੀਕਾਟ, ਲੱਠਾ, ਸ਼ਨੀਲ, ਕਰਿੰਕਲ ਆਦਿ ਤੋਂ ਇਲਾਵਾ ਟਾਫਟਾ ਤੇ ਕੀਮਖਾਬ ਵੀ ਪ੍ਰਸਿੱਧ ਸਨ। ਚੈਂਬਰਜ਼ ਵਿਓਤਪਤੀ ਕੋਸ਼ ਅਨੁਸਾਰ 1345-49 ਦੇ ਵਿਚਕਾਰ ਨਰਮ ਸਿਲਕ ਦੇ ਚਮਕਦਾਰ ਕੱਪੜੇ ਨੂੰ ਟਾਫੇਟਾ ਕਿਹਾ ਜਾਂਦਾ ਸੀ। 1393-94 ਵਿੱਚ ਪੁਰਾਣੀ ਫਰੈਂਚ ਵਿੱਚੋਂ taffetas ਸ਼ਬਦ ਤੋਂ ਇਹ ਬਣਾਇਆ ਗਿਆ ਸੀ। ਫਾਰਸੀ ਵਿੱਚ ਰੇਸ਼ਮ ਅਥਵਾ ਲਿੰਨਨ ਲਈ ਤਾਫ਼ਤ੍ਹਾ ਸ਼ਬਦ ਵਰਤਿਆ ਜਾਂਦਾ ਸੀ। ਇਸ ਵਿੱਚ ਤਾਪ ਸ਼ਬਦ ਇੰਡੋ-ਯੂਰਪੀਅਨ ਹੈ ਤੇ ਇਹ ਲੈਟਿਨ tempus ਭਾਵ ਟਾਈਮ ਦੇ ਅਰਥ ਦਿੰਦਾ ਹੈ। ਲਿਥੂਏਨੀਅਨ ਵਿੱਚ ਇਹਦੇ ਲਈ tempti ਸ਼ਬਦ ਮਿਲਦਾ ਹੈ। ਫਾਰਸੀ ਕੋਸ਼ ਅਨੁਸਾਰ ਤਾਫ਼ਤਾ ਦਾ ਅਰਥ ਹੈ- ਵੱਟਿਆ ਹੋਇਆ, ਪ੍ਰੇਸ਼ਾਨ, ਬੇਕਰਾਰ, ਸੋਗੀ, ਫੀਤਾ, ਇੱਕ ਪ੍ਰਕਾਰ ਦਾ ਚਮਕੀਲਾ ਰੇਸ਼ਮੀ ਕੱਪੜਾ, ਸਫੈਦ ਰੰਗ ਦਾ ਚਮਕੀਲਾ ਘੋੜਾ ਜਾਂ ਕਬੂਤਰ।

ਵਿਓਤਪਤੀ ਕੋਸ਼ ਵਿੱਚ ਵੀ ਟਾਫਟੇ ਦਾ ਅਰਥ ਚਮਕੀਲਾ ਕੱਪੜਾ ਕੀਤਾ ਗਿਆ ਹੈ। ਮੂਲ ਅਰਥ ਹੈ- ਵੱਟਿਆ ਹੋਇਆ ਭਾਵ ਵੱਟੇ ਹੋਏ ਧਾਗੇ ਤੋਂ ਤਿਆਰ ਕੀਤਾ ਕੱਪੜਾ। ਤਾਫ਼ਤਨ- ਵੱਟਣਾ, ਚਮਕਣਾ, ਲਿਸ਼ਕਣਾ। ਪੰਜਾਬੀ ਕੋਸ਼ਾਂ ਵਿੱਚ ਵੀ ਇਹੋ ਜਿਹੇ ਅਰਥ ਮਿਲਦੇ ਹਨ। ਇਸ ਚਮਕਦਾਰ ਕੱਪੜੇ ਨੂੰ ਧੁੱਪ-ਛਾਂ ਵੀ ਕਿਹਾ ਜਾਂਦਾ ਹੈ, ਕਿਉਂਕਿ ਇਹਦਾ ਤਾਣਾ ਹੋਰ ਰੰਗ ਦਾ ਹੁੰਦਾ ਹੈ ਤੇ ਪੇਟਾ ਹੋਰ ਰੰਗ ਦਾ। ਰੋਸ਼ਨੀ ਵਿੱਚ ਇਹਦਾ ਰੰਗ ਬਦਲਦਾ ਹੈ। ਮੋਟੇ ਕੱਪੜੇ ਜਾਂ ਪੜਦਿਆਂ/ ਪਰਦਿਆਂ ਨੂੰ ਅੰਗਰੇਜ਼ੀ ਵਿੱਚ ਟੈਪੈਸਰੀ ਕਹਿੰਦੇ ਹਨ। ਇਹਦੇ ਮੂਲ ਵਿੱਚ ਵੀ ਇਹੀ /ਤਾਫਤ:/ ਹੈ, ਜਿਸਦੇ ਮੂਲ ਵਿੱਚ ਫਾਰਸੀ ਤਾਫ਼ਤਾਨ ਹੈ। ਇਸ ਵਿੱਚ ਚਮਕ, ਪ੍ਰਕਾਸ਼, ਲਿਸ਼ਕ ਦਾ ਭਾਵ ਹੈ। ਇਹ ਤਾਬ ਦਾ ਹੀ ਪੂਰਵ ਰੂਪ ਹੈ, ਜਿਸ ਵਿੱਚ ਪ੍ਰਕਾਸ਼ ਜਾਂ ਚਮਕ ਦਾ ਭਾਵ ਹੈ। ਤਾਬ ਦੀ ਸਕੀਰੀ ਸੰਸਕ੍ਰਿਤ ਦੀ /ਤਪ੍/ ਧਾਤੂ ਨਾਲ ਹੈ, ਜਿਸ ਤੋਂ ਬਣਿਆ ਸ਼ਬਦ /ਤਪ:/ ਜਾਂ /ਤਾਪ/ ਹੈ, ਜਿਸਦਾ ਅਰਥ ਹੈ- ਗਰਮੀ, ਸੇਕ, ਰੌਸ਼ਨੀ। ਅੱਗ ਵਿੱਚ ਸੇਕ ਤੇ ਰੌਸ਼ਨੀ ਦੋਵੇਂ ਹਨ। ਇਸੇ ਲਈ 'ਤਾਪ ਜਾਂ ਤਪ' ਵਿੱਚ ਚਮਕ, ਰੌਸ਼ਨੀ, ਪ੍ਰਕਾਸ਼ ਦੇ ਭਾਵ ਪਏ ਹਨ। ਫ਼ਾਰਸੀ ਦਾ ਤਾਬ ਵੀ ਇਸੇ ਦਾ ਰੂਪਾਂਤਰ ਹੈ, ਜਿਸ ਵਿੱਚ ਗਰਮੀ, ਆਭਾ, ਚਮਕ, ਮਜਾਲ, ਹਿੰਮਤ ਵਰਗੇ ਭਾਵ ਮਿਲਦੇ ਹਨ। ਸਖਤ ਮਿਹਨਤ ਲਈ ਵੀ ਤਪ ਇਸੇ ਮੂਲ ਦਾ ਸ਼ਬਦ ਹੈ। ਕਰੜੀ ਘਾਲਣਾ ਵਾਲੇ ਨੂੰ ਤਪਸਵੀ ਕਿਹਾ ਜਾਂਦਾ ਹੈ। ਮਿਹਨਤ ਤੋਂ ਪੈਦਾ ਹੁੰਦੀ ਤਾਕਤ ਵਿੱਚ ਵੀ ਚਮਕ ਹੁੰਦੀ ਹੈ। ਸਖਤ ਮਿਹਨਤ ਕਰਨ ਨਾਲ ਵਿਅਕਤੀ ਵਿੱਚ ਚਮਕ ਪੈਦਾ ਹੁੰਦੀ ਹੈ। ਤਾਪ, ਤਪਣਾ, ਤਪਾਉਣਾ ਆਦਿ ਸ਼ਬਦ ਇਸੇ ਤੋਂ ਨਿਰਮਤ ਹੋਏ ਹਨ।

ਫ਼ਾਰਸੀ ਵਿੱਚ ਖਾਣਾ ਬਣਾਉਣ ਵਾਲੇ ਭਾਂਡਿਆਂ ਦੇਗ ਜਾਂ ਹਾਂਡੀ ਨੂੰ ਤਬਾਕ਼ ਕਿਹਾ ਜਾਂਦਾ ਹੈ। ਸਪੱਸ਼ਟ ਹੈ ਕਿ ਇਨ੍ਹਾਂ ਨੂੰ ਅੱਗ 'ਤੇ ਚਾੜ੍ਹਿਆ ਜਾਂਦਾ ਹੈ। ਤਾਪ ਜਾਂ ਸੇਕ ਰਾਹੀਂ ਇਸ ਵਿੱਚ ਭੋਜਨ ਪੱਕਦਾ ਹੈ, ਇਸ ਲਈ ਇਹਨੂੰ ਤਬਾਕ਼ ਕਿਹਾ ਜਾਂਦਾ ਹੈ। ਤਵਾ ਵੀ ਇਸੇ ਮੂਲ ਦਾ ਹੈ। ਤਬਾਕ਼ ਨੂੰ ਕਈ ਭਾਸ਼ਾਵਾਂ ਵਿੱਚ ਤਬਕੜੀ ਵੀ ਕਿਹਾ ਜਾਂਦਾ ਹੈ। ਸਪਸ਼ਟ ਹੈ ਕਿ ਟਾਫੇਟਾ, ਟਾਫਟਾ, ਟੈਪੈਸਰੀ, ਤਾਫ਼ਤਾ ਜਾਂ ਤਾਫਤ ਵਰਗੇ ਸ਼ਬਦ ਇੱਕ ਖਾਸ ਕਿਸਮ ਦੇ ਕੱਪੜੇ ਲਈ ਵਰਤੇ ਜਾਂਦੇ ਹਨ, ਜਿਸਦੀ ਵਰਤੋਂ ਰੌਸ਼ਨਦਾਨ, ਦਰਵਾਜ਼ਿਆਂ, ਖਿੜਕੀਆਂ ਦੇ ਪੜਦਿਆਂ ਲਈ ਹੁੰਦੀ ਹੈ ਤਾਂ ਕਿ ਦਰਵਾਜ਼ਿਆਂ, ਖਿੜਕੀਆਂ ਦੇ ਖੁੱਲ੍ਹੇ ਰਹਿਣ 'ਤੇ ਵੀ ਰੌਸ਼ਨੀ ਅੰਦਰ ਆ ਸਕੇ। ਇਸੇ ਲਈ ਇਸ ਕੱਪੜੇ ਵਿੱਚ ਧੁੱਪ-ਛਾਂ ਵਰਗੀ ਚਮਕ ਮਿਲਦੀ ਹੈ, ਜੋ ਇਸਦੇ ਤਾਣੇ-ਪੇਟੇ ਦੇ ਵੱਖ-ਵੱਖ ਰੰਗਾਂ ਕਰਕੇ ਹੈ। ਇਹ ਸਾਰੇ ਸ਼ਬਦ ਸੰਸਕ੍ਰਿਤ ਤਪ: ਤੋਂ ਨਿਰਮਤ ਹੋ ਰਹੇ ਹਨ, ਜਿਸ ਵਿੱਚ ਚਮਕ ਦਾ ਭਾਵ ਹੈ।

ਟਾਫਟੇ ਦੀ ਸਕੀਰੀ ਇੱਕ ਹੋਰ ਕੀਮਤੀ ਕੱਪੜੇ ਕੀਨਖਾਬ ਨਾਲ ਵੀ ਹੈ। ਇਸ ਕੀਮਤੀ ਕੱਪੜੇ ਨੂੰ ਰੇਸ਼ਮ ਤੇ ਸੋਨੇ ਦੀਆਂ ਤਾਰਾਂ ਨਾਲ ਬੁਣਿਆ ਜਾਂਦਾ ਸੀ। ਇਹ ਸ਼ਬਦ ਚੀਨੀ, ਜਾਪਾਨੀ, ਅਰਬੀ, ਤੁਰਕੀ, ਫ਼ਾਰਸੀ, ਉਰਦੂ, ਅੰਗਰੇਜ਼ੀ ਤੇ ਭਾਰਤੀ ਭਾਸ਼ਾਵਾਂ ਵਿੱਚ ਇਸੇ ਰੂਪ ਵਿੱਚ ਵਰਤਿਆ ਜਾਂਦਾ ਹੈ। ਪੱਛਮ ਵਿੱਚ ਇਸ ਨੂੰ ਕਿਨਕਾਬ (kincob) ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ- ਸੋਨੇ ਤੋਂ ਬਣਿਆ ਕੱਪੜਾ। ਚੀਨੀ ਵਿੱਚ ਇਸਨੂੰ ਕਿਨਹੂਆ, ਫ਼ਾਰਸੀ ਵਿੱਚ ਕਿਮਖ਼ਵਾ ਅਤੇ ਪੰਜਾਬੀ ਵਿੱਚ ਕੀਮਖਾਬ ਕਿਹਾ ਜਾਂਦਾ ਹੈ। ਮੂਲ ਰੂਪ ਵਿੱਚ ਇਹ ਚੀਨੀ ਭਾਸ਼ਾ ਦਾ ਸ਼ਬਦ ਹੈ ਤੇ ਸਫਰ ਕਰਦਾ ਇਹ ਦੂਜੀਆਂ ਜ਼ਬਾਨਾਂ ਵਿੱਚ ਪਹੁੰਚਿਆ ਹੈ। ਚੀਨੀ ਵਿੱਚ 'ਕਿਨ' ਦਾ ਅਰਥ ਹੈ ਸੋਨਾ ਤੇ 'ਹੂਆ' ਦਾ ਅਰਥ ਹੈ ਫੁੱਲ। ਭਾਵ ਸੁਨਹਿਰੀ ਤਾਰਾਂ ਦੀ ਫੁੱਲਕਾਰੀ ਵਾਲਾ ਨਰਮ ਮਹੀਨ ਕੱਪੜਾ। ਜਾਪਾਨ ਵਿੱਚ ਕੀਮਖਾਬ ਨੂੰ ਚਿਨਰੇਨ ਵੀ ਕਿਹਾ ਜਾਂਦਾ ਹੈ। ਇਹ ਵੀ ਚੀਨੀ ਵਿੱਚੋਂ ਗਿਆ ਹੈ। ਇੱਕ ਵਿਚਾਰ ਇਹ ਵੀ ਹੈ ਕਿ ਸ਼ਾਇਦ ਇਹ ਚੀਨੀ ਤੇ ਇੰਡੋ-ਇਰਾਨੀ ਮੂਲ ਤੋਂ ਬਣਿਆ ਸ਼ਬਦ ਹੈ। ਕੀਮਖਾਬ ਵਿੱਚ ਸੋਨੇ ਦੇ ਅਰਥਾਂ ਵਿੱਚ ਕਿਨ੍ ਸ਼ਬਦ ਹੈ, ਜਦ ਕਿ ਖੁਆਬ ਦਾ ਰਿਸ਼ਤਾ ਇੰਡੋ-ਇਰਾਨੀ ਪਰਿਵਾਰ ਨਾਲ ਹੈ। ਮੋਨੀਅਰ ਵਿਲੀਅਮ ਮੋਨੀਅਰ ਅਨੁਸਾਰ ਇਹ ਸੰਸਕ੍ਰਿਤ ਦੇ ਸ਼ਬਦ ਸਵਪਸ੍ ਵਿੱਚ ਸਵ+ਅਪਸ੍ ਤੋਂ ਮਿਲ ਕੇ ਬਣਿਆ ਹੈ, ਜਿਸ ਦਾ ਅਰਥ ਹੈ- ਬਹੁਤ ਚੰਗਾ ਕਰਨਾ, ਕਾਰੀਗਰੀ ਨਾਲ ਬਣਾਉਣਾ। ਸਵਪਸ੍ ਦਾ ਅਗਲਾ ਰੂਪ ਅਵੇਸਤਾ ਦਾ 'ਹਵਪ੍' ਹੈ। ਸੰਸਕ੍ਰਿਤ ਦਾ 'ਸ' ਅਵੇਸਤਾ ਵਿੱਚ 'ਹ' ਵਿੱਚ ਬਦਲ ਜਾਂਦਾ ਹੈ। ਇਹਦਾ ਫ਼ਾਰਸੀ ਰੂਪ ਬਣਦਾ ਹੈ, ਖ਼ਵਾਬ। ਇਸ ਤਰ੍ਹਾਂ ਸੋਨੇ ਦੀ ਮਹੀਨ ਕਾਰੀਗਰੀ ਵਾਲਾ ਕੱਪੜਾ ਬਣਿਆ, ਕੀਮਖਾਬ। ਟਾਫਟਾ ਤੇ ਕੀਮਖਾਬ ਦੋਵੇਂ ਬੜੇ ਕੀਮਤੀ ਕੱਪੜੇ ਸਨ, ਜਿਨ੍ਹਾਂ ਦੀ ਰਾਜ ਦਰਬਾਰਾਂ ਵਿੱਚ ਬੜੀ ਮੰਗ ਹੁੰਦੀ ਸੀ।

## ਚਿੱਤਰਕਲਾ ਦੀ ਬੇਨਿਆਜ਼ ਹਸਤੀ

⇒ *ਪਿਛਲੇ ਸਫੇ ਦੀ ਬਾਕੀ ...*

ਸਾਹਿਬ ਭਾਈ ਰਣਧੀਰ ਸਿੰਘ ਨੇ ਇੱਕ ਵਿਸਤਾਰ ਪ੍ਰੇਮ ਪੱਤਰ ਕਲਾਕਾਰ ਨੂੰ ਲਿਖਿਆ, ਜੋ ਉਸ ਲਈ ਅਲਾਦੀਨ ਦੇ ਚਿਰਾਗ ਵਾਂਗ ਜਾਪਿਆ।

ਚਿੱਤਰਕਾਰ ਤ੍ਰਿਲੋਕ ਸਿੰਘ ਸੰਨ 1948-1956 ਤੱਕ ਪਟਿਆਲਾ, ਜੋ ਉਸ ਸਮੇਂ ਪੈਪਸੂ ਸੀ, ਵਿੱਚ ਸਟੇਟ ਆਰਟਿਸਟ ਲੱਗਣ ਦਾ ਮਾਣ ਮਿਲਿਆ। ਸੰਨ 1951 ਵਿੱਚ ਪੰਜਾਬੀ ਮਹਿਕਮੇ ਵਿੱਚ ਪ੍ਰਵੇਸ਼ ਕੀਤਾ। ਇੱਥੇ ਨਾਮਵਰ ਇਤਿਹਾਸਕਾਰ ਡਾ. ਗੰਡਾ ਸਿੰਘ ਤੇ ਸਵਾਮੀ ਕੇਸ਼ਵਾਨੰਦ ਦੇ ਸੰਪਰਕ ਵਿੱਚ ਆਏ। ਸਵਾਮੀ ਕੇਸ਼ਵਾਨੰਦ ਨੇ 33 ਪੇਟਿੰਗਾਂ ਲੈ ਕੇ ਸੰਘਰੀਆਂ (ਰਾਜਸਥਾਨ) 'ਤ੍ਰਿਲੋਕ ਕਲਾ ਕਕਸ਼' ਬਣਾ ਕੇ ਲਾਈਆਂ ਅਤੇ ਸਨਮਾਨਿਤ ਕੀਤਾ। ਡਾ. ਗੰਡਾ ਸਿੰਘ ਨਾਲ ਮਹਾਨ ਕੋਸ਼ ਦਾ ਕੰਮ ਕੀਤਾ ਤੇ ਅਨੇਕਾਂ ਕਿਤਾਬਾਂ ਦੇ ਟਾਈਟਲ ਤੇ ਅੰਦਰੂਨ ਨੂੰ ਕਲਾ ਦਾ ਰੂਪ ਦਿੱਤਾ। ਇਸੇ ਤਰ੍ਹਾਂ ਕਲਾਕਾਰ ਨੇ ਸੰਨ 1956 ਤੋਂ ਸੰਨ 1973 ਤੱਕ ਭਾਸ਼ਾ ਵਿਭਾਗ ਪੰਜਾਬ (ਪਟਿਆਲਾ) ਵਿਖੇ ਚਿੱਤਰਕਲਾ ਦੀ ਜੋਤ ਨੂੰ ਮਘਾਈ ਰੱਖਿਆ।

ਸੰਨ 1973 ਵਿੱਚ ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇੱਕ ਸਟੇਟ ਲੈਵਲ ਦਾ ਫੰਕਸ਼ਨ ਚਿੱਤਰਕਾਰ ਤ੍ਰਿਲੋਕ ਸਿੰਘ ਦੇ ਘਰ ਨੇੜੇ ਮੋਦੀ ਕਾਲਜ ਪਟਿਆਲਾ ਕੀਤਾ। ਗਿਆਨੀ ਜ਼ੈਲ ਸਿੰਘ ਨੇ ਘਰ ਵਿੱਚ ਸ. ਤ੍ਰਿਲੋਕ ਸਿੰਘ ਦੀ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਤੇ ਕਲਾਕਾਰ ਨੂੰ ਚੰਗਾ ਨਗਦ ਅਵਾਰਡ ਦੇ ਕੇ ਨਿਵਾਜਿਆ। ਪੰਜਾਬ ਦੇ ਕਲਾ ਜਗਤ ਦੇ ਇਤਿਹਾਸ ਵਿੱਚ ਇਹ ਪਹਿਲੀ ਘਟਨਾ ਸੀ, ਜਦੋਂ ਸੂਬੇ ਦਾ ਮੁਖੀ ਘਰ ਆ ਕੇ ਸਨਮਾਨ ਕਰੇ। ਇਹ ਕਲਾਕਾਰ ਲਈ ਬੜੇ ਮਾਣ ਦੀ ਗੱਲ ਸੀ।

ਜਦੋਂ ਅਸੀਂ ਚਿੱਤਰਕਾਰ ਦੀ ਕਲਾ ਦੇ ਵਿਸ਼ਾ ਵਸਤੂ ਵੱਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਉਸ ਨੇ ਸਿੱਖ ਇਤਿਹਾਸ, ਪੰਜਾਬੀ, ਸਭਿਆਚਾਰ, ਭੂੰ ਦ੍ਰਿਸ਼ (ਲੈਂਡਸਕੇਪ), ਪੋਰਟਰੇਟਸ, ਪਸ਼ੂ, ਪੰਛੀ, ਜਨ ਜੀਵਨ ਆਦਿ ਸਾਰਿਆਂ ਵਿਸ਼ਿਆਂ ਨੂੰ ਹੀ ਆਪਣੇ ਬੁਰਸ਼ਾਂ ਦੀਆਂ ਛੋਹਾਂ ਨਾਲ ਸਾਕਾਰ ਕੀਤਾ ਹੈ। ਕਲਾਕਾਰ ਵਿਰਸੇ ਵਿੱਚ ਸਿੱਖ ਧਰਮ ਦੇ ਸੰਸਕਾਰਾਂ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਗੁਰੂ ਸਾਹਿਬਾਨ ਦਾ ਜੀਵਨ, ਸਿੱਖ ਇਤਿਹਾਸ ਦੇ ਸੁਨਹਿਰੀ ਪੰਨੇ, ਸ਼ਹੀਦਾਂ, ਸੂਰਮੇ ਯੋਧਿਆਂ ਵਿੱਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਬੜੇ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ। ਇੱਕ ਪੇਂਟਿੰਗ ਗੁਰੂ ਨਾਨਕ ਦੇਵ ਜੀ ਦਾ ਜੀਵਨ ਚਿੱਤਰਣ 19 ਸਿਤਾਰਾਂ ਵਿੱਚ ਪੇਸ਼ ਕੀਤਾ ਹੈ। ਇਸ ਵਿੱਚ ਕਲਾਕਾਰ ਦੀ ਸੋਚ ਉਡਾਰੀ ਨੇ ਦੁਨੀਆ ਦੇ ਲੋਕਾਂ ਨੂੰ ਵਹਿਮਾਂ-ਭਰਮਾਂ, ਅਗਿਆਨਤਾ ਦੀ ਧੁੰਧ ਨੂੰ ਹਟਾ ਕੇ ਗਿਆਨ ਦੀ ਰੋਸ਼ਨੀ ਦੇਣ ਲਈ ਦੁਨੀਆ 'ਤੇ ਪ੍ਰਕਾਸ਼ ਧਾਰਿਆ। ਗੁਰੂ ਨਾਨਕ ਸਾਹਿਬ ਦਾ ਨੂਰੀ ਚਿਹਰਾ, ਅੱਖਾਂ ਵਿੱਚ ਨਾਮ ਖੁਮਾਰੀ ਤੇ ਅਧਿਆਤਮਕ ਰੰਗਾਂ ਵਿੱਚ ਰੰਗਿਆ ਗਿਆ। ਇਹ ਖੂਬਸੂਰਤ ਚਿੱਤਰ ਬਾ-ਕਮਾਲ ਹੈ। ਇਸੇ ਤਰ੍ਹਾਂ 'ਤੀਰਥ ਨਾਵਨ ਜਾਉ ਤੀਰਥ ਨਾਮੁ ਹੈ' ਗੁਰੂ ਨਾਨਕ ਦੇਵ ਜੀ ਦੇ ਚਿੱਤਰ ਵਿੱਚ ਵਿੱਚ ਕਲਾਕਾਰ ਦਾ ਡੂੰਘਾ ਰਹੱਸ ਲੁਕਿਆ ਹੋਇਆ ਹੈ। ਤਸਵੀਰ ਰਾਹੀਂ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨਾਲ ਕੇਵਲ ਬਾਹਰੀ ਸਰੀਰ ਨੂੰ ਹੀ ਧੋਇਆ ਜਾ ਸਕਦਾ ਹੈ। ਜੇ ਕਿਰਤ ਕਰਦੇ ਹੋਏ ਵੀ ਅਸੀਂ ਪਰਮਾਤਮਾ ਦਾ ਨਾਮ ਮਨ ਵਿੱਚ ਵਸਾ ਕੇ ਰੱਖੀਏ ਤਾਂ ਉਹ ਹੀ ਤੀਰਥ ਹੈ ਤੇ ਮਨ ਦਾ ਇਸ਼ਨਾਨ ਕੀਤਾ ਜਾ ਸਕਦਾ ਹੈ। ਇਸ ਵਿੱਚ ਕਲਾਕਾਰ ਨੇ ਗੁਰੂ ਸਾਹਿਬ ਨੂੰ ਕਿਸੇ ਦਰਿਆ ਦੇ ਕੰਢੇ ਆਪਣੀ ਇੱਕ ਉਦਾਸੀ ਵਿੱਚ ਦੀਨ ਦੁਨੀਆ ਨੂੰ ਤਾਰਨ ਸਮੇਂ ਦੀ ਪੇਂਟਿੰਗ ਹੈ। ਹਲਕੇ-ਹਲਕੇ ਰੰਗਾਂ ਦੀਆਂ ਛੋਹਾਂ, ਗੁਰੂ ਸਾਹਿਬ ਦਾ ਸ਼ਾਂਤ ਚਿਤ ਚਿਹਰਾ ਤੇ ਅਕਾਸ਼ ਵੱਲ ਉਂਗਲ ਦਾ ਇਸ਼ਾਰਾ ਇੱਕੋ ਅਕਾਲ ਦਾ ਸੰਕੇਤ ਪ੍ਰਗਟ ਕਰਦਾ ਹੈ।

'ਨਾਨਕ ਲੇਖੇ ਇੱਕ ਗਲ' ਵਿੱਚ ਚਿੱਤਰਕਾਰ ਨੇ ਬਹੁਤ ਹੀ ਖੂਬਸੂਰਤੀ ਨਾਲ ਗੁਰੂ ਨਾਨਕ ਸਾਹਿਬ ਨੂੰ ਭਗਤੀ ਵਿੱਚ ਲੀਨ ਅਤੇ ਭਾਈ ਮਰਦਾਨੇ ਨੂੰ ਰਬਾਬ ਵਜਾਉਂਦੇ ਤੇ ਭਾਈ ਬਾਲੇ ਨੂੰ ਹੱਥ ਵਿੱਚ ਚੌਰ ਫੜੀ ਅਰਾਧਨਾ ਕਰਦੇ ਦਰਸਾਇਆ ਹੈ। ਪਿੱਠ ਭੂਮੀ ਵਿੱਚ ਪ੍ਰਾਕ੍ਰਿਤੀ ਦੇ ਸੁੰਦਰ ਜਲਵਿਆਂ ਨੂੰ ਮੂਰਤੀਮਾਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਸਰੂਪ ਭਗਤੀ ਤੇ ਅਧਿਆਤਮਕ ਪੱਖਾਂ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਦੇ ਹੋਰ ਵੀ ਅਨੇਕਾਂ ਚਿੱਤਰ ਗੁਰੂ ਦੇ ਸ਼ਬਦਾਂ ਦੀ ਹੀ ਵਿਆਖਿਆ ਕਰਨ ਵਿੱਚ ਸਫਲ ਉਤਰਦੇ ਹਨ। ਜਿਸ ਤਰ੍ਹਾਂ ਕਲਾਕਾਰ ਵੱਲੋਂ ਬਣਾਇਆ ਗਿਆ ਚਿੱਤਰ 'ਜਿਉ ਕਰ ਸੂਰਜ ਨਿਕਲਿਆ', 'ਥਾਲ ਵਿਚਿ ਤਿਨਿ ਵਸਤੂ ਪਈਓ', 'ਏਕ ਨੂਰ ਤੇ ਸਭਿ ਜਗੁ ਉਪਜਿਓ', 'ਜੈਸੀ ਮੈ ਆਵੈ ਖਸਮੁ ਕੀ ਬਾਣੀ' ਵਿਸ਼ਾ-ਵਸਤੂ 'ਤੇ ਪੂਰੀ ਉਤਰਦੀ ਹੈ ਤੇ ਵੇਖਣ ਵਾਲਿਆਂ ਦੇ ਹਿਰਦੇ ਗੁਰੂ ਦੇ ਉਪਦੇਸ਼ ਅੱਗੇ ਸਿਰ ਨਿਵਾਉਂਦੇ ਹਨ।

ਚਿੱਤਰਕਾਰ ਤ੍ਰਿਲੋਕ ਸਿੰਘ ਅਜਿਹਾ ਚਿੱਤਰਕਾਰ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਤੋਂ ਬਿਨਾ ਦੂਜੇ ਗੁਰੂ ਸਾਹਿਬਾਨ ਨੂੰ ਵੀ ਪੂਰੀ ਸ਼ਿੱਦਤ ਨਾਲ ਪੇਂਟ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦਾ ਤੱਤੀ ਤਵੀ ਤੇ 'ਤੇਰਾ ਕੀਆ ਮੀਠਾ ਲਾਗੇ', 'ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਦਾ ਅਨੇਕਾਂ ਯਾਦਾਂ ਨੂੰ ਆਪਣੇ ਰੰਗਾਂ ਤੇ ਬੁਰਸ਼ਾਂ ਦੀ ਛੋਹ ਨਾਲ ਪ੍ਰਗਟ ਕੀਤਾ ਹੈ। ਜਿਨ੍ਹਾਂ ਵਿੱਚ 'ਮਿੱਤਰ ਪਿਆਰੇ ਨੂੰ', 'ਉੱਚ ਦਾ ਪੀਰ', 'ਰੰਘਰੇਟਾ ਗੁਰੂ ਕਾ ਬੇਟਾ', 'ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ', 'ਗੁਰੂ ਗੋਬਿੰਦ ਸਿੰਘ ਡੱਲਾ' ਵਿੱਚ ਕਲਾਕਾਰ ਦੀ ਕਲਾ ਕੌਸ਼ਲਤਾ ਨੇ ਉਸ ਨੂੰ ਕਲਾ ਪੁੰਜ ਦੇ ਤੌਰ 'ਤੇ ਅਮਰ ਕਰ ਦਿੱਤਾ ਹੈ।

ਚਿੱਤਰਕਾਰ ਦਾ ਵਿਸ਼ਾ ਵਸਤੂ ਬਹੁਪੱਖੀ ਤੇ ਅਮੁਕ ਹੈ। ਉਸ ਨੇ ਈਸਾ ਮਸੀਹ, ਭਗਵਾਨ ਰਾਮ, ਬਾਬਾ ਰਾਮ ਸਿੰਘ, ਬੀਬੀ ਸ਼ਰਨ ਕੌਰ, ਵਾਰਿਸ਼ ਸ਼ਾਹ, ਭਾਈ ਸੰਤੋਖ ਸਿੰਘ, ਕਾਦਰਯਾਰ, ਪ੍ਰੋ. ਭਾਈ ਗੁਰਮੁਖ ਸਿੰਘ, ਸਾਧੂ ਦਿਆ ਸਿੰਘ ਆਰਿਫ, ਫਿਰੋਜ਼ਦੀਨ ਸ਼ਰਫ, ਲਾਲਾ ਕ੍ਰਿਪਾ ਸਾਗਰ, ਸੰਤ ਇੰਦਰ ਸਿੰਘ ਚਕਰਵਰਤੀ, ਸ. ਚਰਨ ਸਿੰਘ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਬੜੇ ਹੀ ਸ਼ਨਾਦਾਰ ਪੋਰਟਰੇਟ ਨੂੰ ਸਾਕਾਰ ਕਰ ਕੇ ਪੰਜਾਬੀ ਮਾਂ ਬੋਲੀ ਦੇ ਸੱਚੇ ਦੁਲਾਰਿਆਂ ਨੂੰ ਯਾਦ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਦੀ ਚਿੱਤਰ ਲੜੀ ਵਿੱਚ ਜੇ ਪੰਜਾਬ ਦੇ ਅਮੀਰ ਸਭਿਆਚਾਰ ਦੀ ਗੱਲ ਨਾ ਕਰੀਏ ਤਾਂ ਉਨ੍ਹਾਂ ਨਾਲ ਇਨਸਾਫ ਨਹੀਂ ਹੋਵੇਗਾ। ਹੀਰ-ਰਾਂਝਾ, ਸੱਸੀ-ਪੰਨੂ, ਸੋਹਣੀ-ਮਹੀਂਵਾਲ, ਪਿੰਡਾਂ ਦੇ ਜਨ ਜੀਵਨ ਵਿੱਚ ਕੰਮ ਕਰਨ ਵਾਲੇ ਕੋਹਲੂ, ਖਰਾਦ, ਗੱਡਾ, ਖੂਹ ਤੇ ਹਲਟ ਨੂੰ ਵੀ ਪੇਂਟ ਕਰਨ ਸਮੇਂ ਉਨ੍ਹਾਂ ਵਿਸਾਰਿਆ ਨਹੀਂ।

ਚਿੱਤਰਕਾਰ ਤ੍ਰਿਲੋਕ ਸਿੰਘ ਪੰਜਾਬ ਦਾ ਅਜਿਹਾ ਵਿਰਲਾ ਚਿੱਤਰਕਾਰ ਹੈ, ਜਿਨ੍ਹਾਂ ਦੀ ਕਲਾ ਤੇ ਜੀਵਨ ਉਤੇ ਪੰਜਾਬੀ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਨੇ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਪੰਜਾਬੀ ਯੂਨੀਵਰਸਿਟੀ ਦੇ ਫਾਈਨ ਆਰਟਸ ਵਿਭਾਗ ਵੱਲੋਂ ਉਨ੍ਹਾਂ ਦੀ ਨਿੱਘੀ ਯਾਦ ਵਿੱਚ ਐਮ.ਏ. ਫਾਈਨ ਆਰਟਸ ਦੇ ਅਵੱਲ ਆਉਣ ਵਾਲੇ ਵਿਦਿਆਰਥੀ ਨੂੰ ਹਰ ਸਾਲ ਗੋਲਡ ਮੈਡਲ ਦੇ ਕੇ ਨਿਵਾਜਿਆ ਜਾਂਦਾ ਹੈ। ਚਿੱਤਰਕਾਰ ਨਾਲ ਮੇਰਾ ਅਥਾਹ ਪਿਆਰ ਸੀ। ਉਹ ਅਨੇਕਾਂ ਖੁਸ਼ੀਆਂ ਵਿੱਚ ਮੈਨੂੰ ਆਪਣੀ ਅਸੀਸ ਦੇਣ ਹਿੱਤ ਮੇਰੇ ਸ਼ਹਿਰ ਚੰਡੀਗੜ੍ਹ ਆਉਂਦਾ ਰਿਹਾ। ਜ਼ਿੰਦਗੀ ਦੇ ਅੰਤਲੇ ਦਿਨਾਂ ਤੱਕ ਉਹ ਮੇਰੇ ਨਾਲ ਦਿਲੋਂ ਜੁੜੇ ਰਹੇ। ਅੰਤ 11 ਦਸੰਬਰ 1990 ਨੂੰ ਉਨ੍ਹਾਂ ਇਸ ਫਾਨੀ ਸੰਸਾਰ ਤੋਂ ਕੂਚ ਕੀਤਾ ਤੇ ਆਪਣੀਆਂ ਬੇਗਿਣਤ ਯਾਦਾਂ ਛੱਡ ਗਏ। ਆਪਣੀ ਹਯਾਤੀ ਵਿੱਚ ਉਨ੍ਹਾਂ ਮੈਨੂੰ ਕਰੀਬ ਤੀਹ ਖੱਤ (ਪੱਤਰ) ਲਿਖੇ, ਉਹ ਸਾਰੇ ਹੀ ਮੇਰੇ ਲਈ ਯਾਦਗਾਰੀ ਹਨ, ਜਿਨ੍ਹਾਂ ਨੂੰ ਮੈਂ ਦੂਜੀਆਂ ਚਿੱਠੀਆਂ ਦੇ ਨਾਲ ਸਿੱਖ ਆਰਕਾਈਵਜ਼ ਕੈਨੇਡਾ ਨੂੰ ਦੇਣ ਦਾ ਸੰਕਲਪ ਕੀਤਾ ਹੈ।

ਇੱਕ ਬੇਨਿਆਜ਼ ਹਸਤੀ, ਪਰਉਪਕਾਰੀ ਸੁਭਾਅ ਦੇ ਮਾਲਕ, ਬਹੁਪੱਖੀ ਪ੍ਰਤਿਭਾ ਦੇ ਲਖਾਇਕ ਮਹਾਨ ਚਿੱਤਰਕਾਰ ਸ. ਤ੍ਰਿਲੋਕ ਸਿੰਘ ਭਾਵੇਂ ਜਿਸਮਾਨੀ ਤੌਰ 'ਤੇ ਸਾਡੇ ਵਿੱਚ ਨਹੀਂ ਹਨ, ਪਰ ਉਨ੍ਹਾਂ ਦੀਆਂ ਨਿੱਘੀਆਂ ਯਾਦਾਂ, ਉਨ੍ਹਾਂ ਦੀ ਮਹਿਕ ਸਦਾ ਸੱਤ ਸਮੁੰਦਰ ਪਾਰ ਵਾਲੇ ਵੀ ਮਾਣਦੇ ਰਹਿਣਗੇ। ਉਨ੍ਹਾਂ ਦਾ ਨਾਂ ਸਦਾ ਸੁਨਹਿਰੇ ਅੱਖਰਾਂ ਵਿੱਚ ਲਿਖਿਆ ਜਾਵੇਗਾ।



**'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'**

# ਮਹਾਨ ਸ਼ਖ਼ਸੀਅਤ-ਪੀਰ ਬੁੱਧੂ ਸ਼ਾਹ

**ਅਲੀ ਰਾਜਪੁਰਾ**
ਫੋਨ:+91-9417679302



**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਅਸੀਂ ਸੁਹਿਰਦ ਪਾਠਕਾਂ ਲਈ ਇਹ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪ ਰਹੇ ਹਾਂ। ਇਸ ਅੰਕ ਵਿੱਚ ਪੀਰ ਬੁੱਧੂ ਸ਼ਾਹ ਬਾਰੇ ਸੰਖੇਪ ਵੇਰਵਾ ਹੈ...**

ਜ਼ਿਲ੍ਹਾ ਯਮੁਨਾ ਨਗਰ ਦਾ ਮਸ਼ਹੂਰ ਸ਼ਹਿਰ ਸਢੌਰਾ, ਜਿੱਥੇ ਸੱਯਦ ਖ਼ਾਨ ਦੇ ਪਤਵੰਤੇ ਗ਼ੁਲਾਮ ਸ਼ਾਹ ਦੇ ਘਰ 13 ਜੂਨ 1647 ਈ. ਨੂੰ ਬਦਰੂਦੀਨ ਉਰਫ਼ ਪੀਰ ਬੁੱਧੂ ਸ਼ਾਹ ਨੇ ਜਨਮ ਲਿਆ। ਮੁਗ਼ਲ ਰਾਜ ਵੱਲੋਂ ਇਸ ਖ਼ਾਨਦਾਨ ਨੂੰ ਜਗੀਰ ਬਖ਼ਸ਼ੀ ਗਈ ਤੇ ਇਹ ਖ਼ਾਨਦਾਨ ਸਮਾਣਾ (ਪਟਿਆਲਾ) ਤੋਂ ਸਢੌਰੇ ਆਣ ਵੱਸਿਆ ਸੀ। ਜੇ ਸਢੌਰੇ ਦੇ ਇਤਿਹਾਸਕ ਪਿਛੋਕੜ ਵੱਲ ਝਾਤੀ ਮਾਰੀਏ ਤਾਂ ਕਈ ਤਰ੍ਹਾਂ ਦੀਆਂ ਗਾਥਾਵਾਂ-ਦੰਦ ਗਾਥਾਵਾਂ ਸਾਹਮਣੇ ਆਉਂਦੀਆਂ ਹਨ, ਜਿਵੇਂ ਦੱਸਿਆ ਜਾਂਦਾ ਹੈ ਕਿ ਇਸ ਦਾ ਪੁਰਾਤਨ ਨਾਮ 'ਸਾਧੂ ਰਾਹ' ਜਾਂ 'ਸਾਧੂ ਵਾੜਾ' ਸੀ- ਭਾਵ ਸੰਤਾਂ ਦਾ ਮਾਰਗ। ਜਦੋਂ ਸਾਧੂ ਪਹਾੜਾਂ ਵੱਲ ਜਾਂਦੇ ਸਨ ਤਾਂ ਇਸ ਸਥਾਨ 'ਤੇ ਪੜਾਅ ਕਰਦੇ। ਇੱਥੋਂ ਹੀ ਵਿਗੜ ਕੇ ਇਸ ਦਾ ਨਾਮ 'ਸਢੌਰਾ' ਪੈ ਗਿਆ। ਮੁਗ਼ਲ ਰਾਜ ਦੌਰਾਨ ਸਢੌਰਾ ਸਰਹਿੰਦ ਦੇ ਅਠਾਈ ਪਰਗਨਿਆਂ ਵਿੱਚੋਂ ਇੱਕ ਪਰਗਨੇ ਦਾ ਪ੍ਰਧਾਨ ਨਗਰ ਸੀ।

ਪੀਰ ਬੁੱਧੂ ਸ਼ਾਹ ਦਾ ਮੁੱਢੋਂ ਹੀ ਧਿਆਨ ਰੱਬ ਵੱਲ ਸੀ। ਇਹ ਗੰਭੀਰ ਤੇ ਘੱਟ ਬੋਲਣ ਵਾਲੇ ਸਨ। ਕੁਝ ਲੋਕ ਉਦੋਂ ਬਦਰੂਦੀਨ ਨੂੰ ਬੁੱਧੂ ਕਹਿ ਕੇ ਬੁਲਾਉਂਦੇ ਸਨ, ਪਰ ਉਹ ਕਦੇ ਲੋਕਾਂ ਦੀਆਂ ਗੱਲਾਂ ਦਾ ਬੁਰਾ ਨਹੀਂ ਸਨ ਮਨਾਉਂਦੇ। ਸਮੇਂ ਨਾਲ ਨਾਂ ਬੁੱਧੂ ਸ਼ਾਹ ਪੱਕ ਗਿਆ। ਉਨ੍ਹਾਂ ਦਾ ਜ਼ਿਆਦਾ ਸਮਾਂ ਇਬਾਦਤ ਵਿੱਚ ਗੁਜ਼ਰਦਾ, ਇਸੇ ਕਰਕੇ ਕੁਝ ਲੋਕਾਂ ਨੇ 'ਪੀਰ' ਜੀ ਆਖਣਾ ਸ਼ੁਰੂ ਕਰ ਦਿੱਤਾ।

ਪੀਰ ਬੁੱਧੂ ਸ਼ਾਹ ਦਾ ਸਢੌਰਾ ਸ਼ਹਿਰ ਦੇ ਸਵਾਨੀਆਂ ਮੁਹੱਲੇ ਵਿੱਚ ਵਾਸਾ ਸੀ, ਜਿੱਥੇ ਜ਼ਿਆਦਾ ਸੱਯਦ ਹੀ ਰਹਿੰਦੇ ਸਨ। ਸ਼ਾਹ ਅਬਦੁੱਲ ਵਹਾਬ ਪੀਰ ਜੀ ਦੇ ਵੱਡਿਆਂ ਵਿੱਚੋਂ ਸਨ, ਜਿਨ੍ਹਾਂ ਦੀ ਯਾਦ ਵਿੱਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਆਪ ਮਕਬਰਾ ਬਣਾਇਆ ਸੀ। ਇਸ ਮਕਬਰੇ ਉੱਤੇ ਲਿਖੀ 'ਕੁੱਤਬ' ਤੋਂ ਪਤਾ ਲੱਗਦਾ ਹੈ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਇਸ ਖ਼ਾਨਦਾਨ ਦਾ ਸਤਿਕਾਰ ਕਰਦਾ ਸੀ। ਭੁਪਿੰਦਰ ਕੌਰ ਸਢੌਰਾ ਦੀ ਪੁਸਤਕ 'ਗੁਰੂ ਭਗਤ ਪੀਰ ਬੁੱਧੂ ਸ਼ਾਹ' ਅਨੁਸਾਰ ਉਨ੍ਹਾਂ ਦੇ ਬਜ਼ੁਰਗ ਸਿਆਣਪ ਕਰਦੇ ਸਨ, ਪਰ ਪੀਰ ਜੀ ਨੇ ਅਜਿਹਾ ਕੋਈ ਰਾਹ ਨਾ ਅਪਨਾਇਆ। ਉਨ੍ਹਾਂ ਦਾ ਮਨ ਕੇਵਲ ਧਾਰਮਿਕ ਕਿਤਾਬਾਂ ਵਿੱਚ ਹੀ ਲੱਗਦਾ ਸੀ ਤੇ ਰੱਬ ਦੇ ਪਿਆਰਿਆਂ ਪ੍ਰਤੀ ਸੰਗਤ ਦੀ ਲਾਲਸਾ ਰਹਿੰਦੀ ਸੀ। ਜਦੋਂ ਉਨ੍ਹਾਂ ਨੂੰ ਕਿਤਾਬੀ ਗਿਆਨ ਤੋਂ ਵੀ ਤਸੱਲੀ ਨਾ ਹੋਈ ਤਾਂ ਘੁੜਾਮ (ਪਟਿਆਲਾ) ਦੇ ਪ੍ਰਸਿੱਧ ਫ਼ਕੀਰ ਭੀਖਣ ਸ਼ਾਹ ਨੇ ਹੀ ਦੱਸਿਆ ਕਿ ਪਟਨਾ (ਬਿਹਾਰ) 'ਚ ਇੱਕ ਬਾਲ ਗੋਬਿੰਦ ਰਾਇ ਦੇ ਰੂਪ ਵਿੱਚ ਅਧਿਆਤਮਕ ਦਾ ਸੂਰਜ ਉਦੈ ਹੋ ਰਿਹਾ ਹੈ ਤੇ ਭੀਖਣ ਸ਼ਾਹ ਤੋਂ ਹੀ ਪੀਰ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਗਿਆਨ ਹੋਇਆ ਦੱਸਿਆ ਜਾਂਦਾ ਹੈ ਕਿ, "ਫ਼ਕੀਰ ਜੀ ਨੇ ਕਈ ਵਾਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨ ਕੀਤੇ ਹਨ ਤੇ ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪਟਨਾ ਵਿਖੇ ਜਨਮ ਹੋਇਆ ਤਾਂ ਉਸ ਦਿਨ ਨਮਾਜ਼ ਵੀ ਪੂਰਬ ਵੱਲ ਅਦਾ ਕੀਤੀ ਸੀ।"

ਭੀਖਣ ਸ਼ਾਹ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਸੁਣ ਕੇ ਪੀਰ ਬੁੱਧੂ ਸ਼ਾਹ ਜੀ ਦੇ ਮਨ 'ਚ ਗੁਰੂ ਜੀ ਦੇ ਦਰਸ਼ਨਾਂ ਦੀ ਲਾਲਸਾ ਪੈਦਾ ਹੋ ਗਈ।

1664 ਈ. ਵਿੱਚ ਪੀਰ ਜੀ ਦਾ ਵਿਆਹ ਨਸੀਰਾਂ ਨਾਲ ਹੋਇਆ। ਨਸੀਰਾਂ ਦੇ ਪਿਛੋਕੜ 'ਚੋਂ ਇੱਕ ਭਰਾ ਸੈਦਖ਼ਾਨ ਔਰੰਗਜ਼ੇਬ ਦੀ ਫ਼ੌਜ ਦਾ ਵਫ਼ਾਦਾਰ ਜਰਨੈਲ ਸੀ। ਬੀਬੀ ਨਸੀਰਾਂ ਦੇ ਪਰਿਵਾਰ 'ਚ ਭਰਾ ਜਰਨੈਲ ਸੈਦਖ਼ਾਨ ਤੋਂ ਬਿਨਾ ਹੋਰ ਕਿਸੇ ਬਾਰੇ ਵੀ ਵਿਸਥਾਰਤ ਜਾਣਕਾਰੀ ਨਹੀਂ ਮਿਲਦੀ। ਬੀਬੀ ਨਸੀਰਾਂ ਵੀ ਪੀਰ ਜੀ ਵਾਂਗ ਧਾਰਮਿਕ ਵਿਚਾਰਾਂ ਵਾਲੀ ਸੁਘੜ ਸਾਊ ਔਰਤ ਸੀ। ਨਸੀਰਾਂ ਦੀ ਕੁੱਖੋਂ ਚਾਰ ਹੋਣਹਾਰ ਸਪੁੱਤਰਾਂ- ਸੱਯਦ ਮੁਹੰਮਦ ਬਖ਼ਸ਼, ਸੱਯਦ ਸ਼ਾਹ ਹੁਸੈਨ, ਸੱਯਦ ਅਸ਼ਰਫ ਅਤੇ ਸੱਯਦ ਮੁਹੰਮਦ ਸ਼ਾਹ ਨੇ ਜਨਮ ਲਿਆ।

ਪੀਰ ਬੁੱਧੂ ਸ਼ਾਹ ਨੇ ਕੁਰਾਨ-ਏ-ਪਾਕ ਤੇ ਹੋਰ ਇਸਲਾਮਿਕ ਕਿਤਾਬਾਂ ਦਾ ਅਧਿਐਨ ਕੀਤਾ ਸੀ। ਇਸੇ ਲਈ ਉਨ੍ਹਾਂ ਨੂੰ ਸਿੱਖ ਸਿਧਾਂਤ ਅਤੇ ਇਸਲਾਮਿਕ ਸਿਧਾਂਤ ਇੱਕ ਦੂਜੇ ਦੇ ਅਨੁਕੂਲ ਜਾਪੇ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ, ਸਮਾਨਤਾ ਤੇ ਸਾਂਝ ਤੋਂ ਬੇਹੱਦ ਪ੍ਰਭਾਵਿਤ ਹੋਏ ਤੇ ਪੀਰ ਜੀ ਨੇ ਦੁਬਾਰਾ ਫੇਰ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਚਾਹੇ। ਨਾਹਣ ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ 'ਤੇ ਯਮੁਨਾ ਕੰਢੇ ਪਾਉਂਟਾ ਸਾਹਿਬ ਦਰਸ਼ਨ ਨਸੀਬ ਹੋਏ। ਵਿਦਵਾਨ ਪ੍ਰੋ. ਕਿਰਪਾਲ ਸਿੰਘ ਇਸ ਮਿਲਣੀ ਦਾ ਵਰਣਨ ਕੁਝ ਇਸ ਤਰ੍ਹਾਂ ਕਰਦੇ ਹਨ, "ਪੀਰ ਬੁੱਧੂ ਸ਼ਾਹ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਅਧਿਆਤਮਕ ਸ਼ਕਤੀ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਸਹੀ ਅਰਥਾਂ ਵਿੱਚ ਉਹ ਦਸਮ ਪਾਤਸ਼ਾਹ ਦੇ ਸ਼ਿਸ਼ ਬਣ ਗਏ, ਪਰ ਆਪਣਾ ਮੂਲ ਧਰਮ ਨਹੀਂ ਤਿਆਗਿਆ।"


ਗੁਰੂ ਸਾਹਿਬ ਦੇ ਸੱਚੇ ਪਿਆਰ ਦੀ ਬੁੱਧੂ ਸ਼ਾਹ ਦੇ ਸਰੀਰ, ਮਨ, ਆਤਮਾ ਉੱਪਰ ਇੱਕ ਮਹਾਨ ਜਿੱਤ ਸੀ ਅਤੇ ਇਸ ਤਰ੍ਹਾਂ ਦੇ ਵੱਖੋ-ਵੱਖਰੇ ਮਤਾਂ ਦੇ ਅਨੁਯਾਈ ਹੁੰਦਿਆਂ ਵੀ ਪੀਰ ਬੁੱਧੂ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਇੱਕ-ਦੂਜੇ ਦੇ ਨੇੜੇ ਹੁੰਦੇ ਆਏ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਿਆ, ਕਿਉਂਕਿ ਇਹ ਦੋਵੇਂ ਰੂਹਾਂ ਧਾਰਮਿਕ ਕੱਟੜਤਾ ਤੋਂ ਰਹਿਤ ਸਨ। ਸ਼ੁਰੂ ਤੋਂ ਹੀ ਗੁਰੂ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਨੇ ਪੀਰ ਬੁੱਧੂ ਸ਼ਾਹ ਨੂੰ ਬੇਅੰਤ ਪ੍ਰਭਾਵਿਤ ਕੀਤਾ। ਗੁਰੂ ਜੀ ਦੇ ਮਿਲਣ ਪਿਛੋਂ ਪੀਰ ਜੀ ਦੀ ਮੁਰਸ਼ਦ ਵਾਲੀ ਭਾਲ ਹੁਣ ਮੁੱਕ ਚੁੱਕੀ ਸੀ।

ਪੀਰ ਬੁੱਧੂ ਸ਼ਾਹ ਨੂੰ ਦਾਮਲਾ (ਯਮੁਨਾ ਨਗਰ) ਦੇ ਲਗਭਗ ਪੰਜ ਸੌ ਪਠਾਣ ਸਢੌਰਾ ਆਣ ਮਿਲੇ, ਜਿਨ੍ਹਾਂ ਨੂੰ ਔਰੰਗਜ਼ੇਬ ਨੇ ਨੌਕਰੀ ਤੋਂ ਕੱਢ ਦਿੱਤਾ ਤੇ ਐਲਾਨ ਕੀਤਾ, "ਜਿਹੜਾ ਇਨ੍ਹਾਂ ਨੂੰ ਮੁੜ ਨੌਕਰੀ 'ਤੇ ਰੱਖੇਗਾ, ਉਹ ਮੇਰਾ ਗੁਨਾਹਗਾਰ ਹੋਵੇਗਾ।" ਪੀਰ ਬੁੱਧੂ ਸ਼ਾਹ ਨੂੰ ਪਠਾਣਾਂ ਨੇ ਆਪਣੀ ਸਾਰੀ ਹੱਡ-ਬੀਤੀ ਦੱਸੀ। ਪੀਰ ਜੀ ਉਨ੍ਹਾਂ ਪਠਾਣਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਾਉਂਟਾ ਸਾਹਿਬ ਆਣ ਮਿਲੇ। ਗੁਰੂ ਸਾਹਿਬ ਨੇ ਪੀਰ ਜੀ ਦੀ ਗੱਲ ਮੰਨਦਿਆਂ ਉਨ੍ਹਾਂ ਨੂੰ ਨੌਕਰੀ ਉੱਤੇ ਰੱਖ ਲਿਆ।

ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਤਾਕਤ ਤੋਂ ਬਾਈਧਾਰ ਦੇ ਪਹਾੜੀ ਰਾਜੇ ਬਹੁਤ ਦੁਖੀ ਸਨ। ਇਨ੍ਹਾਂ ਪਹਾੜੀ ਰਾਜਿਆਂ ਵਿੱਚੋਂ ਭੀਮ ਚੰਦ ਕੁਝ ਜ਼ਿਆਦਾ ਹੀ ਦੁੱਖ ਮਹਿਸੂਸ ਕਰਦਾ ਸੀ। ਆਸਾਮ ਦੇ ਰਾਜਾ ਰਤਨ ਰਾਇ ਨੇ ਗੁਰੂ ਜੀ ਦੇ ਦਰਸ਼ਨਾਂ ਸਮੇਂ ਬਹੁਤ ਕੀਮਤੀ ਵਸਤੂਆਂ ਭੇਂਟ ਕੀਤੀਆਂ ਸਨ ਤੇ ਕਾਬਲ ਦੇ ਇੱਕ ਸਿੱਖ ਨੇ ਇੱਕ ਚੰਦੋਆ ਵੀ ਭੇਟ ਕੀਤਾ ਸੀ, ਜਿਸ ਦੀ ਕੀਮਤ ਉਸ ਵੇਲ਼ੇ ਲਗਭਗ ਦੋ ਲੱਖ ਦੱਸੀ ਜਾਂਦੀ ਹੈ। ਪਹਾੜੀ ਰਾਜਾ ਭੀਮ ਚੰਦ ਦੀ ਨੀਅਤ ਬੇਈਮਾਨ ਸੀ, ਉਹ ਇਹ ਕੀਮਤੀ ਵਸਤੂਆਂ ਹਾਸਲ ਕਰਨਾ ਚਾਹੁੰਦਾ ਸੀ। ਨਾਹਣ ਦੇ ਰਾਜਾ ਮੇਦਨੀ ਪ੍ਰਕਾਸ਼ ਤੋਂ ਬਿਨਾ ਬਾਕੀ ਪਹਾੜੀ ਰਾਜੇ ਕਹਿਲੂਰ ਦਾ ਰਾਜਾ ਭੀਮ ਚੰਦ, ਗੜ੍ਹਵਾਲ ਦਾ ਰਾਜਾ ਫ਼ਤਿਹ ਸ਼ਾਹ, ਗੋਲਬਰ ਦਾ ਰਾਜਾ-ਗੋਪਾਲ ਚੰਦ, ਕਾਂਗੜਾ ਦਾ ਰਾਜਾ ਕ੍ਰਿਪਾਲ ਚੰਦ, ਮੰਡੀ ਦਾ ਰਾਜਾ ਬੀਰ ਸੈਣ, ਜਸਵਾਲ ਦਾ ਰਾਜਾ ਕੇਸਰੀ ਚੰਦ, ਕਾਠਗੜ੍ਹ ਦਾ ਰਾਜਾ ਦਿਆਲ ਚੰਦ, ਹਿਡੌਰ ਦਾ ਰਾਜਾ ਹਰੀ ਚੰਦ, ਭੰਬੋਰ ਦਾ ਰਾਜਾ ਕਰਮਚੰਦ, ਨੂਰਪੁਰ ਦਾ ਰਾਜਾ ਦਇਆ ਸਿੰਘ, ਤਰਲੋਕ ਪੁਰ ਦਾ ਰਾਜਾ ਭਾਗ ਸਿੰਘ, ਇੰਦੌਰ ਦਾ ਰਾਜਾ ਗੁਰਭਜ, ਨਾਰਦਨ ਦਾ ਰਾਜਾ ਸੰਸਾਰ ਚੰਦ, ਕੋਟੀਵਾਲ ਦਾ ਰਾਜਾ ਹਰੀ ਚੰਦ ਅਤੇ ਸ਼ਿਮਲਾ ਦਾ ਰਾਜਾ ਲੱਛੂ ਚੰਦ- ਇਨ੍ਹਾਂ ਸਭ ਰਾਜਿਆਂ ਨੇ ਗੁਰੂ ਸਾਹਿਬ 'ਤੇ ਹੱਲਾ ਬੋਲ ਦਿੱਤਾ।

ਪੀਰ ਬੁੱਧੂ ਸ਼ਾਹ ਨੇ ਜਿਹੜੇ ਪੰਜ ਸੌ ਪਠਾਣ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਵਿੱਚ ਸਿਪਾਹੀ ਭਰਤੀ ਕਰਵਾਏ ਸਨ, ਉਨ੍ਹਾਂ 'ਚੋਂ ਕਾਲ਼ੇ ਖ਼ਾਨ ਨੂੰ ਛੱਡ ਕੇ ਬਾਕੀ ਸਾਰੇ ਗੁਰੂ ਜੀ ਦਾ ਸਾਥ ਛੱਡ ਗਏ। ਪਠਾਣ ਸਿਪਾਹੀਆਂ ਨੂੰ ਤਨਖ਼ਾਹ ਵਿੱਚ ਚੋਖੇ ਵਾਧੇ ਦਾ ਵੀ ਲਾਲਚ ਦਿੱਤਾ ਗਿਆ, ਪਰ ਉਹ ਟੱਸ ਤੋਂ ਮੱਸ ਨਾ ਹੋਏ।

ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਪੱਤਰ ਭੇਜਿਆ, "ਤੁਹਾਡੇ ਭਰਤੀ ਕਰਵਾਏ ਪੰਜ ਸੌ ਸਿਪਾਹੀ ਹੁਣ ਤੱਕ ਤਨਖ਼ਾਹ ਲੈਂਦੇ ਰਹੇ ਤੇ ਅੱਜ ਯੁੱਧ ਵੇਲੇ ਸਾਡਾ ਸਾਥ ਛੱਡ ਗਏ ਹਨ। ਇਕੱਲਾ ਕਾਲ਼ੇ ਖ਼ਾਨ ਹੀ ਸਾਡੇ ਨਾਲ ਇਸ ਨਾਜ਼ੁਕ ਘੜੀ 'ਚ ਮੋਢਾ ਜੋੜੀ ਖੜ੍ਹਿਆ ਹੈ।" ਇਹ ਸੁਣ ਕੇ ਪੀਰ ਬੁੱਧੂ ਸ਼ਾਹ ਨੂੰ ਦੁੱਖ ਵੀ ਲੱਗਾ ਤੇ ਭਾਰੀ ਨਿਰਾਸ਼ਾ ਵੀ ਹੋਈ। ਪੀਰ ਜੀ ਇਸ ਦਾਗ਼ ਨੂੰ ਧੋਣ ਲਈ ਆਪਣੇ ਚਾਰ ਪੁੱਤਰਾਂ- ਸੱਯਦ ਮੁਹੰਮਦ ਸ਼ਾਹ, ਸੱਯਦ ਮੁਹੰਮਦ ਬਖ਼ਸ਼, ਸੱਯਦ ਸ਼ਾਹ ਹੁਸੈਨ, ਸੱਯਦ ਅਸ਼ਰਫ; ਭਰਾਵਾਂ ਅਤੇ ਆਪਣੇ ਕਈ ਮੁਰੀਦਾਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਕੋਲ਼ ਪਾਉਂਟਾ ਸਾਹਿਬ ਜਾ ਪਹੁੰਚੇ। ਅੱਗੇ ਗੁਰੂ ਜੀ ਭੰਗਾਣੀ ਦੇ ਯੁੱਧ ਵਿੱਚ ਜਾ ਚੁੱਕੇ ਸਨ। ਬੁੱਧੂ ਸ਼ਾਹ ਜੀ ਆਪਣੇ ਪੁੱਤਰਾਂ ਅਤੇ ਸਾਥੀਆਂ ਨਾਲ ਭੰਗਾਣੀ ਜਾ ਪਹੁੰਚੇ। ਗੁਰੂ ਸਾਹਿਬ ਉਨ੍ਹਾਂ ਨੂੰ ਦੇਖ ਕੇ ਖ਼ੁਸ਼ ਹੋਏ। ਗੁਰੂ ਜੀ ਦੀ ਭੂਆ ਬੀਬੀ ਵੀਰੋ ਦਾ ਪੁੱਤਰ ਸੰਗੋ ਸ਼ਾਹ ਗੁਰੂ ਸਾਹਿਬ ਦੀਆਂ ਫ਼ੌਜਾਂ ਦੀ ਅਗਵਾਈ ਕਰ ਰਿਹਾ ਸੀ। ਇਸ ਘਮਸਾਣ ਯੁੱਧ ਵਿੱਚ ਪੀਰ ਬੁੱਧੂ ਸ਼ਾਹ ਜੀ ਆਪਣੇ ਸਪੁੱਤਰ ਸੱਯਦ ਅਸ਼ਰਫ ਦੇ ਸ਼ਹੀਦ ਹੋ ਜਾਣ 'ਤੇ ਵੀ ਡੋਲੇ ਨਾ, ਸਗੋਂ ਪੂਰੇ ਹੌਸਲੇ ਨਾਲ ਲੜਦੇ ਰਹੇ। ਸਪੁੱਤਰ ਸੱਯਦ ਮੁਹੰਮਦ, ਤੇ ਭਰਾ ਦੀ ਸ਼ਹੀਦੀ ਦੇ ਕੇ ਗੁਰੂ ਸਾਹਿਬ ਨਾਲ ਵਫ਼ਾ ਨਿਭਾਈ। ਅੰਤ ਨੂੰ ਗੁਰੂ ਸਾਹਿਬ ਨੇ ਇਸ ਯੁੱਧ ਵਿੱਚ ਜਿੱਤ ਹਾਸਲ ਕੀਤੀ।




ਨੋਟ : ਗੁਰੂ ਗੋਬਿੰਦ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਪੀਰ ਬੁੱਧੂ ਸ਼ਾਹ ਜੀ ਦਾ ਕੁਰਸੀਨਾਮਾ

ਪੀਰ ਬੁੱਧੂ ਸ਼ਾਹ ਨੇ ਆਪਣੇ ਸਪੁੱਤਰਾਂ ਤੇ 700 ਦੇ ਕਰੀਬ ਮੁਰੀਦਾਂ ਨਾਲ ਗੁਰੂ ਸਾਹਿਬ ਦੀ ਨਾਜ਼ੁਕ ਸਮੇਂ ਵਿੱਚ ਮਦਦ ਕੀਤੀ ਹੋਣ ਕਰਕੇ ਗੁਰੂ ਜੀ ਵੀ ਖ਼ੁਸ਼ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੇ ਯੁੱਧ ਵਿੱਚ ਆਈ ਸੰਗਤ ਨਾਲ ਪੀਰ ਜੀ ਨੂੰ ਵਿਸ਼ੇਸ਼ ਤੌਰ 'ਤੇ ਨਿਵਾਜਿਆ। ਜਦੋਂ ਸਾਰੇ ਸ਼ੋਕ ਪ੍ਰਗਟ ਕਰਨ ਲੱਗੇ ਤਾਂ ਪੀਰ ਜੀ ਨੇ ਬੜੀ ਦਲੇਰੀ ਨਾਲ ਕਿਹਾ, "ਇੱਥੇ ਕਿਸੇ ਨੇ ਨਹੀਂ ਰਹਿਣਾ, ਮੌਤ ਰੂਪੀ ਦਰਵਾਜ਼ੇ ਵਿੱਚੋਂ ਸਭ ਨੇ ਲੰਘਣਾ ਹੈ ਭਾਵ ਸਭ ਨੇ ਮਰਨਾ ਹੈ, ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਮੇਰੇ ਸਪੁੱਤਰ ਨੇਕ ਕਾਰਜ ਲਈ ਸ਼ਹੀਦ ਹੋਏ ਹਨ। ਮੈਨੂੰ ਉਨ੍ਹਾਂ ਦੀ ਸ਼ਹੀਦੀ ਦਾ ਬਿਲਕੁਲ ਵੀ ਅਫਸੋਸ ਨਹੀਂ, ਸਗੋਂ ਮਾਣ ਹੈ...।"

ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਸ਼ ਹੋ ਕੇ ਕੁਝ ਕੀਮਤੀ ਵਸਤਾਂ ਦੇਣੀਆਂ ਚਾਹੀਆਂ, ਪਰ ਪੀਰ ਜੀ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਪੀਰ ਜੀ ਨੂੰ ਦਸਤਾਰ, ਹੁਕਮਨਾਮਾ ਤੇ ਕਟਾਰ ਭੇਟ ਕੀਤੀ, ਪਰ ਪੀਰ ਜੀ ਨੇ ਗੁਰੂ ਜੀ ਤੋਂ 'ਕੰਘੇ' ਦੀ ਮੰਗ ਕੀਤੀ, ਜਿਸ ਵਿੱਚ ਗੁਰੂ ਸਾਹਿਬ ਦੇ ਕੇਸ ਅੜੇ ਹੋਏ ਸਨ। ਇੰਨਾ ਸੁਣ ਗੁਰੂ ਜੀ ਨੇ ਖ਼ੁਸ਼ੀ ਨਾਲ ਪੀਰ ਜੀ ਨੂੰ ਕੇਸਾਂ ਸਮੇਤ ਕੰਘਾ ਭੇਟ ਕੀਤਾ, ਜਿਸ ਨੂੰ ਪੀਰ ਬੁੱਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਦੇ 'ਵਿਜੈ ਚਿੰਨ੍ਹ' ਵਜੋਂ ਸਵੀਕਾਰ ਕੀਤਾ। ਪੀਰ ਜੀ ਨੇ ਇਨ੍ਹਾਂ ਪਵਿੱਤਰ ਤੇ ਅਨਮੋਲ ਵਸਤੂਆਂ ਨੂੰ ਅੱਖਾਂ ਨਾਲ ਛੁਹਾਇਆ।

ਇਸ ਸਾਖੀ ਬਾਰੇ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਅਨੁਸਾਰ "ਜੰਗ ਸਮਾਪਤੀ ਪੁਰ ਕਲਗੀਧਰ ਨੇ ਆਪਣੀ ਦਸਤਾਰ, ਕੰਘੇ ਸਹਿਤ ਵਾਹੇ ਹੋਏ ਕੇਸ ਅਤੇ ਛੋਟੀ ਕ੍ਰਿਪਾਨ ਬੁੱਧੂ ਸ਼ਾਹ ਨੂੰ ਹੁਕਮਨਾਮੇ ਸਹਿਤ ਬਖ਼ਸ਼ੀ।"

ਭੇਟ ਕੀਤੀਆਂ ਇਹ ਕੀਮਤੀ ਵਸਤਾਂ ਅੱਜ ਕਲ੍ਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਹਨ।

ਪਹਾੜੀ ਰਾਜਿਆਂ ਨੇ ਪੀਰ ਬੁੱਧੂ ਸ਼ਾਹ ਦੇ ਵਿਰੁੱਧ ਦਿੱਲੀ ਦਰਬਾਰ ਵਿੱਚ ਸ਼ਿਕਾਇਤ ਕੀਤੀ, "ਆਲਮਗੀਰ ਸ਼ਹਿਨਸ਼ਾਹ! ਤੇਗ਼ ਬਹਾਦਰ ਦੇ ਪੁੱਤਰ ਨੇ ਇੱਕ ਇਨਕਲਾਬੀ ਜਥਾ ਸੰਗਠਨ ਕੀਤਾ ਹੈ, ਜੋ ਇੱਕ ਦਿਨ ਦਿੱਲੀ ਦੇ ਤਖ਼ਤ ਲਈ ਭਾਰੀ ਖ਼ਤਰਾ ਸਾਬਤ ਹੋਵੇਗਾ। ਅਸਾਂ ਇਸ ਅੰਦੋਲਨ ਨੂੰ ਕੁਚਲਨ ਦਾ ਯਤਨ ਕੀਤਾ, ਪਰ ਬੁੱਧੂ ਸ਼ਾਹ ਆਪਣੇ ਬਹੁਤ ਸਾਰੇ ਸੇਵਕਾਂ, ਸਪੁੱਤਰਾਂ ਤੇ ਸਬੰਧੀਆਂ ਨੂੰ ਸਾਡੇ ਖ਼ਿਲਾਫ ਲੜਨ ਲਈ ਲੈ ਆਇਆ। ਇਵੇਂ ਉਸ ਨੇ ਖ਼ਤਰਨਾਕ ਜਮਾਤ ਦੀ ਮਦਦ ਕੀਤੀ। ਇਸ ਕਾਫ਼ਰ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।"

ਪੀਰ ਬੁੱਧੂ ਸ਼ਾਹ ਜੀ ਦਾ ਸਾਲ਼ਾ ਸੈਦਖ਼ਾਨ ਦਿੱਲੀ ਦਰਬਾਰ ਵਿੱਚ ਵਫ਼ਾਦਾਰ ਸਿਪਾਹੀ ਹੋਣ ਕਰਕੇ ਉਸ ਪੱਤਰ ਨੂੰ ਲੈ ਕੇ ਆਉਣ ਵਾਲ਼ੇ ਵਿਅਕਤੀ ਨੂੰ ਸੈਦਖ਼ਾਨ ਨੇ ਇਹ ਕਹਿ ਕੇ ਵਾਪਿਸ ਮੋੜ ਦਿੱਤਾ ਸੀ ਕਿ ਆਲਮ ਪਨਾਹ, ਇਸ ਮਾਮਲੇ 'ਤੇ ਵਿਚਾਰ ਕਰਨਗੇ।

ਜਦੋਂ ਨਸੀਰਾਂ ਨੂੰ ਆਪਣੇ ਪੁੱਤਰਾਂ ਦੇ ਸ਼ਹੀਦ ਹੋਣ ਬਾਰੇ ਪਤਾ ਲੱਗਿਆ ਤਾਂ ਉਹ ਬੇ-ਸੁੱਧ ਹੋ ਗਈ। ਔਰਤਾਂ ਅਫ਼ਸੋਸ ਕਰਨ ਆਈਆਂ ਤਾਂ ਪੀਰ ਜੀ ਨੇ ਕਿਹਾ, "ਮੈਨੂੰ ਆਪਣੇ ਪੁੱਤਰਾਂ ਦੇ ਮਾਰੇ ਜਾਣ ਦਾ ਕੋਈ ਦੁੱਖ ਨਹੀਂ, ਉਹ ਜ਼ੁਲਮ ਦੀ ਲੜਾਈ ਵਿੱਚ ਸ਼ਹੀਦ ਹੋਏ ਹਨ। ਮੈਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਮੇਰੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੇ ਕੰਮ ਆ ਸਕੇ।" ਨਸੀਰਾਂ ਨੂੰ ਜਦੋਂ ਪੀਰ ਜੀ ਨੇ ਗੁਰੂ ਜੀ ਵੱਲੋਂ ਬਖ਼ਸ਼ਿਆ ਕੰਘਾ ਦਿਖਾਇਆ ਤਾਂ ਨਸੀਰਾਂ ਉਸ ਨੂੰ ਧਿਆਨ ਨਾਲ ਦੇਖਣ ਲੱਗੀ। ਨਸੀਰਾਂ ਨੂੰ ਉਸ ਕੰਘੇ 'ਚੋਂ ਆਪਣੇ ਸਪੁੱਤਰਾਂ ਦੇ ਹੱਸਦੇ ਚਿਹਰੇ ਦਿਸਣ ਲੱਗੇ। ਹੁਣ ਬੇਗ਼ਮ ਨਸੀਰਾਂ ਨੂੰ ਯਕੀਨ ਹੋ ਗਿਆ ਕਿ ਉਸ ਦੇ ਸਪੁੱਤਰ ਸੱਚਮੁੱਚ ਸੱਚੇ ਕਾਰਜ ਲਈ ਸ਼ਹੀਦ ਹੋਏ ਹਨ। ਨਸੀਰਾਂ ਨੇ ਕੰਘਾ ਚੁੰਮਿਆ। ਰੁਮਾਲ ਵਿੱਚ ਲਪੇਟ ਕੇ ਸੰਦੂਕ 'ਚ ਟਿਕਾ ਦਿੱਤਾ।

ਔਰੰਗਜ਼ੇਬ ਗੁਰੂ ਸਾਹਿਬ ਦੀ ਚੜ੍ਹਤ ਦੇਖ ਕੇ ਦੁਖੀ ਸੀ। ਉਸਨੇ ਆਪਣੇ ਦਰਬਾਰੀ ਜਰਨੈਲਾਂ ਨੂੰ ਸੱਦ ਕੇ ਕਿਹਾ ਕਿ ਲਹਿਰ ਨੂੰ ਕੌਣ ਠੱਲ੍ਹ ਪਾਵੇਗਾ। ਸੈਦ ਖ਼ਾਨ ਨੇ ਆਪਣੇ ਸਿਰ ਜ਼ਿੰਮੇਵਾਰੀ ਲਈ। ਸੈਦ ਖ਼ਾਨ ਗੁਰੂ ਜੀ ਵਿਰੁੱਧ ਕੂਚ ਕਰਨ ਲਈ ਥਾਨੇਸਰ ਤੋਂ ਚੱਲ ਕੇ ਆਪਣੀ ਭੈਣ ਨਸੀਰਾਂ ਕੋਲ ਪਹੁੰਚਿਆ। ਨਸੀਰਾਂ ਨੂੰ ਜਦੋਂ ਪਤਾ ਲੱਗਿਆ ਤਾਂ ਉਸਨੇ ਕੋਸ਼ਿਸ਼ ਕੀਤੀ ਆਪਣੇ ਭਰਾਂ ਨੂੰ ਰੋਕਣ ਦੀ, ਪਰ ਸੈਦਖ਼ਾਨ ਨਾ ਟਲ਼ਿਆ ਸਗੋਂ ਕਹਿਣ ਲੱਗਾ, "ਮੈਂ ਫ਼ੌਜੀ ਜਰਨੈਲ ਹਾਂ, ਸ਼ਹਿਨਸ਼ਾਹ ਦਾ ਵਫ਼ਾਦਾਰ ਸਿਪਾਹੀ ਤੇ ਉਨ੍ਹਾਂ ਲਈ ਲੜਨਾ ਮੇਰਾ ਫ਼ਰਜ਼ ਹੈ, ਜੇ ਗੁਰੂ ਗੋਬਿੰਦ ਸਿੰਘ ਮਹਾਨ ਹਨ ਤਾਂ ਮੇਰੇ ਨਾਲ ਮੈਦਾਨ ਵਿੱਚ ਆ ਕੇ ਟੱਕਰ ਲੈਣ।" ਨਸੀਰਾਂ ਨੇ ਸੈਦ ਖ਼ਾਨ ਨੂੰ ਫੇਰ ਸਮਝਾਉਣ ਦੀ ਕੋਸ਼ਿਸ਼ ਕੀਤੀ, "ਤੂੰ ਬਦੀ ਦੇ ਰਾਹ ਤੁਰ ਪਿਆ ਏਂ...।"

ਜਦੋਂ ਗੁਰੂ ਸਾਹਿਬ ਸੈਦ ਖ਼ਾਨ ਦੇ ਸਾਹਮਣੇ ਆਏ ਤਾਂ ਗੁਰੂ ਜੀ ਨੇ ਕਿਹਾ, "ਵਾਰ ਕਰ।" ਸੈਦ ਖ਼ਾਨ ਤੋਂ ਵਾਰ ਨਾ ਕੀਤਾ ਗਿਆ। ਉਸ ਨੂੰ ਲੱਗਿਆ ਕਿ ਉਹ ਯੁੱਧ ਕਰਨ ਤੋਂ ਅਸਮਰੱਥ ਹੈ, ਉਹ ਹਥਿਆਰ ਸੁੱਟ ਕੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਇਹ ਵੀ ਦੱਸਿਆ ਜਾਂਦਾ ਹੈ ਕਿ ਸੈਦ ਖ਼ਾਨ ਇਸ ਘਟਨਾ ਤੋਂ ਅਖ਼ੀਰੀ ਸਮੇਂ ਤੱਕ ਗੁਰੂ ਜੀ ਕੋਲ ਰਿਹਾ।

ਗੁਰੂ ਜੀ ਨੇ ਸੰਗਤਾਂ ਨੂੰ ਪਿੰਡ ਲਾਹੜਪੁਰ ਭੇਜ ਕੇ ਆਪ ਪਾਉਂਟਾ ਸਾਹਿਬ ਤੋਂ ਸਢੌਰਾ ਪਹੁੰਚੇ, ਜਿੱਥੇ ਉਹ ਤੇਰਾਂ ਦਿਨ ਰਹੇ। ਉਸਮਾਨ ਖ਼ਾਨ ਦਾ ਦੂਤ ਪੀਰ ਬੁੱਧੂ ਸ਼ਾਹ ਕੋਲ਼ ਹੁਕਮ ਲੈ ਕੇ ਆਇਆ, "ਸਾਡੇ ਕੋਲ਼ ਪੱਕਾ ਸਬੂਤ ਹੈ ਕਿ ਗੁਰੂ ਜੀ ਇੱਥੇ ਹੀ ਹਨ, ਉਨ੍ਹਾਂ ਨੂੰ ਜੀਵਿਤ ਜਾਂ ਮ੍ਰਿਤਕ ਹਾਲਤ ਵਿੱਚ ਪੇਸ਼ ਕੀਤਾ ਜਾਵੇ...।"

ਬੁੱਧੂ ਸ਼ਾਹ ਜੀ ਦਾ ਵੱਡਾ ਬੇਟਾ ਸੱਯਦ ਮੁਹੰਮਦ ਬਖ਼ਸ਼ ਉੱਥੇ ਹੀ ਸੀ। ਉਸ ਨੇ ਪੀਰ ਜੀ ਨੂੰ ਸਲਾਹ ਦਿੱਤੀ ਕਿ ਗੁਰੂ ਜੀ ਨੂੰ ਉਸਮਾਨ ਖ਼ਾਨ ਕੋਲ ਪੇਸ਼ ਨਹੀਂ ਕਰਨਾ। ਤੁਸੀਂ ਮੇਰਾ ਗ਼ਲ਼ਾ ਕੱਟ ਕੇ ਖ਼ੂਨ ਉਸਮਾਨ ਖ਼ਾਨ ਕੋਲ ਪੇਸ਼ ਕਰ ਦਿਓ। ਪੀਰ ਜੀ ਨੇ ਸੱਯਦ ਬਖ਼ਸ਼ ਦੇ ਕਹੇ ਅਨੁਸਾਰ ਹੀ ਕੀਤਾ।

ਗੁਰੂ ਜੀ ਅਨੰਦਪੁਰ ਸਾਹਿਬ ਪਹੁੰਚ ਗਏ ਤੇ ਪੀਰ ਜੀ ਨੇ ਖ਼ੂਨ ਉਸਮਾਨ ਖ਼ਾਨ ਕੋਲ ਪੇਸ਼ ਕਰ ਦਿੱਤਾ। ਸੂਤਰਾਂ ਰਾਹੀਂ ਔਰੰਗਜ਼ੇਬ ਨੂੰ ਖ਼ੂਨ ਗੁਰੂ ਜੀ ਦਾ ਨਾ ਹੋਣ ਬਾਰੇ ਪਤਾ ਲੱਗਾ। ਔਰੰਗਜ਼ੇਬ ਤੇ ਉਸਮਾਨ ਖ਼ਾਨ ਗੁੱਸੇ ਵਿੱਚ ਲਾਲ ਪੀਲ਼ੇ ਹੋਣ ਲੱਗੇ। ਸ਼ਹਿਨਸ਼ਾਹ ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਜੇ ਗੁਰੂ ਜੀ ਦੇ ਜ਼ਿੰਦਾ ਹੋਣ ਬਾਰੇ ਪਤਾ ਚੱਲੇ ਤਾਂ ਸ਼ਾਹੀ ਹੁਕਮ ਸਮਝ ਕੇ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਪੀਰ ਬੁੱਧੂ ਸ਼ਾਹ ਨੂੰ ਵੀ ਸੂਹ ਮਿਲ ਗਈ ਸੀ। ਉਨ੍ਹਾਂ ਨੇ ਆਪਣਾ ਪਰਿਵਾਰ ਨਾਹਣ ਭੇਜ ਦਿੱਤਾ। ਆਪ ਇਕੱਲੇ ਹੀ ਸਢੌਰਾ ਵਿਖੇ ਰਹਿ ਗਏ। ਉਸਮਾਨ ਖ਼ਾਨ ਨੇ ਸਢੌਰੇ ਉੱਤੇ ਕਬਜ਼ਾ ਕਰ ਲਿਆ। ਉਸਮਾਨ ਖ਼ਾਨ ਪੀਰ ਜੀ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗਾ, ਉਸ ਨੇ ਪੀਰ ਜੀ ਨੂੰ ਕੈਦ ਵੀ ਕਰ ਲਿਆ। ਜਦੋਂ ਪੀਰ ਬੁੱਧੂ ਸ਼ਾਹ ਨਾ ਡੋਲੇ ਤਾਂ ਉਸਦੇ ਹੁਕਮ 'ਤੇ 21 ਮਾਰਚ 1704 ਈ. ਨੂੰ ਪੀਰ ਬੁੱਧੂ ਸ਼ਾਹ ਨੂੰ ਕਤਲ ਕਰਵਾ ਦਿੱਤਾ ਗਿਆ। ਇੱਥੇ ਹੀ ਬਸ ਨਹੀਂ, ਉਸ ਨੇ ਪੀਰ ਜੀ ਦੀ ਹਵੇਲੀ ਨੂੰ ਵੀ ਅੱਗ ਲਾ ਦਿੱਤੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਭਾਲ 'ਚ ਉਹ ਨਾਹਣ ਤੱਕ ਵੀ ਗਿਆ, ਪਰ ਉਥੋਂ ਵੀ ਉਸਮਾਨ ਖ਼ਾਨ ਖ਼ਾਲੀ ਹੱਥ ਪਰਤਿਆ, ਕਿਉਂਕਿ ਬੀਬੀ ਨਸੀਰਾਂ ਆਪਣੇ ਪੋਤਿਆਂ (ਸੱਯਦ ਅੱਤਾ ਸ਼ਾਹ, ਸੱਯਦ ਅਸਾਮ ਸ਼ਾਹ) ਨੂੰ ਲੈ ਕੇ ਸਮਾਣਾ (ਪਟਿਆਲਾ) ਆਣ ਚੁੱਕੀ ਸੀ।

# ਅਦੁੱਤੀ ਜਰਨੈਲ ਬਾਬਾ ਜੀਵਨ ਸਿੰਘ

ਇਤਿਹਾਸ 'ਚੋਂ

ਡਾ. ਗੁਰਤੇਜ ਸਿੰਘ
ਫੋਨ: +91-9517396001




## ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਸਿੱਖ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ, ਜਿੱਥੇ ਬਹਾਦਰ ਯੋਧਿਆਂ ਨੇ ਮਾਨਵਤਾ ਦੇ ਭਲੇ ਹਿਤ ਆਪਣੇ ਪ੍ਰਾਣ ਨਿਛਾਵਰ ਕੀਤੇ ਹਨ। ਪੰਜਾਬ ਦੀ ਧਰਤੀ ਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਇੱਥੇ ਸੰਤ-ਸਿਪਾਹੀ ਪੈਦਾ ਹੋਏ, ਜਿਨ੍ਹਾਂ ਨੇ ਧਰਮ ਅਤੇ ਦੱਬੇ ਕੁਚਲੇ ਲੋਕਾਂ ਦੀ ਰਾਖੀ ਲਈ ਭਗਤੀ ਦੇ ਨਾਲ ਨਾਲ ਜਾਬਰ ਵਿਰੁੱਧ ਸ਼ਸਤਰ ਵੀ ਉਠਾਏ। ਅਜਿਹੇ ਗੁਣਾਂ ਦੇ ਧਾਰਨੀ ਸਿੱਖ ਇਤਿਹਾਸ ਵਿੱਚ ਬਾਬਾ ਜੀਵਨ ਸਿੰਘ ਜੀ ਦਾ ਨਾਂ ਸੂਰਜ ਵਾਂਗ ਚਮਕਦਾ ਹੈ। ਬਾਬਾ ਜੀ ਦੇ ਪਿਤਾ ਜੀ ਦਾ ਨਾਮ ਭਾਈ ਸਦਾ ਨੰਦ ਅਤੇ ਮਾਤਾ ਦਾ ਨਾਮ ਲਾਜਵੰਤੀ ਸੀ। ਗੁਰੂ ਘਰ ਅਤੇ ਗੁਰੂ ਦੇ ਮਹਿਲਾਂ ਨੂੰ ਮਾਤਾ ਲਾਜਵੰਤੀ ਅਤਿਅੰਤ ਪ੍ਰੇਮ ਕਰਦੇ ਸਨ, ਜਿਸ ਕਾਰਨ ਗੁਰੂ ਘਰ ਵਿੱਚ ਉਨ੍ਹਾਂ ਦਾ ਨਾਮ ਪ੍ਰੇਮੋ ਪੈ ਗਿਆ ਸੀ। ਬਾਬਾ ਜੀਵਨ ਸਿੰਘ ਦੇ ਬਚਪਨ ਵਿੱਚ ਉਨ੍ਹਾਂ ਦਾ ਨਾਮ ਜੈਤਾ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਆਪ ਰੱਖਿਆ ਸੀ। ਬਾਅਦ ਵਿੱਚ ਦਸਮੇਸ਼ ਪਿਤਾ ਨੇ ਅੰਮ੍ਰਿਤ ਛਕਾ ਕੇ ਉਨ੍ਹਾਂ ਦਾ ਨਾਮ ਭਾਈ ਜੀਵਨ ਸਿੰਘ ਰੱਖ ਦਿੱਤਾ ਸੀ। ਇਹ ਆਪਣੇ ਆਪ 'ਚ ਹੀ ਅਦੁਭੁਤ ਗੱਲ ਹੈ ਕਿ ਬਾਬਾ ਜੀ ਦਾ ਨਾਮ ਦੋ ਪਾਤਸ਼ਾਹੀਆਂ ਨੇ ਆਪ ਰੱਖਿਆ, ਜੋ ਸਿੱਖ ਇਤਿਹਾਸ ਵਿੱਚ ਨਿਵੇਕਲਾ ਸਥਾਨ ਰੱਖਦੀ ਹੈ। ਗੁਰੂ ਘਰ ਦੇ ਸੇਵਕਾਂ 'ਚੋ ਇਹ ਮਾਣ ਸਿਰਫ ਤੇ ਸਿਰਫ ਬਾਬਾ ਜੀਵਨ ਸਿੰਘ ਨੂੰ ਹੀ ਪ੍ਰਾਪਤ ਹੈ।

ਭਾਈ ਜੈਤਾ ਜੀ ਦਾ ਪਰਿਵਾਰ ਗੁਰੂ ਘਰ ਦਾ ਅਨਿੰਨ ਸ਼ਰਧਾਲੂ ਸੀ, ਜਿਸ ਕਰਕੇ ਗੁਰੂ ਸਾਹਿਬ ਦਾ ਉਨ੍ਹਾਂ ਦੇ ਪਰਿਵਾਰ ਨਾਲ ਅਥਾਹ ਪਿਆਰ ਸੀ। ਜਦੋਂ ਨੌਵੇਂ ਪਾਤਸ਼ਾਹ ਬਾਬਾ ਬਕਾਲਾ 'ਚ ਸਨ ਤਾਂ ਭਾਈ ਜੈਤਾ ਦੇ ਪਿਤਾ ਭਾਈ ਸਦਾ ਨੰਦ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਸਨ। ਭਾਈ ਜੈਤਾ ਦਾ ਖ਼ਾਨਦਾਨ ਪੀੜੀ ਦਰ ਪੀੜੀ ਗੁਰੂ ਘਰ ਦੀ ਸੇਵਾ 'ਚ ਹਾਜ਼ਰ ਰਿਹਾ ਹੈ। ਭਾਈ ਸਦਾ ਨੰਦ ਦੇ ਪੜਦਾਦਾ ਭਾਈ ਕਲਿਆਣਾ ਜੀ ਨੂੰ ਛੇ ਪਾਤਸ਼ਾਹੀਆਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੁਕਮਨਾਮਿਆਂ ਵਿੱਚ ਉਨ੍ਹਾਂ ਦੇ ਨਾਂ ਦਾ ਜ਼ਿਕਰ ਮਿਲਣਾ ਇਸ ਤੱਥ ਦੀ ਪੁਖ਼ਤਾ ਗਵਾਹੀ ਹੈ। ਉਸ ਵੇਲੇ ਭਾਈ ਜੈਤਾ ਦੇ ਪੁਰਖ਼ਿਆਂ ਦੇ ਨਾਮ 'ਤੇ ਦਿੱਲੀ ਵਿੱਚ ਧਰਮਸ਼ਾਲਾ ਹੋਣਾ, ਉਨ੍ਹਾਂ ਦੀ ਚੰਗੇਰੀ ਆਰਥਿਕ ਸਥਿਤੀ ਨੂੰ ਬਿਆਨਦਾ ਹੈ, ਇਸ ਤੋ ਸਾਫ ਜ਼ਾਹਿਰ ਹੈ ਕਿ ਉਨ੍ਹਾਂ ਦੇ ਵੱਡੇ-ਵਡੇਰਿਆਂ ਨੇ ਗੁਰੂ ਘਰ ਦੀ ਸੇਵਾ ਸਵੈ-ਇੱਛਾ ਨਾਲ ਗੁਰੂ ਸਾਹਿਬਾਨਾਂ ਅੱਗੇ ਅਰਜ਼ ਕਰਕੇ ਲਈ ਸੀ, ਨਾ ਕਿ ਉਹ ਕਿਸੇ ਮਜਬੂਰੀਵਸ ਜਾਂ ਗ਼ੁਰਬਤ ਆਦਿ ਕਰਕੇ।

ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਕਸ਼ਮੀਰੀ ਪੰਡਿਤਾਂ ਦੀ ਪੁਕਾਰ 'ਤੇ ਨੌਵੇਂ ਪਾਤਸ਼ਾਹ ਧਰਮ ਦੀ ਰੱਖਿਆ ਲਈ ਦਿੱਲੀ 20 ਜੁਲਾਈ 1675 ਨੂੰ ਗਏ ਅਤੇ 15 ਸਤੰਬਰ 1675 ਨੂੰ ਉਨ੍ਹਾਂ ਨੂੰ ਆਗਰਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਜੇਲ੍ਹ ਵਿੱਚ ਗੁਰੂ ਜੀ ਨੇ 57 ਸਲੋਕਾਂ ਦੀ ਰਚਨਾ ਕੀਤੀ ਸੀ। ਗੁਰੂ ਜੀ ਨੇ ਭਾਈ ਜੈਤਾ ਦੇ ਹੱਥ ਉਹ 57 ਸਲੋਕ, ਪੰਜ ਪੈਸੇ, ਨਾਰੀਅਲ, ਗੁਰਿਆਈ ਹੁਕਮਨਾਮਾ ਆਨੰਦਪੁਰ ਸਾਹਿਬ ਭੇਜਿਆ ਸੀ। ਇੱਥੇ ਇਹ ਤੱਥ ਵੀ ਵਿਚਾਰਨਯੋਗ ਹੈ ਅਤੇ ਵਿਲੱਖਣ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਵਿੱਚ ਵੀ ਬਾਬਾ ਜੀਵਨ ਸਿੰਘ ਦੇ ਵਡਮੁੱਲੇ ਯੋਗਦਾਨ ਨੂੰ ਝੁਠਲਾਇਆ ਨਹੀਂ ਜਾ ਸਕਦਾ, ਕਿਉਂਕਿ ਬਾਬਾ ਜੀ ਹੀ ਉਹ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਨੌਵੇਂ ਗੁਰੂ ਦੀ ਇਲਾਹੀ ਬਾਣੀ ਨੂੰ ਦਸਵੇਂ ਗੁਰੂ ਤੱਕ ਪਹੁੰਚਾਇਆ ਸੀ, ਗੁਰੂ ਨੇ ਆਪ ਇਸ ਸੇਵਾ ਲਈ ਉਨ੍ਹਾਂ ਦੀ ਚੋਣ ਕੀਤੀ ਸੀ। ਇਸ ਤਰ੍ਹਾਂ ਉਹ ਤਿੰਨ ਗੁਰੂਆਂ- ਨੌਵੇਂ, ਦਸਵੇਂ ਤੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਿੱਧੇ ਤੌਰ 'ਤੇ ਜੁੜੇ ਰਹੇ ਹਨ।

ਉਸ ਵਕਤ ਜ਼ਾਲਮ ਸਰਕਾਰ ਦੱਬੇ-ਕੁਚਲੇ ਲੋਕਾਂ ਨੂੰ ਸਤਾਅ ਰਹੀ ਸੀ, ਜ਼ਬਰੀ ਧਰਮ ਪਰਿਵਰਤਨ ਕਰਾਉਣ ਅਤੇ ਉਨ੍ਹਾਂ ਦੀ ਪੱਤ ਰੋਲਣ ਕਾਰਨ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਨੇ ਗੁਰੂ ਤੇਗ ਬਹਾਦਰ ਜੀ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਨ੍ਹਾਂ ਦੇ ਧਰਮ ਅਤੇ ਸਵੈਮਾਣ ਦੀ ਰੱਖਿਆ ਹਿਤ, ਮਾਨਵਤਾ ਦੇ ਰਾਖੇ ਬਣ ਉੱਭਰੇ ਗੁਰੂ ਤੇਗ ਬਹਾਦਰ ਜੀ ਨੇ ਮੁਗ਼ਲ ਸਲਤਨਤ ਨੂੰ ਵੰਗਾਰਿਆ ਸੀ। ਮੁਗ਼ਲ ਹਕੂਮਤ ਉਨ੍ਹਾਂ ਨੂੰ ਕਰਾਮਾਤ ਦਿਖਾਉਣ ਜਾਂ ਦੀਨ ਕਬੂਲਣ ਦਾ ਦਬਾਅ ਪਾ ਰਹੀ ਸੀ। ਇਨ੍ਹਾਂ ਹਾਲਾਤ 'ਚ ਆਪਣੇ ਧਰਮ ਵਿੱਚ ਪਰਿਪੱਕ ਰਹਿਣ ਕਾਰਨ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੈਅ ਸੀ। ਗੁਰੂ ਸਾਹਿਬ ਦੇ ਪਾਵਨ ਸਰੀਰ ਦੇ ਸਸਕਾਰ ਦਾ ਕਾਰਜ ਦਾ ਜ਼ਿੰਮਾ ਭਾਈ ਜੈਤਾ ਨੇ ਆਪਣੇ ਪਿਤਾ ਸਦਾ ਨੰਦ, ਤਾਇਆ ਆਗਿਆ ਰਾਮ, ਭਾਈ ਊਦਾ, ਭਾਈ ਨਨੂੰਆਂ ਤੇ ਭਾਈ ਗੁਰਬਖ਼ਸ਼ਾ ਨਾਲ ਮਿਲ ਕੇ ਉਠਾਇਆ ਸੀ, ਕਿਉਂਕਿ ਸ਼ਹੀਦੀ ਵਕਤ ਇਹ ਸਾਰੇ ਦਿੱਲੀ ਵਿੱਚ ਮੌਜੂਦ ਸਨ।





ਅਨੇਕਾਂ ਵਿਦਵਾਨਾਂ ਅਨੁਸਾਰ 11 ਨਵੰਬਰ 1675 ਈ. ਨੂੰ ਜਦ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਬਾਬਾ ਜੀ ਨੇ ਮੁਗਲਾਂ ਦੇ ਸਖ਼ਤ ਪਹਿਰੇ ਅਤੇ ਮੀਂਹ ਝੱਖੜ ਦੇ ਬਾਵਜੂਦ ਆਪਣੇ ਜ਼ਿੰਮੇ ਕਾਰਜ ਨੂੰ ਸਫ਼ਲਤਾਪੂਰਵਕ ਅੰਜਾਮ ਦਿੱਤਾ ਸੀ। ਕਈ ਨਾਮਵਰ ਇਤਿਹਾਸਕਾਰਾਂ ਵੱਲੋਂ ਇਤਿਹਾਸਕ ਖੋਜ ਦੇ ਆਧਾਰ 'ਤੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਬਾਬਾ ਜੀ ਨੇ ਨੌਵੇਂ ਗੁਰੂ ਦੇ ਸੀਸ ਅਤੇ ਧੜ ਨੂੰ ਚਾਂਦਨੀ ਚੌਂਕ 'ਚੋਂ ਚੁੱਕਣ ਲਈ ਆਪਣੇ ਪਿਤਾ ਜੀ ਦੇ ਹੁਕਮ ਨਾਲ ਵੱਡਾ ਜਿਗਰਾ ਕਰਕੇ ਆਪਣੇ ਹੱਥੀਂ ਆਪਣੇ ਸਤਿਕਾਰਯੋਗ ਪਿਤਾ ਨੂੰ ਸ਼ਹੀਦ ਕੀਤਾ ਅਤੇ ਫਿਰ ਬੜੀ ਸੂਝਬੂਝ ਤੇ ਚਤੁਰਤਾ ਨਾਲ ਆਪਣੇ ਪਿਤਾ ਜੀ ਦੇ ਸੀਸ ਅਤੇ ਧੜ ਨਾਲ ਗੁਰੂ ਜੀ ਦਾ ਸੀਸ ਤੇ ਧੜ ਬਦਲੀ ਕੀਤਾ ਸੀ। ਗੁਰੂ ਜੀ ਦੇ ਧੜ ਦਾ ਸਸਕਾਰ ਭਾਈ ਨਨੂੰਆਂ ਜੀ ਨੇ ਭਾਈ ਕਲਿਆਣਾ ਜੀ ਦੇ ਨਾਂ 'ਤੇ ਬਣੀ ਧਰਮਸ਼ਾਲਾ ਦੇ ਇੱਕ ਕਮਰੇ ਨੂੰ ਅੱਗ ਲਗਾ ਕੇ ਕੀਤਾ ਸੀ।

ਭਾਈ ਜੈਤਾ (ਬਾਬਾ ਜੀਵਨ ਸਿੰਘ) ਮੀਂਹ ਝੱਖੜ ਅਤੇ ਬਿਖੜੇ ਪੈਂਡੇ ਨੂੰ ਪਾਰ ਕਰਦੇ ਹੋਏ ਦਿੱਲੀ ਤੋਂ ਨੌਵੇਂ ਪਾਤਸ਼ਾਹ ਦਾ ਸੀਸ ਲੈ ਕੇ ਕੀਰਤਪੁਰ ਸਾਹਿਬ ਪਹੁੰਚੇ ਸਨ। ਬਾਲ ਗੋਬਿੰਦ ਰਾਏ ਨੇ ਅਨੰਦਪੁਰ ਸਾਹਿਬ ਤੋਂ ਆ ਕੇ ਉੱਥੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਪ੍ਰਾਪਤ ਕੀਤਾ ਸੀ। ਚਾਹੇ ਬਾਲ ਗੁਰੂ ਗੋਬਿੰਦ ਰਾਏ ਇਸ ਗੱਲ ਤੋਂ ਭਲੀ ਭਾਂਤੀ ਜਾਣੂ ਸਨ, ਪਰ ਜਦੋਂ ਗੁਰੂ ਸਾਹਿਬ ਦੇ ਕਹਿਣ 'ਤੇ ਸੰਗਤ ਨੂੰ ਇਹ ਵਾਰਤਾ ਬਾਬਾ ਜੀਵਨ ਸਿੰਘ ਨੇ ਦੱਸੀ ਕਿ ਮੈਂ ਤੁਹਾਡੇ ਗੁਰੂ ਪਿਤਾ ਦਾ ਸੀਸ ਤੇ ਧੜ ਚੁੱਕਣ ਲਈ ਆਪਣੇ ਪਿਤਾ (ਭਾਈ ਸਦਾ ਨੰਦ) ਦਾ ਆਪਣੇ ਹੱਥੀਂ ਉਨ੍ਹਾਂ ਦਾ ਬਲੀਦਾਨ ਦੇ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਹੈ। ਭਾਈ ਜੈਤਾ ਦੇ ਇਸ ਬਹਾਦਰੀ ਭਰੇ ਕਾਰਨਾਮੇ ਅਤੇ ਗੁਰੂ ਘਰ ਪ੍ਰਤੀ ਅਨੰਤ ਸ਼ਰਧਾ ਤੋਂ ਪ੍ਰਭਾਵਿਤ ਹੋ ਕੇ ਦਸਮ ਪਿਤਾ ਨੇ ਉਨ੍ਹਾਂ ਨੂੰ ਗਲ ਨਾਲ ਲਗਾਇਆ ਤੇ ਕਿਹਾ 'ਜੈਤਿਆ ਇਹ ਨਾ ਸਮਝੀਂ ਕਿ ਹੁਣ ਤੇਰੇ ਸਿਰ 'ਤੇ ਬਾਪ ਦਾ ਸਾਇਆ ਨਹੀਂ ਰਿਹਾ, ਤੂੰ ਤੇ ਗੁਰੂ ਖ਼ਾਤਰ ਆਸਥਾ ਦੇ ਪੰਧ 'ਤੇ ਚਲਦਿਆਂ ਉਹ ਕਰ ਦਿਖਾਇਆ, ਜੋ ਲ਼ਾਸਾਨੀ ਹੈ ਤੇ ਅਜਿਹੀ ਮਿਸਾਲ ਕਿਧਰੇ ਵੀ ਨਹੀਂ ਮਿਲਦੀ।' ਫਿਰ ਗੁਰੂ ਗੋਬਿੰਦ ਸਿੰਘ ਨੇ ਸੰਗਤ ਦੇ ਇਕੱਠ ਵਿੱਚ 'ਰੰਘਰੇਟੇ ਗੁਰੂ ਕੇ ਬੇਟੇ' ਸਤਿਕਾਰਤ ਖ਼ਿਤਾਬ ਨਾਲ ਬਾਬਾ ਜੀ ਨੂੰ ਨਿਵਾਜਿਆ ਸੀ।

ਬਾਬਾ ਜੀ ਦੀ ਬਹਾਦਰੀ ਤੇ ਸੂਝਬੂਝ ਤੋਂ ਗੁਰੂ ਜੀ ਜਾਣੂ ਸਨ, ਜਿਸ ਕਾਰਨ ਉਨ੍ਹਾਂ ਨੂੰ ਫੌਜ ਦਾ ਜਰਨੈਲ ਨਿਯੁਕਤ ਕੀਤਾ ਗਿਆ। ਸੁਰੱਖਿਆ ਦੇ ਮਾਮਲੇ 'ਚ ਉਹ ਉੱਚ ਕੋਟੀ ਦੇ ਨੀਤੀਵਾਨ ਸਨ, ਯੁੱਧ ਖੇਤਰ ਦੀ ਵਿਉਂਤਬੰਦੀ ਵਿੱਚ ਉਹ ਮਾਹਿਰ ਸਨ। ਬਾਬਾ ਜੀ ਇੱਕੋ ਸਮੇਂ ਦੋਵਾਂ ਹੱਥਾਂ ਨਾਲ ਤਲਵਾਰ ਅਤੇ ਬੰਦੂਕ ਚਲਾਉਣ ਵਿੱਚ ਪ੍ਰਬੀਨ ਸਨ। ਸ਼ਸਤਰ ਵਿੱਦਿਆ ਵਿੱਚ ਕੋਈ ਵੀ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਇਸੇ ਕਰਕੇ ਉਨ੍ਹਾਂ ਨੂੰ ਦੋਵੇਂ ਵੱਡੇ ਸਾਹਿਬਜ਼ਾਦਿਆਂ ਨੂੰ ਸ਼ਸਤਰਬਾਜੀ ਸਿਖਾਉਣ ਦਾ ਕੰਮ ਸੌਂਪਿਆ ਗਿਆ, ਜਿਸ ਕਰਕੇ ਉਨ੍ਹਾਂ ਦਾ ਸਾਹਿਬਜ਼ਾਦਿਆਂ ਨਾਲ ਅਤਿਅੰਤ ਮੋਹ ਸੀ। ਇਸ ਤੋਂ ਇਲਾਵਾ ਉਹ ਉੱਚ ਕੋਟੀ ਦੇ ਲੇਖਕ ਵੀ ਸਨ, ਉਨ੍ਹਾਂ ਦੁਆਰਾ ਰਚਿਤ ਸ਼੍ਰੀ ਗੁਰ ਕਥਾ ਅੱਵਲ ਦਰਜੇ ਦੀ ਰਚਨਾ ਹੈ।

ਆਪਣੇ ਜੀਵਨ ਕਾਲ ਦੌਰਾਨ ਦੱਬੇ-ਕੁਚਲੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਅਤੇ ਧਰਮ ਹਿਤ ਗੁਰੂ ਸਾਹਿਬ ਜੀ ਨੂੰ ਜਿੰਨੀਆਂ ਲੜਾਈਆਂ ਲੜਨੀਆਂ ਪਈਆਂ, ਉਨ੍ਹਾਂ ਵਿੱਚ ਭਾਈ ਜੈਤਾ ਨੇ ਦਸ਼ਮੇਸ਼ ਪਿਤਾ ਦਾ ਡਟ ਕੇ ਸਾਥ ਦਿੱਤਾ ਅਤੇ ਜਿੱਤ ਪ੍ਰਾਪਤ ਕੀਤੀ। ਸਰਸਾ ਨਦੀ 'ਤੇ ਗੁਰੂ ਜੀ ਦੇ ਪਰਿਵਾਰ ਵਿਛੋੜੇ ਸਮੇਂ ਬਾਬਾ ਜੀ ਚਾਲੀ ਸਿੰਘਾਂ ਸਮੇਤ ਗੁਰੂ ਜੀ ਨਾਲ ਚਮਕੌਰ ਦੀ ਗੜ੍ਹੀ 'ਚ ਆ ਗਏ। ਇਸ ਜੰਗ ਦੌਰਾਨ ਬਾਬਾ ਜੀ ਦੇ ਪਰਿਵਾਰ ਦੇ ਬਹੁਤੇ ਜੀਅ ਸ਼ਹਾਦਤ ਦਾ ਜਾਮ ਪੀ ਗਏ ਸਨ। ਉਨ੍ਹਾਂ ਦੇ ਸਹੁਰਾ ਸਾਹਿਬ ਵੀ ਜ਼ਾਬਰ ਨਾਲ ਲੋਹਾ ਲੈਂਦਿਆਂ ਸ਼ਹੀਦ ਹੋ ਗਏ ਸਨ। ਮੁਗ਼ਲ ਫੌਜ਼ ਦਾ ਟਿੱਡੀ ਦਲ ਪਿੱਛਾ ਕਰਦਾ ਹੋਇਆ ਮਗਰ ਆ ਗਿਆ ਤੇ ਗੜ੍ਹੀ ਨੂੰ ਘੇਰਾ ਪੈ ਗਿਆ। 1704 ਈ. ਦੀ ਚਮਕੌਰ ਦੀ ਗੜ੍ਹੀ ਦੀ ਜੰਗ ਦਾ ਇਤਿਹਾਸ ਵਿੱਚ ਅਹਿਮ ਸਥਾਨ ਹੈ, ਕਿਉਂਕਿ ਇੱਕ ਪਾਸੇ ਭੁੱਖੇ ਪਿਆਸੇ ਚਾਲੀ ਸਿੰਘ, ਦੂਜੇ ਪਾਸੇ ਭਾਰੀ ਤਾਦਾਦ ਵਿੱਚ ਮੁਗ਼ਲ ਫੌਜ। ਪੰਜ-ਪੰਜ ਦੇ ਜਥੇ ਬਣਾ ਕੇ ਸਿੰਘ ਗੜ੍ਹੀ 'ਚੋਂ ਬਾਹਰ ਨਿਕਲਦੇ ਅਤੇ ਮੁਗ਼ਲ ਫੌਜ਼ ਉੱਤੇ ਬਿਜਲੀ ਵਾਂਗ ਟੁੱਟ ਪੈਂਦੇ ਤੇ ਆਖ਼ਰ ਸ਼ਹੀਦ ਹੋ ਜਾਂਦੇ। ਇੱਥੇ ਹੀ ਗੁਰੂ ਜੀ ਦੇ ਸਾਹਮਣੇ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਸਨ। ਬਾਕੀ ਬਚੇ ਕੁਝ ਸਿੰਘਾਂ ਦੇ ਜ਼ਿਆਦਾ ਜ਼ੋਰ ਪਾਉਣ 'ਤੇ ਗੁਰੂ ਜੀ ਨੇ ਗੜ੍ਹੀ ਛੱਡੀ।

ਕੁਝ ਇਤਿਹਾਸਕਾਰਾਂ ਅਨੁਸਾਰ ਬਾਬਾ ਜੀਵਨ ਸਿੰਘ ਚਮਕੌਰ ਦੀ ਗੜ੍ਹੀ ਦੇ ਆਖਰੀ ਸ਼ਹੀਦ ਸਨ। ਗੁਰੂ ਜੀ ਨੇ ਆਪਣੀ ਪੁਸ਼ਾਕ, ਕਲਗ਼ੀ ਬਾਬਾ ਜੀਵਨ ਸਿੰਘ ਨੂੰ ਬਖਸ਼ੀ ਸੀ। ਬਾਬਾ ਜੀ ਨੂੰ ਕਲਗ਼ੀ ਬਖਸ਼ਣ ਬਾਰੇ ਗੁਰੂ ਜੀ ਦੇ ਦਰਬਾਰੀ ਕਵੀ ਕੰਕਣ ਨੇ ਇਉਂ ਬਿਆਨ ਕੀਤਾ ਹੈ, "ਨਿਜ ਕਲਗ਼ੀ ਸਿਰ ਦਈ ਸਜਾਇ। ਦਈ ਪੁਸ਼ਾਕ ਅਪਨੀ ਪਹਿਰਾਇ। ਜੀਵਨ ਸਿੰਘ ਕੋ ਬੁਰਜ ਬਿਠਾਇ। ਤਜ ਗੜ੍ਹੀ ਗੁਰੂ ਗੋਬਿੰਦ ਸਿੰਘ ਜਾਇ।' 22-23 ਦਸੰਬਰ 1704 ਦੀ ਰਾਤ ਅਤੇ ਦਿਨ ਚੜ੍ਹਦੇ ਤੱਕ ਬਾਬਾ ਜੀ ਆਖ਼ਰੀ ਦਮ ਤੱਕ ਦੁਸ਼ਮਣਾਂ ਨਾਲ ਲੋਹਾ ਲੈਂਦੇ ਰਹੇ ਤੇ ਮੁਗ਼ਲ ਫੌਜ ਨੂੰ ਇਹੀ ਭੁਲੇਖਾ ਪਾਈ ਰੱਖਿਆ ਕਿ ਗੁਰੂ ਜੀ ਗੜ੍ਹੀ 'ਚ ਮੌਜੂਦ ਹਨ। ਆਖ਼ਰ ਬਾਬਾ ਜੀ ਸ਼ਹਾਦਤ ਦਾ ਜਾਮ ਪੀ ਗਏ। ਮੁਗ਼ਲ ਫੌਜ ਬਾਬਾ ਜੀ ਦੇ ਸੀਸ 'ਤੇ ਗੁਰੂ ਜੀ ਵਾਲੀ ਕਲਗ਼ੀ ਵੇਖ ਕੇ ਭੁਲੇਖਾ ਖਾ ਗਈ ਕਿ ਇਹ ਸੀਸ ਗੁਰੂ ਗੋਬਿੰਦ ਸਿੰਘ ਜੀ ਦਾ ਹੈ। ਜਦ ਬਾਅਦ 'ਚ ਪਤਾ ਲੱਗਾ ਕਿ ਇਹ ਸੀਸ ਤਾਂ ਗੁਰੂ ਜੀ ਦੇ ਮਰਜੀਵੜੇ ਸਿੱਖ ਭਾਈ ਜੀਵਨ ਸਿੰਘ ਦਾ ਹੈ ਤਾਂ ਉਹ ਦਿੱਲੀ ਦਰਬਾਰ 'ਚ ਬਹੁਤ ਸ਼ਰਮਸਾਰ ਹੋਏ।

ਬਾਬਾ ਜੀ ਦੀ ਸ਼ਹੀਦੀ ਬਾਰੇ ਕਵੀ ਕੰਕਣ ਨੇ ਲਿਖਿਆ ਹੈ, 'ਅੰਤ ਅਕੇਲਾ ਗੜ੍ਹੀ ਮੇਂ ਬੰਦੂਕੀ ਪ੍ਰਬੀਨ, ਜੀਵਨ ਸਿੰਘ ਰੰਘਰੇਟੜੋ ਜੋ ਜੂਝ ਗਿਉ ਸੰਗਦੀਨ।' ਕੁਝ ਹੋਰ ਲੇਖਕਾਂ ਜਿਵੇਂ ਬਲਦੇਵ ਸਿੰਘ ਸੜਕਨਾਮਾ ਦਾ ਚਰਚਿਤ ਨਾਵਲ 'ਪੰਜਵਾਂ ਸਾਹਿਬਜ਼ਾਦਾ', ਬਲਵੀਰ ਸਿੰਘ ਮੰਡੇਰ ਦੁਆਰਾ ਰਚਿਤ ਮਹਾਂਕਾਵਿ 'ਅਦੁੱਤੀ ਜਰਨੈਲ ਭਾਈ ਜੈਤਾ ਜੀ', ਭਾਈ ਜਸਵੰਤ ਸਿੰਘ ਦੀ ਖੋਜ ਆਧਾਰਤ ਕਿਤਾਬ 'ਗੁਰੂ ਕੇ ਬੇਟੇ' ਅਜੋਕੇ ਸਮੇਂ ਦੇ ਇਤਿਹਾਸਕ ਦਸਤਾਵੇਜ਼ ਹਨ, ਜਿਨ੍ਹਾਂ ਨੂੰ ਵਾਚਣਾ ਬੇਹੱਦ ਜ਼ਰੂਰੀ ਹੈ। 'ਪੰਜਵਾਂ ਸਾਹਿਬਜ਼ਾਦਾ' ਨਾਵਲ ਦਾ ਹਿੰਦੀ ਅਨੁਵਾਦ ਵੀ ਉਪਲਬਧ ਹੋ ਚੁੱਕਾ ਹੈ। ਇਸ ਨਾਵਲ ਦੇ ਨਾਲ ਹੋਰ ਸਹਾਇਕ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਵੀ ਕਿਸੇ ਚੰਗੇ ਅਨੁਵਾਦਕ ਤੋਂ ਕਰਾਉਣਾ ਚਾਹੀਦਾ ਹੈ ਤਾਂ ਜੋ ਸਾਰਾ ਸੰਸਾਰ ਬਾਬਾ ਜੀ ਦੇ ਲਾਸਾਨੀ ਇਤਿਹਾਸ ਨੂੰ ਜਾਣ ਸਕੇ। ਇਹ ਵਡੇਰੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚੁੱਕਣੀ ਚਾਹੀਦੀ ਹੈ। ਉਪਰੋਕਤ ਪੁਸਤਕਾਂ ਤੋਂ ਇਲਾਵਾ ਅਨੇਕਾਂ ਸ਼ਖ਼ਸੀਅਤਾਂ ਨੇ ਬਾਬਾ ਜੀਵਨ ਸਿੰਘ ਦੀ ਲਾਸਾਨੀ ਕੁਰਬਾਨੀ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਅਣਥੱਕ ਯਤਨ ਕੀਤੇ ਹਨ, ਜੋ ਅੱਜ ਜਾਰੀ ਵੀ ਹਨ।

ਸਿੱਖ ਇਤਿਹਾਸ ਦਾ ਇਹ ਮਹਾਨ ਯੋਧਾ ਅਤੇ ਅਦੁੱਤੀ ਜਰਨੈਲ ਅਜੇ ਵੀ ਸਿੱਖ ਕੌਮ ਵੱਲੋਂ ਅਣਗੌਲਿਆ ਹੈ। ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਹਾਰ ਅਜੇ ਵੀ ਇਸ ਯੋਧੇ ਪ੍ਰਤੀ ਉਦਾਸੀਨ ਹੈ। ਇਸ ਸੰਸਥਾ ਦੀ ਤਾਂ ਖ਼ਾਸ ਕਰਕੇ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕੌਮ ਦੇ ਇਸ ਅਨਮੋਲ ਹੀਰੇ ਦੇ ਸਨਮਾਨ ਵਿੱਚ ਸ਼ਾਨਦਾਰ ਯਾਦਗਾਰ ਦੇ ਨਾਲ ਕੋਈ ਵਿੱਦਿਅਕ ਸੰਸਥਾ ਜ਼ਰੂਰ ਖੋਲ੍ਹੇ। ਪੂਰੀ ਦੁਨੀਆ ਨੂੰ ਉਨ੍ਹਾਂ ਦੇ ਇਤਿਹਾਸ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਜਨਮ ਦਿਵਸ ਅਤੇ ਸ਼ਹਾਦਤ ਦਿਵਸ ਮੌਕੇ ਉਨ੍ਹਾਂ ਨੂੰ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਸਿੱਖ ਵਿਦਵਾਨਾਂ ਨੇ ਸਦਾ ਇਸ ਜਰਨੈਲ ਨਾਲ ਵਿਤਕਰਾ ਕੀਤਾ ਹੈ। ਬਹੁਤੇ ਲੋਕਾਂ ਵੱਲੋਂ ਇਸ ਮਹਾਨ ਜਰਨੈਲ ਨੂੰ ਇੱਕ ਫ਼ਿਰਕੇ ਨਾਲ ਜੋੜ ਕੇ ਦੇਖਣ ਦੀ ਮੰਦਭਾਗੀ ਪਿਰਤ ਨੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਬਾਬਾ ਜੀ ਨਾਲ ਸਬੰਧਤ ਯਾਦਗਾਰਾਂ ਦੀ ਸਾਂਭ-ਸੰਭਾਲ ਦੇ ਕੰਮ ਨੂੰ ਸਰਕਾਰ ਦੇ ਨਾਲ ਸਾਰੀ ਸਿੱਖ ਕੌਮ ਪਹਿਲ ਦੇ ਆਧਾਰ 'ਤੇ ਲੈਣ ਨੂੰ ਤਰਜੀਹ ਦੇਵੇ। ਉਨ੍ਹਾਂ ਦੇ ਸ਼ਾਨਾਂਮੱਤੇ ਇਤਿਹਾਸ ਅਤੇ ਪੰਥ ਨੂੰ ਜੋ ਦੇਣ ਹੈ, ਪਿੰਡਾਂ ਵਿੱਚ ਖ਼ਾਸ ਕਰਕੇ ਸਮੁੱਚੀ ਲੋਕਾਈ ਨੂੰ ਦੱਸਣ ਦੀ ਬਹੁਤ ਵੱਡੀ ਲੋੜ ਹੈ। ਸ਼ਹੀਦ ਸਭਨਾਂ ਦੇ ਸਾਂਝੇ ਹੁੰਦੇ ਹਨ ਤੇ ਸਮੁੱਚੀ ਕੌਮ ਦਾ ਅਨਮੋਲ ਸਰਮਾਇਆ ਹੁੰਦੇ ਹਨ। ਹੋਰਨਾਂ ਸ਼ਹੀਦਾਂ ਵਾਂਗ ਇਸ ਅਦੁੱਤੀ ਜਰਨੈਲ ਨੂੰ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ।

# ਸ਼ੇਰ-ਏ-ਪੰਜਾਬ

## ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ) ਵੱਲੋਂ ਸਮੂਹ ਖੇਡ ਪ੍ਰੇਮੀਆਂ, ਸਹਿਯੋਗੀਆਂ ਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਸਾਲ 2024 ਮੁਬਾਰਕ

ਨਵਾਂ ਵਰ੍ਹਾ ਸਭ ਲਈ ਖੁਸ਼ੀਆਂ ਤੇ ਖੇੜਿਆਂ ਨਾਲ ਭਰਪੂਰ ਹੋਵੇ

ਆਓ, ਆਪਣੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰੀਏ ਅਤੇ ਮਾਂ ਖੇਡ ਕਬੱਡੀ ਦੀ ਚੜ੍ਹਦੀ ਕਲਾ ਲਈ ਉਪਰਾਲੇ ਕਰੀਏ



Charanjit Singh Brar, Amrik Singh Tiwana, Harvinder Walia, Harinder Singh Kang, Gurpreet Singh Gill, Gurminder Sandhu, Palwinder Dhillon, Jaswant Singh Jassi, Vineet Gupta

Surjeet Singh Mavi, Amarjit Aggarwal, Pritampaul Singh, Paramjit Singh Garcha, Happy Matot, Narinder Pal Tatla, Gurnek Singh, Harvinder Kang Binda, Happy Mundi

Surinder Cheema, Sukhdev Singh Garcha, Surmukh Singh Kang, Pamma Dhilwan, Simranjit Malhi, Raj Sandhu, Surinder Pal, Guru Dharni, Goldi Mundi

## ਸ਼ੇਰ-ਏ-ਪੰਜਾਬ ਖੇਡ ਮੇਲਾ-12 (2023) ਦੇ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦਾ ਮੇਲੇ ਨੂੰ ਸਫਲ ਬਣਾਉਣ ਲਈ

# ਬਹੁਤ ਬਹੁਤ ਧੰਨਵਾਦ

# Sher-E-Punjab

Sports & Cultural Society Cincinnati (OHIO)

SHER-E-PUNJAB SPORTS & CULTURAL SOCIETY

WE SUPPORT OUR FARMERS NO FARMERS NO FOOD

**For More Information, Please contact at:**

**Sherepunjabsociety@gmail.com or www.sherepunjabcincy.com**